ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 33
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 3 February, 2026) ਮੰਗਲਵਾਰ, 3 ਫਰਵਰੀ, 2026, 21 ਮਾਘ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਜੰਮੂ-ਕਸ਼ਮੀਰ 'ਚ ਲੱਗੇ ਭੂਚਾਲ ਦੇ ਝਟਕੇ

ਸ੍ਰੀਨਗਰ , 2 ਫਰਵਰੀ (ਚ.ਨ.ਸ.):ਜੰਮੂ-ਕਸ਼ਮੀਰ ਦੇ ਬਾਰਾਮੂਲਾ ਵਿੱਚ ਅੱਜ ਸਵੇਰੇ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ 'ਤੇ ਇਸ ਦੀ ਤੀਬਰਤਾ 4.6 ਮਾਪੀ ਗਈ। ਭੂ-ਵਿਗਿਆਨੀਆਂ ਨੇ ਦੱਸਿਆ ਕਿ ਭੂਚਾਲ ਸਵੇਰੇ 5:35 ਵਜੇ ਆਇਆ, ਜਿਸ ਕਾਰਨ ਇਲਾਕੇ ਦੇ ਵਸਨੀਕਾਂ ਵਿੱਚ ਦਹਿਸ਼ਤ ਫੈਲ ਗਈ ਤੇ ਡਰਦੇ ਆਪਣੇ ਘਰਾਂ ਵਿਚੋਂ ਬਾਹਰ ਆ ਗਏ। ਵਿਗਿਆਨੀਆਂ ਨੇ ਦੱਸਿਆ ਕਿ ਭੂਚਾਲ ਦਾ ਕੇਂਦਰ ਬਾਰਾਮੂਲਾ ਜ਼ਿਲ੍ਹੇ ਦੇ ਪੱਟਨ ਖੇਤਰ ਵਿੱਚ ਸੀ। ਉਨ੍ਹਾਂ ਕਿਹਾ ਕਿ ਭੂਚਾਲ ਦੇ ਝਟਕੇ ਇੰਨੇ ਤੇਜ਼ ਸਨ ਕਿ ਉਨ੍ਹਾਂ ਨੂੰ ਉੱਤਰੀ ਭਾਰਤ ਦੇ ਹੋਰ ਰਾਜਾਂ ਵਿੱਚ ਵੀ ਮਹਿਸੂਸ ਕੀਤਾ ਗਿਆ। ਰਾਹਤ ਦੀ ਗੱਲ ਹੈ ਕਿ ਇਸ ਭੂਚਾਲ ਕਾਰਨ ਕਿਸੇ (ਬਾਕੀ ਸਫਾ 2 'ਤੇ)






### ਨੈਸ਼ਨਲ ਡਿਫੈਂਸ ਕਾਲਜ ਦੇ ਵਫ਼ਦ ਵੱਲੋਂ ਮੁੱਖ ਮੰਤਰੀ ਨਾਲ ਮੁਲਾਕਾਤ

## ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਲਈ ਕੁਰਬਾਨੀਆਂ ਦੇਣ 'ਚ ਹਮੇਸ਼ਾ ਮੋਹਰੀ ਰਿਹੈ ਪੰਜਾਬ: ਮਾਨ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 2 ਫਰਵਰੀ: ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਦੇ ਇੱਕ ਵਫ਼ਦ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਮੁੱਖ ਮੰਤਰੀ ਨੇ ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਵਿੱਚ ਸੂਬੇ ਦੇ ਬੇਮਿਸਾਲ ਯੋਗਦਾਨ, ਬਹਾਦਰੀ ਅਤੇ ਭਾਈਚਾਰਕ ਸਾਂਝ, ਸ਼ਾਨਾਮੱਤੀ ਵਿਰਾਸਤ ਅਤੇ ਭਾਰਤ ਦੀ ਖੜਗਭੁਜਾ ਅਤੇ ਅੰਨਦਾਤੇ ਵਜੋਂ ਪੰਜਾਬ ਦੇ ਵਡਮੁੱਲੇ ਯੋਗਦਾਨ ਦਾ ਜ਼ਿਕਰ ਕੀਤਾ।

ਅੱਜ ਇੱਥੇ ਨੈਸ਼ਨਲ ਡਿਫੈਂਸ ਕਾਲਜ ਦੇ ਵਫ਼ਦ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਜਾਂਬਾਜ਼ ਫੌਜੀ ਅਫ਼ਸਰ ਅਤੇ ਬਹਾਦਰ ਜਵਾਨ ਦਿੱਤੇ ਹਨ, ਜਿਨ੍ਹਾਂ ਨੇ ਹਮੇਸ਼ਾ ਮੂਹਰੇ ਹੋ ਕੇ ਦੇਸ਼ ਲਈ (ਬਾਕੀ ਸਫਾ 2 'ਤੇ)

### ਰਾਹੁਲ ਦੇ ਭਾਸ਼ਣ 'ਤੇ ਹੰਗਾਮਾ

# ਸੰਸਦ ਦੀ ਕਾਰਵਾਈ ਪੂਰੇ ਦਿਨ ਲਈ ਠੱਪ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 2 ਫਰਵਰੀ :ਲੋਕ ਸਭਾ 'ਚ ਸੋਮਵਾਰ ਨੂੰ ਰਾਹੁਲ ਗਾਂਧੀ ਦੇ ਭਾਸ਼ਣ ਦੌਰਾਨ ਜ਼ੋਰਦਾਰ ਹੰਗਾਮਾ ਹੋਇਆ। ਰਾਹੁਲ ਨੇ ਸਾਬਕਾ ਆਰਮੀ ਚੀਫ਼ ਜਨਰਲ ਨਰਵਣੇ ਦੀ ਅਣਪਬਲਿਸ਼ਡ ਕਿਤਾਬ ਦਾ ਹਵਾਲਾ ਦਿੰਦੇ ਹੋਏ ਕਿਹਾ,"ਡੋਕਲਾਮ 'ਚ 4 ਚੀਨੀ ਟੈਂਕ ਭਾਰਤ ਦੀ ਸਰਹੱਦ 'ਚ ਪਹੁੰਚ ਗਏ ਸਨ।" ਰਾਹੁਲ ਦੇ ਅਜਿਹਾ ਕਹਿੰਦੇ ਹੀ ਪਹਿਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਫਿਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਨ੍ਹਾਂ ਨੂੰ ਟੋਕਿਆ। ਇਸ ਤੋਂ ਬਾਅਦ ਸਪੀਕਰ ਨੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਰੋਕਿਆ। ਰਾਹੁਲ ਕਰੀਬ 46 ਮਿੰਟਾਂ ਤੱਕ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦੇ ਰਹੇ। ਇਸ ਤੋਂ ਬਾਅਦ ਸਪੀਕਰ ਨੇ ਲੋਕ ਸਭਾ ਦੀ ਕਾਰਵਾਈ 3 ਵਜੇ ਤੱਕ ਮੁਲਤਵੀ ਕਰ ਦਿੱਤੀ। ਦੁਪਹਿਰ 3 ਵਜੇ ਲੋਕ ਸਭਾ ਦੀ ਕਾਰਵਾਈ ਮੁੜ ਸ਼ੁਰੂ ਹੁੰਦੇ ਹੀ ਰਾਹੁਲ ਨੇ ਬੋਲਣਾ ਸ਼ੁਰੂ ਕੀਤਾ ਪਰ ਹੰਗਾਮੇ ਕਾਰਨ ਸਿਰਫ਼ 9 ਮਿੰਟਾਂ ਬਾਅਦ ਹੀ ਕਾਰਵਾਈ ਸ਼ਾਮ 4 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਸ਼ਾਮ 4 ਵਜੇ ਵੀ ਕਾਰਵਾਈ ਸ਼ੁਰੂ ਹੁੰਦੇ ਹੀ ਮੁੜ ਹੰਗਾਮਾ ਹੋਇਆ ਅਤੇ 11 ਮਿੰਟਾਂ ਬਾਅਦ ਕਾਰਵਾਈ ਮੰਗਲਵਾਰ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।



### ਰਾਹੁਲ ਨੇ ਸਦਨ ਦਾ ਸਮਾਂ ਕੀਤਾ ਬਰਬਾਦ: ਰਿਜਿਜੂ

ਨਵੀਂ ਦਿੱਲੀ , 2 ਫਰਵਰੀ (ਚ.ਨ.ਸ.): ਲੋਕ ਸਭਾ 'ਚ ਸੋਮਵਾਰ ਨੂੰ ਉਸ ਸਮੇਂ ਭਾਰੀ ਹੰਗਾਮਾ ਹੋਇਆ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਾਬਕਾ ਫੌਜ ਮੁਖੀ ਜਨਰਲ ਐੱਮ.ਐੱਮ. ਨਰਵਣੇ (ਸੇਵਾਮੁਕਤ) ਦੀ ਇਕ ਅਣਪ੍ਰਕਾਸ਼ਿਤ ਕਿਤਾਬ ਦਾ ਹਵਾਲਾ ਦੇਣ ਦੀ ਕੋਸ਼ਿਸ਼ ਕੀਤੀ। ਇਸ ਕਾਰਨ ਸਦਨ ਦੀ ਕਾਰਵਾਈ 'ਚ ਵਿਘਨ ਪਿਆ ਅਤੇ ਕਾਰਵਾਈ ਨੂੰ ਸ਼ਾਮ 4 ਵਜੇ ਤੱਕ ਮੁਲਤਵੀ ਕਰਨਾ ਪਿਆ। ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਰਾਹੁਲ ਗਾਂਧੀ 'ਤੇ ਤਿੱਖਾ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਪੀਕਰ ਦੇ ਫੈਸਲੇ ਦੀ ਉਲੰਘਣਾ (ਬਾਕੀ ਸਫਾ 2 'ਤੇ)

### ਟੀ.ਐਮ.ਸੀ. ਵੱਲੋਂ ਰਾਜ ਸਭਾ 'ਚੋਂ ਵਾਕਆਊਟ

ਨਵੀਂ ਦਿੱਲੀ, 2 ਫਰਵਰੀ (ਚ.ਨ.ਸ.): ਤ੍ਰਿਣਮੂਲ ਕਾਂਗਰਸ (ਟੀਐਮਸੀ) ਦੇ ਸੰਸਦ ਮੈਂਬਰਾਂ ਨੇ ਪੱਛਮੀ ਬੰਗਾਲ ਲਈ ਕੇਂਦਰ ਸਰਕਾਰ ਵੱਲੋਂ ਬਕਾਇਆ ਫੰਡ ਜਾਰੀ ਨਾ ਕਰਨ 'ਤੇ ਰਾਜ ਸਭਾ ਵਿੱਚ ਵਿਰੋਧ ਜ਼ਾਹਰ ਕੀਤਾ ਅਤੇ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਵਾਕਆਊਟ ਕਰ ਦਿੱਤਾ। ਵਾਕਆਊਟ ਤੋਂ ਬਾਅਦ ਟੀਐਮਸੀ ਦੀ ਰਾਜ ਸਭਾ ਵਿੱਚ ਉਪ ਆਗੂ ਸਾਗਰਿਕਾ ਘੋਸ਼ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਨੇ ਪੱਛਮੀ ਬੰਗਾਲ ਨੂੰ ਵੱਖ-ਵੱਖ ਯੋਜਨਾਵਾਂ ਤਹਿਤ ਲਗਪਗ 2 ਲੱਖ ਕਰੋੜ ਰੁਪਏ ਦੀ ਰਕਮ ਦੇਣੀ ਹੈ। ਉਨ੍ਹਾਂ ਕਿਹਾ (ਬਾਕੀ ਸਫਾ 2 'ਤੇ)

### ਸਾਂਸਦ ਅੰਮ੍ਰਿਤਪਾਲ ਸਿੰਘ ਦੀ ਸੰਸਦ 'ਚ ਹਾਜ਼ਰੀ ਦੇ ਮਾਮਲੇ 'ਤੇ ਸਰਕਾਰ ਚੁੱਪ



ਚੰਡੀਗੜ੍ਹ, 2 ਫਰਵਰੀ (ਚ.ਨ.ਸ.): ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਰਕਾਰ ਦੇ ਕੰਮਕਾਜ ਬਾਰੇ ਸਵਾਲ ਉਠਾਏ ਗਏ, ਜਦੋਂ ਅਦਾਲਤ ਨੂੰ ਦੱਸਿਆ ਗਿਆ ਕਿ ਰਾਜ ਸਰਕਾਰ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਦੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਜਾਂ ਨਾ ਦੇਣ ਬਾਰੇ ਅਜੇ ਤੱਕ ਕੋਈ ਰਸਮੀ ਹੁਕਮ ਪਾਸ ਨਹੀਂ ਕੀਤਾ ਹੈ। ਇਹ ਜਾਣਕਾਰੀ ਵਧੀਕ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਦੇ ਸਾਹਮਣੇ ਉਦੋਂ ਦਿੱਤੀ, ਜਦੋਂ ਅਦਾਲਤ (ਬਾਕੀ ਸਫਾ 2 'ਤੇ)

## ਪੰਜਾਬ 'ਚ ਸੀਤ ਲਹਿਰ ਜਾਰੀ !

### ਬਠਿੰਡਾ 6.2 ਡਿਗਰੀ ਨਾਲ ਰਿਹਾ ਸਭ ਤੋਂ ਠੰਢਾ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 2 ਫਰਵਰੀ: ਪੰਜਾਬ ਤੇ ਹਰਿਆਣਾ ਦੇ ਕਈ ਇਲਾਕਿਆਂ ਵਿੱਚ ਸੋਮਵਾਰ ਨੂੰ ਸੀਤ ਲਹਿਰ ਦਾ ਕਹਿਰ ਜਾਰੀ ਰਿਹਾ। ਮੌਸਮ ਵਿਭਾਗ ਦੇ ਅਨੁਸਾਰ, ਖੇਤਰ ਵਿੱਚ ਘੱਟੋ-ਘੱਟ ਤਾਪਮਾਨ ਆਮ ਦੇ ਕਰੀਬ ਦਰਜ ਕੀਤਾ ਗਿਆ ਹੈ। ਪੰਜਾਬ ਵਿੱਚ ਰਾਤਾਂ ਕਾਫੀ ਠੰਢੀਆਂ ਰਹੀਆਂ। ਬਠਿੰਡਾ 'ਚ ਰਾਤ ਸਭ ਤੋਂ ਠੰਢੀ ਰਹੀ ਅਤੇ ਤਾਪਮਾਨ 6.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਫਰੀਦਕੋਟ 'ਚ ਘੱਟੋ-ਘੱਟ ਤਾਪਮਾਨ 6.8 ਡਿਗਰੀ ਸੈਲਸੀਅਸ ਰਿਹਾ। ਅੰਮ੍ਰਿਤਸਰ ਵਿੱਚ ਤਾਪਮਾਨ 7.4 ਡਿਗਰੀ ਅਤੇ ਪਠਾਨਕੋਟ ਵਿੱਚ 7.2 ਡਿਗਰੀ ਸੈਲਸੀਅਸ ਦਰਜ ਹੋਇਆ। ਲੁਧਿਆਣਾ ਵਿੱਚ ਤਾਪਮਾਨ 8.4 ਡਿਗਰੀ, ਹੁਸ਼ਿਆਰਪੁਰ ਵਿੱਚ 8.3 ਡਿਗਰੀ ਅਤੇ ਪਟਿਆਲਾ ਵਿੱਚ 9.4 ਡਿਗਰੀ ਸੈਲਸੀਅਸ ਰਿਹਾ। ਰਾਜਧਾਨੀ ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ 9.8 ਡਿਗਰੀ ਸੈਲਸੀਅਸ ਰਿਹਾ। ਮੌਸਮ ਵਿਭਾਗ ਦੇ ਅਨੁਸਾਰ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਬਠਿੰਡਾ, ਲੁਧਿਆਣਾ, (ਬਾਕੀ ਸਫਾ 2 'ਤੇ)

### 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਆਦੇਸ਼ ਜਾਰੀ

## ਜਾਂਚ ਮੁਕੰਮਲ ਹੋਣ ਤੱਕ ਮਾਮਲੇ 'ਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਯਾਦਾ ਰੱਖੀ ਜਾਵੇ: ਗਿ. ਕੁਲਦੀਪ ਸਿੰਘ ਗੜਗੱਜ

ਬਬਲੂ ਮਹਾਜਨ

================

ਅੰਮ੍ਰਿਤਸਰ, 2 ਫਰਵਰੀ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਇੱਕ ਜ਼ਰੂਰੀ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ। ਜਾਰੀ ਕੀਤੇ ਗਏ ਆਦੇਸ਼ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ (ਬਾਕੀ ਸਫਾ 2 'ਤੇ)



### ਸ਼੍ਰੋਮਣੀ ਕਮੇਟੀ ਵੱਲੋਂ ਏ.ਆਈ. ਤਕਨੀਕ ਦੇ ਮਾਹਿਰਾਂ ਦੀ ਸਬ-ਕਮੇਟੀ ਗਠਿਤ

ਅੰਮ੍ਰਿਤਸਰ, 2 ਫਰਵਰੀ (ਚ.ਨ.ਸ.):ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਤਕਨੀਕ ਦੀ ਦੁਰਵਰਤੋਂ ਨਾਲ ਸਿੱਖ ਧਰਮ ਦੀ ਮਾਣ-ਮਰਯਾਦਾ ਦੇ ਖਿਲਾਫ਼ ਬਣ ਰਹੀਆਂ ਵੀਡੀਓ ਅਤੇ ਹੋਰ ਸਮੱਗਰੀ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਦੇ ਹੋਏ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਏ.ਆਈ. ਇੰਟਰਨੈੱਟ (ਬਾਕੀ ਸਫਾ 2 'ਤੇ)

## ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਮਿਲੀ ਜ਼ਮਾਨਤ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 2 ਫਰਵਰੀ : ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਅੱਜ ਜ਼ਮਾਨਤ ਦੇ ਦਿੱਤੀ। ਪੰਜਾਬ ਦੇ ਸਾਬਕਾ ਮੰਤਰੀ ਮਜੀਠੀਆ ਪਿਛਲੇ ਸੱਤ ਮਹੀਨਿਆਂ ਤੋਂ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਹਨ।



ਇਹ ਫੈਸਲਾ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮਜੀਠੀਆ ਦੇ ਹਾਲ ਹੀ ਵਿੱਚ ਕੀਤੇ ਦੌਰਿਆਂ ਤੋਂ ਬਾਅਦ ਆਇਆ ਹੈ।

ਇਸ ਵੇਲੇ ਮਜੀਠੀਆ ਦੀ ਰਿਹਾਈ ਨੂੰ ਪੰਜਾਬ ਦੇ ਰਾਜਨੀਤਕ ਹਲਕਿਆਂ ਵਿੱਚ ਅਹਿਮ ਪੱਖ ਤੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਅਗਲੇ ਸਾਲ ਸੂਬੇ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ।ਜਸਟਿਸ ਵਿਕਰਮ ਨਾਥ ਦੀ ਅਗਵਾਈ ਵਾਲੇ ਅਦਾਲਤ ਦੇ ਬੈਂਚ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਪੁੱਛਿਆ, 'ਤੁਸੀਂ ਉਸ ਨੂੰ ਜੇਲ੍ਹ ਅੰਦਰ ਕਿਉਂ ਰੱਖਣਾ ਚਾਹੁੰਦੇ ਹੋ।' ਅਦਾਲਤ ਨੇ ਅੱਜ ਇਹ ਵੀ ਨੋਟਿਸ ਲਿਆ ਕਿ ਮਜੀਠਿਆ ਪਿਛਲੇ ਸੱਤ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਸੁਪਰੀਮ ਕੋਰਟ ਵਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਮਜੀਠੀਆ ਦੀ ਪਟੀਸ਼ਨ 'ਤੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਪਹਿਲਾਂ ਨੋਟਿਸ ਜਾਰੀ ਕੀਤਾ ਗਿਆ ਸੀ।ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਮਜੀਠੀਆ ਨੂੰ (ਬਾਕੀ ਸਫਾ 2 'ਤੇ)

## ਐਸ.ਆਈ.ਆਰ. ਵਿਵਾਦ ਸੰਬਧੀ ਮਮਤਾ ਵੱਲੋਂ ਸੁਪਰੀਮ ਕੋਰਟ ਦਾ ਰੁਖ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 2 ਫਰਵਰੀ :ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੀ ਪ੍ਰਧਾਨ ਮਮਤਾ ਬੈਨਰਜੀ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਮਮਤਾ ਨੇ ਅਪ੍ਰੈਲ 2026 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐਸ.ਆਈ.ਆਰ.) ਪ੍ਰਕਿਰਿਆ ਵਿਚ ਜਲਦਬਾਜ਼ੀ ਕਰਨ ਤੋਂ ਇਲਾਵਾ ਪੱਖਪਾਤ ਤੇ ਗੈਰ ਪਾਰਦਰਸ਼ੀ ਹੋਣ ਦੇ ਦੋਸ਼ ਲਗਾਏ ਹਨ।ਉਨ੍ਹਾਂ ਚਿਤਾਵਨੀ ਦਿੱਤੀ ਕਿ ਇਹ ਅਭਿਆਸ ਵੱਡੇ ਪੱਧਰ 'ਤੇ ਵੋਟਰਾਂ ਨੂੰ ਵੋਟ ਦੇ ਹੱਕ ਤੋਂ ਵਾਂਝਾ ਕਰ ਸਕਦਾ ਹੈ ਅਤੇ ਲੋਕਤੰਤਰ ਦੀ ਨੀਂਹ ਨੂੰ ਨੁਕਸਾਨ ਪਹੁੰਚਾ ਸਕਦਾ ਹੈ।ਇਸ ਤੋਂ ਪਹਿਲਾਂ 3 ਜਨਵਰੀ ਨੂੰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਲਿਖੇ ਪੱਤਰ ਵਿੱਚ ਬੈਨਰਜੀ ਨੇ ਐਸ.ਆਈ.ਆਰ. ਨੂੰ ਗੈਰ-ਯੋਜਨਾਬੱਧ ਅਤੇ ਬੇਤੁਕੀਆਂ ਤਿਆਰੀਆਂ ਵਾਲੀ ਪ੍ਰਕਿਰਿਆ ਕਰਾਰ ਦਿੱਤਾ ਸੀ। ਉਨ੍ਹਾਂ ਚੋਣ ਕਮਿਸ਼ਨ 'ਤੇ ਗੰਭੀਰ ਉਲੰਘਣਾ, ਪ੍ਰਸ਼ਾਸਨਿਕ ਖਾਮੀਆਂ ਅਤੇ ਬੇਨਿਯਮੀਆਂ ਦੇ ਦੋਸ਼ ਵੀ ਲਗਾਏ ਸਨ।ਇਸ ਮਾਮਲੇ 'ਚ ਟੀਐਮਸੀ ਦੇ ਸੰਸਦ ਮੈਂਬਰ ਡੈਰੇਕ ਓ' ਬ੍ਰਾਇਨ ਅਤੇ ਡੋਲਾ ਸੇਨ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਪਹਿਲਾਂ ਹੀ ਸੁਣਵਾਈ ਕਰ ਚੁੱਕੀ ਹੈ। ਉਨ੍ਹਾਂ ਦੋਸ਼ ਲਗਾਇਆ ਸੀ ਕਿ ਚੋਣ ਅਧਿਕਾਰੀਆਂ ਨੂੰ ਵਟਸਐਪ ਰਾਹੀਂ ਗੈਰ-ਰਸਮੀ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ।ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ 12 ਜਨਵਰੀ ਨੂੰ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ।

## ਕੇਂਦਰ ਦਾ ਦਾਅਵਾ: 'ਹਰ ਘਰ ਜਲ ਯੋਜਨਾ ਨੇ ਬਚਾਈਆਂ ਹਜ਼ਾਰਾਂ ਜਾਨਾਂ'

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 2 ਫਰਵਰੀ : ਕੇਂਦਰ ਸਰਕਾਰ ਨੇ ਸੰਸਦ ਵਿੱਚ ਦਾਅਵਾ ਕੀਤਾ ਹੈ ਕਿ ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਲੋਕ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਨਹੀਂ ਹਨ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜਲ ਸ਼ਕਤੀ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਨੇ ਦੱਸਿਆ ਕਿ ਕੇਂਦਰੀ ਭੂ-ਜਲ ਬੋਰਡ ਅਤੇ ਰਾਜ ਸਰਕਾਰਾਂ ਦੀਆਂ ਰਿਪੋਰਟਾਂ ਅਨੁਸਾਰ ਦੇਸ਼ ਦਾ ਜ਼ਮੀਨੀ ਪਾਣੀ ਕਾਫ਼ੀ ਹੱਦ ਤੱਕ ਪੀਣ ਯੋਗ ਹੈ। ਉਨ੍ਹਾਂ ਦੱਸਿਆ ਕਿ ਅੱਜ ਦੇਸ਼ ਦੇ 16 ਕਰੋੜ ਘਰਾਂ ਵਿੱਚ ਟੂਟੀ ਰਾਹੀਂ ਪਾਣੀ ਪਹੁੰਚ ਰਿਹਾ ਹੈ।

**ਡਬਲਿਊ.ਐਚ.ਓ. ਦੀ ਰਿਪੋਰਟ ਦਾ ਹਵਾਲਾ** : ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਸਦਨ ਨੂੰ ਦੱਸਿਆ ਕਿ 'ਹਰ ਘਰ ਜਲ' ਯੋਜਨਾ ਨਾਲ ਦੇਸ਼ ਦੇ 8.4 ਲੱਖ ਕਰੋੜ ਰੁਪਏ ਦੀ ਬਚਤ ਹੋਈ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਮਿਸ਼ਨ ਸਦਕਾ ਹਰ ਸਾਲ ਉਹਨਾਂ 60 ਹਜ਼ਾਰ ਬੱਚਿਆਂ ਦੀ ਮੌਤ ਨੂੰ ਰੋਕਿਆ ਗਿਆ ਹੈ, ਜੋ ਪਹਿਲਾਂ ਦੂਸ਼ਿਤ ਪਾਣੀ ਪੀਣ ਕਾਰਨ ਹੁੰਦੀਆਂ ਸਨ।

**ਔਰਤਾਂ ਵੱਲੋਂ ਪਾਣੀ ਦੀ ਗੁਣਵੱਤਾ ਦੀ ਜਾਂਚ** : ਸਰਕਾਰ ਨੇ ਦੱਸਿਆ ਕਿ ਪਾਣੀ ਦੀ ਗੁਣਵੱਤਾ ਯਕੀਨੀ ਬਣਾਉਣ ਲਈ 24.8 ਲੱਖ ਔਰਤਾਂ ਨੂੰ ਵਿਸ਼ੇਸ਼ ਜਾਂਚ ਕਿੱਟਾਂ ਦਿੱਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ 8 ਲੱਖ ਔਰਤਾਂ ਨੇ ਆਪਣੇ ਘਰਾਂ ਵਿੱਚ ਸਪਲਾਈ ਹੋਣ ਵਾਲੇ ਪਾਣੀ ਦੀ ਗੁਣਵੱਤਾ ਦੀ ਰਿਪੋਰਟ ਜਲ ਜੀਵਨ ਮਿਸ਼ਨ ਦੇ ਪੋਰਟਲ 'ਤੇ ਅਪਲੋਡ ਵੀ ਕੀਤੀ ਹੈ।

### ਧਰਮ ਤਬਦੀਲੀ ਵਿਰੋਧੀ ਕਾਨੂੰਨਾਂ ਨੂੰ ਚੁਣੌਤੀ

## ਸੁਪਰੀਮ ਕੋਰਟ ਵੱਲੋਂ ਕੇਂਦਰ ਅਤੇ 12 ਸੂਬਿਆਂ ਨੂੰ ਨੋਟਿਸ ਜਾਰੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 2 ਫਰਵਰੀ : ਸੁਪਰੀਮ ਕੋਰਟ ਨੇ ਵੱਖ-ਵੱਖ ਰਾਜਾਂ ਵਿੱਚ ਲਾਗੂ ਧਰਮ ਤਬਦੀਲੀ ਵਿਰੋਧੀ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੀਆਂ ਨਵੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਕੇਂਦਰ ਸਰਕਾਰ ਅਤੇ 12 ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਸਬੰਧਤ ਪੱਖਾਂ ਨੂੰ ਆਪਣਾ ਜਵਾਬ ਦਾਇਰ ਕਰਨ ਲਈ 4 ਹਫ਼ਤਿਆਂ ਦਾ ਸਮਾਂ ਦਿੱਤਾ ਹੈ।

**ਐਨ.ਸੀ.ਸੀ.ਆਈ.ਦੀ ਪਟੀਸ਼ਨ 'ਤੇ ਕਾਰਵਾਈ**

ਸੋਮਵਾਰ (2 ਫਰਵਰੀ, 2026) ਨੂੰ ਚੀਫ਼ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੌਇਮਾਲਿਆ ਬਾਗਚੀ ਦੇ ਬੈਂਚ ਨੇ ਨੈਸ਼ਨਲ ਕੌਂਸਲ ਆਫ਼ ਚਰਚਜ਼ ਇਨ ਇੰਡੀਆ (ਐਨ.ਸੀ.ਸੀ.ਆਈ.) ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕੀਤੀ। ਪਟੀਸ਼ਨਕਰਤਾਵਾਂ ਨੇ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ 'ਤੇ ਤੁਰੰਤ ਰੋਕ (ਬਾਕੀ ਸਫਾ 2 'ਤੇ)



### ਸੀ.ਬੀ.ਆਈ. ਵੱਲੋਂ ਪੰਜਾਬ ਸਣੇ 10 ਸੂਬਿਆਂ 'ਚ 35 ਥਾਵਾਂ 'ਤੇ ਛਾਪੇਮਾਰੀ

ਨਵੀਂ ਦਿੱਲੀ, 2 ਫਰਵਰੀ (ਚ.ਨ.ਸ.): ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੇ ਸਾਈਬਰ ਅਪਰਾਧਾਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਇਕ ਬਹੁ-ਪੱਖੀ ਮੁਹਿੰਮ 'ਆਪ੍ਰੇਸ਼ਨ ਸਾਈਸਟ੍ਰਾਈਕ' ਦੀ ਸ਼ੁਰੂਆਤ ਕੀਤੀ ਹੈ। ਇਹ ਕਾਰਵਾਈ ਅਮਰੀਕਾ ਦੀ ਐੱਫ.ਬੀ.ਆਈ., ਬ੍ਰਿਟੇਨ, ਕੁਵੈਤ, ਆਇਰਲੈਂਡ ਅਤੇ ਸਿੰਗਾਪੁਰ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਹਿਯੋਗ ਨਾਲ ਚਲਾਈ ਗਈ ਹੈ। ਇਹ ਆਪ੍ਰੇਸ਼ਨ 31 ਜਨਵਰੀ ਨੂੰ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਤਹਿਤ ਸੀ.ਬੀ.ਆਈ. ਨੇ ਪੰਜਾਬ, ਨਵੀਂ ਦਿੱਲੀ, ਬਿਹਾਰ, ਮਹਾਰਾਸ਼ਟਰ, ਕਰਨਾਟਕ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, (ਬਾਕੀ ਸਫਾ 2 'ਤੇ)

## ਦਲਾਈਲਾਮਾ ਨੂੰ ਇਹ ਗ੍ਰੈਮੀ ਸਿਰਫ਼ ਇੱਕ ਐਵਾਰਡ ਨਹੀਂ, ਸ਼ਾਂਤੀ ਦੇ ਸੰਦੇਸ਼ ਦੀ ਵਿਸ਼ਵਵਿਆਪੀ ਮਾਨਤਾ ਹੈ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

==================

ਪੂਰੀ ਦੁਨੀਆਂ ਵਿੱਚ ਸ਼ਾਂਤੀ ਜਨ ਜਾਣੇ ਜਾਂਦੇ ਤੇ ਨੋਬਲ ਪੁਰਸਕਾਰ ਜੇਤੂ ਨੇਤਾ ਤੇ ਅਧਿਆਤਮਿਕ ਗੁਰੂ ਦਲਾਈ ਲਾਮਾ ਨੂੰ ਸ਼ਾਂਤੀ ਦੇ ਸੰਦੇਸ਼ ਨੂੰ ਸੰਗੀਤ ਦੀ ਦੁਨੀਆਂ ਵਿੱਚ ਨਵੀਂ ਮਾਨਤਾ ਇੱਕ ਅਜਿਹਾ ਪਲ ਹੈ,ਜੋ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ।—90 ਸਾਲ ਦੀ ਉਮਰ ਵਿੱਚ, ਸ਼ਾਂਤੀ ਦੇ ਦੂਤ ਵਜੋਂ ਜਾਣੇ ਜਾਂਦੇ ਮਹਾਨ ਅਧਿਆਤਮਕ ਨੇਤਾ ਹਿਸ ਹੋਲੀਨੈੱਸ ਦਾ ਚੌਦ੍ਹਵੇਂ ਦਲਾਈ ਲਾਮਾ ਨੇ ਗ੍ਰੈਮੀ ਅਵਾਰਡ ਜਿੱਤ ਲਿਆ ਹੈ। ਇਹ ਪੁਰਸਕਾਰ ਉਨ੍ਹਾਂ ਨੂੰ 'ਬੈਸਟ ਆਡੀਓ ਬੁੱਕ, ਨੈਰੇਸ਼ਨ ਐਂਡ ਸਟੋਰੀਟੈਲਿੰਗ ਰਿਕਾਰਡਿੰਗ' ਸ਼੍ਰੇਣੀ ਵਿੱਚ ਮਿਲਿਆ ਹੈ, ਜਿਸ ਵਿੱਚ ਉਨ੍ਹਾਂ ਦੀ ਆਡੀਓ ਐਲਬਮ 'ਮੈਡੀਟੇਸ਼ਨਜ਼: ਦ ਰਿਫਲੈਕਸ਼ਨਜ਼ ਆਫ਼ ਹਿਸ ਹੋਲੀਨੈੱਸ ਦ ਲਾਮਾ' ਨੇ ਸਭ ਨੂੰ ਪਛਾੜ ਦਿੱਤਾ। ਇਸ ਵਿੱਚ ਟ੍ਰੈਵਰ ਨੋਆ ਵਰਗੇ ਮਸ਼ਹੂਰ ਨਾਮ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਹਰਾਉਣਾ ਆਪਣੇ ਆਪ ਵਿੱਚ ਇੱਕ ਵੱਡੀ ਗੱਲ ਹੈ।ਇਹ ਜਿੱਤ ਕਿਸੇ ਸਾਧਾਰਨ ਸਫਲਤਾ ਤੋਂ ਵੱਧ ਹੈ—ਇਹ ਇੱਕ ਚਮਤਕਾਰ ਵਰਗੀ ਘਟਨਾ ਹੈ। ਦਲਾਈ ਲਾਮਾ, ਜਿਨ੍ਹਾਂ ਨੂੰ 1989 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ, ਹੁਣ ਸੰਗੀਤ ਅਤੇ ਆਡੀਓ ਦੁਨੀਆਂ ਦੇ ਸਰਵਉੱਚ ਮੰਚ 'ਤੇ ਵੀ ਆਪਣੀ ਮੌਜੂਦਗੀ ਦਰਜ ਕਰਵਾ ਰਹੇ ਹਨ। ਇਹ ਪੁਰਸਕਾਰ ਉਨ੍ਹਾਂ ਦੀ ਬੌਧਿਕ ਡੂੰਘਾਈ, ਅਧਿਆਤਮਕ ਸਿਆਸਤ ਅਤੇ ਲੋਕਾਂ ਵਿੱਚ ਅਟੁੱਟ ਲੋਕਪ੍ਰਿਅਤਾ ਦਾ ਸਪੱਸ਼ਟ ਪ੍ਰਤੀਬਿੰਬ ਹੈ।



ਉਨ੍ਹਾਂ ਦੀ ਇਹ ਐਲਬਮ ਸਿਰਫ਼ ਬੋਲੀਆਂ ਗਈਆਂ ਗੱਲਾਂ ਨਹੀਂ, ਸਗੋਂ ਸ਼ਾਂਤੀ, ਕਰੁਣਾ, ਸਾਂਝੀ ਜ਼ਿੰਮੇਵਾਰੀ ਅਤੇ ਮਨੁੱਖੀ ਏਕਤਾ ਦੇ ਦਸ ਵਿਸ਼ਿਆਂ 'ਤੇ ਆਧਾਰਿਤ ਚਿੰਤਨ ਹੈ। ਇਸ ਵਿੱਚ ਹਿੰਦੁਸਤਾਨੀ ਸੰਗੀਤ ਦੇ ਮਹਾਨ ਸਰੋਦ ਵਾਦਕ ਅਮਜਦ ਅਲੀ ਖਾਨ ਅਤੇ ਉਨ੍ਹਾਂ ਦੇ ਪੁੱਤਰਾਂ ਅਮਾਨ (ਬਾਕੀ ਸਫਾ 2 'ਤੇ)

### ਵੋਟਰ ਸੂਚੀਆਂ 'ਚੋਂ ਗ਼ਲਤੀਆਂ ਦੂਰ ਕਰਨ ਦੇ ਆਦੇਸ਼

ਨਵੀਂ ਦਿੱਲੀ , 2 ਫਰਵਰੀ (ਚ.ਨ.ਸ.): ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸੁਧਾਈ (ਸਰ) ਪ੍ਰਕਿਰਿਆ ਨੂੰ ਲੈ ਕੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਤਹਿਤ ਬੀ.ਐੱਲ.ਓਜ਼. ਨੂੰ ਸੂਚੀਆਂ ਵਿੱਚੋਂ ਗੈਰ-ਮਨੁੱਖੀ, ਧੁੰਦਲੀਆਂ ਅਤੇ ਬਲੈਕ ਐਂਡ ਵਾਈਟ ਤਸਵੀਰਾਂ ਨੂੰ ਤੁਰੰਤ ਹਟਾ ਕੇ ਰੰਗੀਨ ਤਸਵੀਰਾਂ ਲਗਾਉਣ ਲਈ ਕਿਹਾ ਗਿਆ ਹੈ। ਬੀ.ਐੱਲ.ਓਜ਼. ਵੱਲੋਂ ਘਰ-ਘਰ ਜਾ ਕੇ ਵੋਟਰਾਂ ਦੀ ਪਛਾਣ ਅਤੇ ਤਸਵੀਰਾਂ ਲੈਣ ਦਾ ਕੰਮ ਜਾਰੀ ਹੈ। ਅਧਿਕਾਰੀਆਂ ਅਨੁਸਾਰ, ਜੇਕਰ ਕਿਸੇ ਵੋਟਰ ਦੇ ਨਾਮ, ਉਮਰ, ਪਤਾ ਜਾਂ ਲਿੰਗ ਵਿੱਚ ਕੋਈ ਗਲਤੀ ਹੈ, ਤਾਂ ਉਸ ਨੂੰ ਫਾਰਮ ਨੰਬਰ 8 ਰਾਹੀਂ ਦਰੁਸਤ ਕੀਤਾ ਜਾਵੇਗਾ, ਜਦੋਂਕਿ ਬੇਲੋੜੀਆਂ ਵੋਟਾਂ ਕੱਟਣ ਲਈ ਫਾਰਮ ਨੰਬਰ 7 ਦੀ ਵਰਤੋਂ ਕੀਤੀ ਜਾ ਰਹੀ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ (ਬਾਕੀ ਸਫਾ 2 'ਤੇ)

# ਬਜਟ 2026-27: ਪੰਜਾਬ, ਹਰਿਆਣਾ ਅਤੇ ਹਿਮਾਚਲ 'ਚ ਰੇਲਵੇ ਵਿਕਾਸ ਨੂੰ ਨਵੀਂ ਰਫ਼ਤਾਰ

**➤ ਪੰਜਾਬ ਲਈ ਰੇਲਵੇ ਬਜਟ 'ਚ 5,673 ਕਰੋੜ ਦਾ ਪ੍ਰਬੰਧ ➤ ਹਰਿਆਣਾ ਲਈ ਰੇਲਵੇ ਬਜਟ 'ਚ 3,566 ਕਰੋੜ; 12,000 ਕਰੋੜ ਦੇ ਪ੍ਰੋਜੈਕਟ ਜਾਰੀ ➤ ਹਿਮਾਚਲ ਲਈ ਰੇਲਵੇ ਬਜਟ 'ਚ 2,911 ਕਰੋੜ ਦੇ 17,700 ਕਰੋੜ ਦੇ ਪ੍ਰੋਜੈਕਟ ਜਾਰੀ**

## ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਵਰਚੁਅਲ ਮੀਟਿੰਗ ਵਿੱਚ ਰਾਜਾਂ ਵਾਰ ਵੰਡ ਅਤੇ ਪ੍ਰੋਜੈਕਟਾਂ ਦੀ ਜਾਣਕਾਰੀ ਕੀਤੀ ਸਾਂਝੀ





ਅੰਬਾਲਾ/ਚੰਡੀਗੜ੍ਹ/ਨਵੀਂ ਦਿੱਲੀ, 2 ਫਰਵਰੀ (ਚ.ਨ.ਸ.): ਕੇਂਦਰੀ ਰੇਲਵੇ, ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਸ਼੍ਰੀ ਅਸ਼ਵਿਨੀ ਵੈਸ਼ਨਵ ਨੇ ਰੇਲਵੇ ਰਾਜ ਮੰਤਰੀ ਸ਼੍ਰੀ ਰਵਨੀਤ ਸਿੰਘ ਬਿੱਟੂ ਦੀ ਹਾਜ਼ਰੀ ਵਿੱਚ ਅੱਜ ਇੱਕ ਨਵੀਂ ਦਿੱਲੀ ਤੋਂ ਵਰਚੁਅਲ ਮੀਟਿੰਗ ਦੇ ਜ਼ਰੀਏ ਰੇਲਵੇ ਬਜਟ 2026-27 ਦੇ ਅਧੀਨ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਲਈ ਕੀਤੇ ਗਏ ਰਾਜ ਅਨੁਸਾਰ ਵੰਡ ਅਤੇ ਮੁੱਖ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਵਿੱਚ ਇਨ੍ਹਾਂ ਰਾਜਾਂ ਵਿੱਚ ਰੇਲਵੇ ਇੰਫਰਾਸਟ੍ਰਕਚਰ ਲਈ ਕੀਤੇ ਜਾ ਰਹੇ ਰਿਕਾਰਡ ਨਿਵੇਸ਼ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਰੇਲ ਮੰਤਰੀ ਨੇ ਦੱਸਿਆ ਕਿ ਕੇਂਦਰੀ ਬਜਟ 2026-27 ਵਿੱਚ ਭਾਰਤੀ ਰੇਲ ਲਈ ਰਿਕਾਰਡ 2.93 ਲੱਖ ਕਰੋੜ ਰੁਪਏ ਦਾ ਪੂੰਜੀਗਤ ਖਰਚ (ਕੈਪੇਕਸ) ਪ੍ਰਸਤਾਵਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਵੰਡ ਦਾ ਮੁੱਖ ਧਿਆਨ ਉੱਚ-ਗਤੀ ਕਨੈਕਟਿਵਿਟੀ, ਮਾਲ ਢੁਆਈ ਸਮਰੱਥਾ ਦੇ ਵਿਸਥਾਰ ਅਤੇ ਯਾਤਰੀਆਂ ਦੀ ਸੁਰੱਖਿਆ 'ਤੇ ਹੈ।

ਸ਼੍ਰੀ ਵੈਸ਼ਨਵ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਵਿੱਚ ਪੰਜਾਬ ਲਈ ਰੇਲਵੇ ਬਜਟ ਵਿੱਚ ਰਿਕਾਰਡ 5,673 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ, ਜੋ ਯੂਪੀਏ ਸਰਕਾਰ ਦੇ ਕਾਰਜਕਾਲ ਦੌਰਾਨ ਔਸਤ ਵੰਡ ਦੇ ਮੁਕਾਬਲੇ ਲਗਭਗ 25 ਗੁਣਾ ਵੱਧ ਹੈ। ਉਨ੍ਹਾਂ ਦੱਸਿਆ ਕਿ ਰਾਜ ਵਿੱਚ ਰੇਲਵੇ ਨਾਲ ਸਬੰਧਤ 26,382 ਕਰੋੜ ਰੁਪਏ ਦੇ ਕੰਮ ਚੱਲ ਰਹੇ ਹਨ।

ਅੰਮ੍ਰਿਤ ਸਟੇਸ਼ਨ ਯੋਜਨਾ ਦੇ ਅਧੀਨ 30 ਰੇਲਵੇ ਸਟੇਸ਼ਨਾਂ ਦਾ ਨਵੀਨੀਕਰਣ/ਪੁਨਰਵਿਕਾਸ ਕੀਤਾ ਜਾ ਰਿਹਾ ਹੈ।ਇਸਦੇ ਨਾਲ ਹੀ ਪੰਜਾਬ ਨੇ 100 ਫ਼ੀਸਦੀ ਰੇਲਵੇ ਬਿਜਲੀਕਰਣ ਹਾਸਲ ਕਰ ਲਿਆ ਹੈ, ਜਿਸ ਨਾਲ ਸੰਚਾਲਨ ਕੁਸ਼ਲਤਾ, ਕਨੈਕਟਿਵਿਟੀ ਅਤੇ ਵਾਤਾਵਰਣ ਸਥਿਰਤਾ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਹੈ।

ਰੇਲਵੇ ਮੰਤਰੀ ਨੇ ਦੱਸਿਆ ਕਿ ਹਰਿਆਣਾ ਲਈ ਰੇਲਵੇ ਬਜਟ ਵਿੱਚ ਰਿਕਾਰਡ 3,566 ਕਰੋੜ ਰੁਪਏ ਰੱਖੇ ਗਏ ਹਨ। ਰਾਜ ਵਿੱਚ ?12,000 ਕਰੋੜ ਦੀਆਂ ਰੇਲਵੇ ਪ੍ਰੋਜੈਕਟ ਵੱਖ-ਵੱਖ ਗੇੜਾਂ ਵਿੱਚ ਚੱਲ ਰਹੇ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਰੇਲਵੇ ਦਾ 100 ਫ਼ੀਸਦੀ ਬਿਜਲੀਕਰਣ ਪੂਰਾ ਹੋ ਚੁੱਕਾ ਹੈ ਅਤੇ 34 ਰੇਲਵੇ ਸਟੇਸ਼ਨਾਂ ਦਾ ਨਵੀਨੀਕਰਣ ਕੀਤਾ ਜਾ ਰਿਹਾ ਹੈ। ਵੰਦੇ ਭਾਰਤ ਅਤੇ ਅੰਮ੍ਰਿਤ ਭਾਰਤ ਟ੍ਰੇਨਾਂ ਦੀ ਸ਼ੁਰੂਆਤ ਨਾਲ ਰਾਜ ਵਿੱਚ ਯਾਤਰੀਆਂ ਦੀ ਸਹੂਲਤ ਅਤੇ ਕਨੈਕਟਿਵਿਟੀ ਵਿੱਚ ਵੱਡਾ ਸੁਧਾਰ ਹੋਇਆ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਸ਼੍ਰੀ ਵੈਸ਼ਨਵ ਨੇ ਦੱਸਿਆ ਕਿ ਹਰਿਆਣਾ ਵਿੱਚ ਹਾਈਡਰੋਜਨ ਟ੍ਰੇਨ ਦੀ ਟੈਸਟਿੰਗ ਅਤੇ ਸਬੰਧਤ ਕੰਮ ਜਾਰੀ ਹੈ ਅਤੇ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਜਲਦੀ ਹੀ ਹਾਈਡਰੋਜਨ-ਸੰਚਾਲਿਤ ਟ੍ਰੇਨ ਦਾ ਉਦਘਾਟਨ ਹਰਿਆਣਾ ਵਿੱਚ ਕੀਤਾ ਜਾਵੇਗਾ।

ਚੰਡੀਗੜ੍ਹ ਦੇ ਸਬੰਧ ਵਿੱਚ ਰੇਲ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ ਰੇਲਵੇ ਸਟੇਸ਼ਨ ਦਾ ਪੁਨਰਵਿਕਾਸ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਹੁਣ ਤੱਕ ਲਗਭਗ ਦੋ ਸਾਲਾਂ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਬਾਕੀ ਤਿੰਨ ਸਾਲਾਂ ਵਿੱਚ ਕੰਮ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਚੰਡੀਗੜ੍ਹ ਵਿੱਚ ਪੂਰੀ ਤਰ੍ਹਾਂ ਇੱਕ ਨਵਾਂ ਅਤੇ ਆਧੁਨਿਕ ਰੇਲਵੇ ਸਟੇਸ਼ਨ ਤਿਆਰ ਕੀਤਾ ਜਾ ਰਿਹਾ ਹੈ।

ਸ਼੍ਰੀ ਵੈਸ਼ਨਵ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਲਈ 2,911 ਕਰੋੜ ਰੁਪਏ ਦਾ ਰੇਲਵੇ ਬਜਟ ਰੱਖਿਆ ਗਿਆ ਹੈ ਅਤੇ ਰਾਜ ਵਿੱਚ 17,700 ਕਰੋੜ ਰੁਪਏ ਦੇ ਰੇਲਵੇ ਪ੍ਰੋਜੈਕਟ ਵੱਖ-ਵੱਖ ਗੇੜਾਂ ਵਿੱਚ ਪ੍ਰਗਤੀ ਹੇਠ ਹਨ। ਉਨ੍ਹਾਂ ਕਿਹਾ ਕਿ ਕੰਮ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ, ਹਾਲਾਂਕਿ ਰਾਜ ਸਰਕਾਰ ਵੱਲੋਂ ਨਿਰਧਾਰਤ ਸਮਾਂ-ਹੱਦ ਦੇ ਅੰਦਰ ਕੁਝ ਵਚਨਬੱਧਤਾਵਾਂ ਨੂੰ ਪੂਰਾ ਨਾ ਕਰਨ ਕਾਰਨ ਕੁਝ ਪ੍ਰੋਜੈਕਟਾਂ ਵਿੱਚ ਦੇਰੀ ਹੋਈ ਹੈ। ਰੇਲ ਮੰਤਰੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਰੇਲਵੇ ਪ੍ਰੋਜੈਕਟਾਂ ਦੇ ਸੁਚਾਰੂ ਅਮਲ ਲਈ ਸਹਿਯੋਗ ਦੀ ਅਪੀਲ ਕੀਤੀ।

ਰੇਲ ਮੰਤਰੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਜੰਮੂ-ਕਸ਼ਮੀਰ ਲਈ 1,086 ਕਰੋੜ ਰੁਪਏ ਦਾ ਰੇਲਵੇ ਬਜਟ ਰੱਖਿਆ ਗਿਆ ਹੈ, ਜਿਸ ਨਾਲ ਖੇਤਰ ਵਿੱਚ ਕਨੈਕਟਿਵਿਟੀ ਅਤੇ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ।

ਮੀਟਿੰਗ ਦੇ ਅੰਤ ਵਿੱਚ ਸ਼੍ਰੀ ਵੈਸ਼ਨਵ ਨੇ ਦੁਹਰਾਇਆ ਕਿ ਕੇਂਦਰ ਸਰਕਾਰ ਦਾ ਟੀਚਾ ਭਾਰਤੀ ਰੇਲਵੇ ਨੂੰ ਤੇਜ਼, ਸੁਰੱਖਿਅਤ, ਆਧੁਨਿਕ ਅਤੇ ਵਾਤਾਵਰਣ-ਅਨੁਕੂਲ ਆਵਾਜਾਈ ਪ੍ਰਣਾਲੀ ਵਜੋਂ ਵਿਕਸਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਰਿਕਾਰਡ ਬਜਟ ਵੰਡ ਅਤੇ ਨਵੇਂ ਪ੍ਰੋਜੈਕਟਾਂ ਰਾਹੀਂ ਰੇਲਵੇ ਰਾਸ਼ਟਰੀ ਵਿਕਾਸ ਅਤੇ 'ਵਿਕਸਿਤ ਭਾਰਤ' ਦੇ ਵਿਜ਼ਨ ਨੂੰ ਸਾਕਾਰ ਕਰਨ ਵਿੱਚ ਫ਼ੈਸਲਾਕੁੰਨ ਭੂਮਿਕਾ ਨਿਭਾਏਗੀ।

ਅੰਬਾਲਾ ਸਥਿਤ ਉੱਤਰ ਰੇਲਵੇ ਮੰਡਲ ਪ੍ਰਬੰਧਕ ਦੇ ਦਫ਼ਤਰ ਵਿੱਚ ਆਯੋਜਿਤ ਵਰਚੁਅਲ ਕਾਨਫਰੰਸ ਵਿੱਚ ਜੁੜੇ ਪੱਤਰਕਾਰਾਂ ਦੇ ਨਾਲ ਅੰਬਾਲਾ ਮੰਡਲ ਰੇਲ ਪ੍ਰਬੰਧਕ ਸ਼੍ਰੀ ਵਿਨੋਦ ਭਾਟੀਆ ਅਤੇ ਸੀਨੀਅਰ ਡੀਸੀਐੱਮ ਸ਼੍ਰੀ ਨਵੀਨ ਕੁਮਾਰ ਝਾਅ ਵੀ ਹਾਜ਼ਰ ਰਹੇ।

# ਆਈ.ਸੀ.ਸੀ. ਵੱਲੋਂ ਪਾਕਿਸਤਾਨ ਨੂੰ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ

## ਪਾਕਿਸਤਾਨ ਨੇ ਟੀ-20 ਵਿਸ਼ਵ ਕੱਪ ਵਿੱਚ ਭਾਰਤ ਖ਼ਿਲਾਫ਼ ਮੈਚ ਦਾ ਬਾਈਕਾਟ ਕਰਨ ਦਾ ਕੀਤਾ ਸੀ ਐਲਾਨ

ਕਰਾਚੀ, 2 ਫਰਵਰੀ (ਚ.ਨ.ਸ.) : ਪਾਕਿਸਤਾਨ ਨੇ ਟੀ-20 ਵਿਸ਼ਵ ਕੱਪ ਵਿਚ ਭਾਰਤ ਖ਼ਿਲਾਫ਼ ਹੋਣ ਵਾਲੇ ਆਪਣੇ ਹਾਈ-ਪ੍ਰੋਫਾਈਲ ਗਰੁੱਪ ਲੀਗ ਮੈਚ ਦਾ ਬੀਤੇ ਦਿਨੀਂ ਬਾਈਕਾਟ ਕਰਨ ਦਾ ਐਲਾਨ ਕੀਤਾ ਸੀ, ਜਿਸ ਤੋਂ ਬਾਅਦ ਆਈਸੀਸੀ ਨੇ ਪਾਕਿਸਤਾਨ ਨੂੰ ਬਾਈਕਾਟ ਕਰਨ ਦੀ ਸੂਰਤ ਵਿਚ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਹੈ।



ਆਈਸੀਸੀ ਨੇ ਕਿਹਾ ਕਿ ਭਾਵੇਂ ਪਾਕਿਸਤਾਨ ਸਰਕਾਰ ਨੇ 7 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਵਿਸ਼ਵ ਕੱਪ ਦੇ ਬਾਕੀ ਮੈਚ ਖੇਡਣ 'ਤੇ ਸਹਿਮਤੀ ਜਤਾ ਦਿੱਤੀ ਹੈ, ਪਰ ਭਾਰਤ ਖ਼ਿਲਾਫ਼ ਮੈਚ ਖੇਡਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਕਾਰਨ ਪਾਕਿਸਤਾਨ 'ਤੇ ਪਾਬੰਦੀਆਂ ਲਾਉਣ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਪਾਕਿਸਤਾਨ ਦੇ ਇਸ ਫੈਸਲੇ ਤੋਂ ਆਈਸੀਸੀ ਨਾਰਾਜ਼ ਹੈ।ਪਾਕਿਸਤਾਨ ਇਸ ਮਹੀਨੇ ਹੋਣ ਵਾਲੇ ਟੀ-20 ਵਿਸ਼ਵ ਕੱਪ ਵਿੱਚ ਭਾਰਤ ਵਿਰੁੱਧ ਨਹੀਂ ਖੇਡੇਗਾ। ਇਹ ਜਾਣਕਾਰੀ ਪਾਕਿਸਤਾਨ ਸਰਕਾਰ ਨੇ ਪਹਿਲੀ ਫਰਵਰੀ ਦੀ ਰਾਤ ਨੂੰ ਐਕਸ 'ਤੇ ਪੋਸਟ ਪਾ ਕੇ ਨਸ਼ਰ ਕੀਤੀ ਸੀ।ਉਨ੍ਹਾਂ ਪੋਸਟ ਵਿਚ ਲਿਖਿਆ, 'ਸਰਕਾਰ ... ਪਾਕਿਸਤਾਨ ਕ੍ਰਿਕਟ ਟੀਮ ਨੂੰ ਆਈਸੀਸੀ ਵਿਸ਼ਵ ਟੀ-20 2026 ਵਿੱਚ ਹਿੱਸਾ ਲੈਣ ਲਈ ਪ੍ਰਵਾਨਗੀ ਦਿੰਦੀ ਹੈ, ਹਾਲਾਂਕਿ, ਪਾਕਿਸਤਾਨ ਕ੍ਰਿਕਟ ਟੀਮ 15 ਫਰਵਰੀ ਨੂੰ ਭਾਰਤ ਖ਼ਿਲਾਫ਼ ਹੋਣ ਵਾਲੇ ਮੈਚ ਵਿੱਚ ਮੈਦਾਨ 'ਤੇ ਨਹੀਂ ਉਤਰੇਗੀ।'

ਜ਼ਿਕਰਯੋਗ ਹੈ ਕਿ ਦੋਵੇਂ ਦੇਸ਼ਾਂ ਦਰਮਿਆਨ ਹੋਣ ਵਾਲੇ ਮੈਚ ਲਈ ਦਰਸ਼ਕ ਖਾਸੇ ਉਤਸ਼ਾਹਿਤ ਰਹਿੰਦੇ ਹਨ।ਪਾਕਿਸਤਾਨ ਦੇ ਫੈਸਲੇ ਨੂੰ ਬੰਗਲਾਦੇਸ਼ ਨੂੰ ਟੂਰਨਾਮੈਂਟ ਤੋਂ ਹਟਾਉਣ ਨਾਲ ਜੁੜੇ ਰਾਜਸੀ ਵਿਰੋਧ ਵਜੋਂ ਦੇਖਿਆ ਜਾ ਰਿਹਾ ਹੈ। ਕਿਉਂਕਿ ਆਈਸੀਸੀ ਨੇ ਬੰਗਲਾਦੇਸ਼ ਦੀ ਸੁਰੱਖਿਆ ਦੇ ਆਧਾਰ 'ਤੇ ਭਾਰਤ ਤੋਂ ਸ੍ਰੀਲੰਕਾ ਵਿਚ ਮੈਚਾਂ ਨੂੰ ਤਬਦੀਲ ਕਰਨ ਦੀ ਅਪੀਲ ਠੁਕਰਾ ਦਿੱਤੀ ਸੀ।ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਪੋਸਟ ਕੀਤੇ ਗਏ ਇੱਕ ਬਿਆਨ ਵਿੱਚ ਪਾਕਿਸਤਾਨ ਸਰਕਾਰ ਨੇ ਕਿਹਾ ਕਿ ਉਸ ਨੇ ਪਾਕਿਸਤਾਨ ਕ੍ਰਿਕਟ ਟੀਮ ਨੂੰ ਟੂਰਨਾਮੈਂਟ ਵਿੱਚ ਹਿੱਸਾ ਲੈਣ ਦੀ ਮਨਜ਼ੂਰੀ ਦੇ ਦਿੱਤੀ ਹੈ ਪਰ ਨਾਲ ਹੀ ਕਿਹਾ ਹੈ ਕਿ ਟੀਮ 15 ਫਰਵਰੀ ਨੂੰ ਕੋਲੰਬੋ ਵਿੱਚ ਭਾਰਤ ਵਿਰੁੱਧ ਹੋਣ ਵਾਲੇ ਮੈਚ ਲਈ ਮੈਦਾਨ ਵਿੱਚ ਨਹੀਂ ਉਤਰੇਗੀ।

## ਜੰਮੂ-ਕਸ਼ਮੀਰ 'ਚ ਲੱਗੇ ਭੂਚਾਲ ਦੇ ਝਟਕੇ

ਵੀ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਭੂਚਾਲ ਕੁਝ ਸਕਿੰਟਾਂ ਤੱਕ ਰਿਹਾ, ਅਤੇ ਲੋਕ ਡਰ ਗਏ ਕਿਉਂਕਿ ਉਨ੍ਹਾਂ ਦੇ ਘਰਾਂ ਦੀਆਂ ਖਿੜਕੀਆਂ ਅਤੇ ਦਰਵਾਜ਼ੇ ਹਿੱਲ ਰਹੇ ਸਨ। ਭੂਚਾਲ ਤੋਂ ਬਾਅਦ, ਜ਼ਿਲ੍ਹਾ ਪ੍ਰਸ਼ਾਸਨ ਅਤੇ ਆਫ਼ਤ ਪ੍ਰਬੰਧਨ ਟੀਮਾਂ ਹਰਕਤ ਵਿੱਚ ਆ ਗਈਆਂ ਅਤੇ ਕਮਜ਼ੋਰ ਖੇਤਰਾਂ ਦੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ।

## ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਲਈ

ਸ਼ਾਹਦਤਾਂ ਦਿੱਤੀਆਂ ਹਨ।"ਉਨ੍ਹਾਂ ਕਿਹਾ, "ਇਹ ਜਾਣ ਕੇ ਖੁਸ਼ੀ ਹੋਈ ਕਿ ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਵੱਲੋਂ 2 ਤੋਂ 6 ਫਰਵਰੀ ਤੱਕ ਪੰਜਾਬ ਦਾ ਦੌਰਾ ਕੀਤਾ ਜਾ ਰਿਹਾ ਹੈ।"

ਸੂਬੇ ਵਿੱਚ ਪਹੁੰਚਣ 'ਤੇ ਵਫ਼ਦ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਸਮਾਜਿਕ-ਰਾਜਨੀਤਿਕ ਅਧਿਐਨ ਦੌਰਾ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਖੇਤਰਾਂ ਨੂੰ ਸਮਝਣ ਅਤੇ ਸਿੱਖਣ ਲਈ ਦਾ ਨਿਵੇਕਲਾ ਯਤਨ ਹੈ।

ਪੰਜਾਬ ਦੀ ਪਵਿੱਤਰ ਤੇ ਜ਼ਰਖੇਜ਼ ਧਰਤੀ 'ਤੇ ਵਫ਼ਦ ਦਾ ਨਿੱਘਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸੂਬਾ ਸਰਕਾਰ ਤੁਹਾਡੀ ਮੇਜ਼ਬਾਨੀ ਕਰਕੇ ਮਾਣ ਮਹਿਸੂਸ ਕਰ ਰਹੀ ਹੈ।"ਉਨ੍ਹਾਂ ਨੇ ਵਫ਼ਦ ਨੂੰ ਦੱਸਿਆ ਕਿ ਪੰਜਾਬ ਮਹਾਨ ਗੁਰੂਆਂ, ਪੀਰਾਂ, ਸੰਤਾਂ, ਪੈਗੰਬਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਸਨੂੰ ਯੋਧਿਆਂ ਅਤੇ ਮਿਹਨਤਕਸ਼ ਲੋਕਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਰਾਜ ਦੇ ਨੌਜਵਾਨ ਸਰਹੱਦਾਂ ਦੀ ਰਾਖੀ ਕਰਦੇ ਹਨ ਅਤੇ ਸਾਡੇ ਕਿਸਾਨ ਦੇਸ਼ ਦਾ ਢਿੱਡ ਭਰਦੇ ਹਨ, ਇਸੇ ਕਰਕੇ ਪੰਜਾਬ ਨੂੰ 'ਭਾਰਤ ਦਾ ਅੰਨਦਾਤਾ ਅਤੇ ਖ਼ੜਗਭੁਜਾ' ਵਜੋਂ ਮਾਣ ਦਿੱਤਾ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ, "ਪੰਜਾਬ ਦੇ ਕਿਸਾਨ ਦੇਸ਼ ਦੇ ਅਨਾਜ ਉਤਪਾਦਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ ਅਤੇ ਰਾਸ਼ਟਰੀ ਪੂਲ ਵਿੱਚ 40 ਫੀਸਦ ਅਨਾਜ ਸੂਬੇ ਦੁਆਰਾ ਉਪਲਬਧ ਕਰਾਇਆ ਜਾਂਦਾ ਹੈ।"ਉਨ੍ਹਾਂ ਅੱਗੇ ਕਿਹਾ, "ਪੰਜਾਬ ਦੇ ਬਹਾਦਰ ਸੈਨਿਕਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਅਤੇ ਇਹ ਅਟੱਲ ਤੇ ਕੋਰਾ-ਚਿੱਟਾ ਸੱਚ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਇੱਕ ਸ਼ਾਂਤੀਪੂਰਨ ਸੂਬਾ ਹੈ ਜਿੱਥੇ ਸ਼ਾਂਤੀ, ਮੋਹ-ਪਿਆਰ ਅਤੇ ਭਾਈਚਾਰਕ ਸਾਂਝ ਇੰਨੀ ਮਜ਼ਬੂਤ ਹੈ ਕਿ ਇੱਥੇ ਨਫ਼ਰਤ ਦੇ ਬੀਜ ਨਹੀਂ ਪੁੰਗਰ ਸਕਦੇ।"

ਮੁੱਖ ਮੰਤਰੀ ਨੇ ਕਿਹਾ, "ਸਰਹੱਦੀ ਸੂਬਾ ਹੋਣ ਦੇ ਬਾਵਜੂਦ, ਪੰਜਾਬ ਕਦੇ ਵੀ ਫ਼ਿਰਕਿਆਂ ਵਿੱਚ ਵੰਡਿਆ ਨਹੀਂ ਗਿਆ। ਇਸ ਦੀ ਬਜਾਏ ਔਖੀ ਘੜੀ ਵਿੱਚ ਪੰਜਾਬੀਆਂ ਨੇ ਦੁਨੀਆ ਦੇ ਸਾਹਮਣੇ ਭਾਈਚਾਰਕ ਸਦਭਾਵਨਾ ਦੀਆਂ ਸ਼ਾਨਦਾਰ ਮਿਸਾਲਾਂ ਪੇਸ਼ ਕੀਤੀਆਂ ਹਨ।"ਉਨ੍ਹਾਂ ਅੱਗੇ ਕਿਹਾ, "ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਸਰਬ-ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ ਅਤੇ ਗੁਰੂਆਂ ਦੀ ਵਰੋਸਾਈ ਇਹ ਧਰਤੀ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲਿਆਂਵਾਲਾ ਬਾਗ ਅਤੇ ਹੋਰ ਪਵਿੱਤਰ ਸਥਾਨਾਂ ਦਾ ਘਰ ਹੈ।"ਉਨ੍ਹਾਂ ਅੱਗੇ ਕਿਹਾ, "ਪੰਜਾਬ ਇੱਕ ਵਿਰੋਧੀ ਦੇਸ਼ ਨਾਲ 532 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ ਸਾਂਝੀ ਕਰਦਾ ਹੈ, ਫਿਰ ਵੀ ਇਹ ਧਰਮ ਨਿਰਪੱਖਤਾ, ਸ਼ਾਂਤੀ ਅਤੇ ਸਦਭਾਵਨਾ ਦਾ ਪੁੰਜ ਬਣਿਆ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ, "ਭਾਰਤ ਦੇ ਸਮਾਜਿਕ-ਰਾਜਨੀਤਿਕ ਅਤੇ ਆਰਥਿਕ ਪੱਖਾਂ ਦਾ ਅਧਿਐਨ ਕਰਨ ਲਈ ਪੰਜਾਬ ਵਿੱਚ ਇੱਕ ਹਫ਼ਤੇ ਦਾ ਦੌਰਾ ਸ਼ੁਰੂ ਕੀਤਾ ਗਿਆ ਹੈ।"ਉਨ੍ਹਾਂ ਅੱਗੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਰਾਜਾਂ ਦਾ ਦੌਰਾ ਕਰਨ ਅਤੇ ਉਨ੍ਹਾਂ ਦੇ ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਧਾਰਮਿਕ ਪਹਿਲੂਆਂ ਬਾਰੇ ਡੂੰਘਾਈ ਨਾਲ ਜਾਣਨ ਦਾ ਮੌਕਾ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਰਾਜ ਪੱਧਰ ਤੋਂ ਪਿੰਡ ਪੱਧਰ ਤੱਕ ਪ੍ਰਸ਼ਾਸਨ, ਸ਼ਾਸਨ ਅਤੇ ਕਾਨੂੰਨ ਵਿਵਸਥਾ ਨੂੰ ਲਾਗੂ ਕਰਨ ਦੀਆਂ ਚੁਣੌਤੀਆਂ 'ਤੇ ਬਿਹਤਰ ਢੰਗ ਨਾਲ ਜਾਣਨ ਜੁਟਾਉਣ ਦੀ ਸਹੂਲਤ ਦਿੰਦਾ ਹੈ। ਉਨ੍ਹਾਂ ਕਿਹਾ, "ਵਫ਼ਦ ਵਿੱਚ ਕੁੱਲ 16 ਅਧਿਕਾਰੀ ਹਨ, ਜਿਨ੍ਹਾਂ ਵਿੱਚੋਂ ਵਿਦੇਸ਼ੀ ਅਧਿਕਾਰੀਆਂ ਦੀ ਨੁਮਾਇੰਦਗੀ 31 ਫੀਸਦ ਹੈ, ਕਿਉਂਕਿ 16 ਅਧਿਕਾਰੀਆਂ ਵਿੱਚੋਂ ਪੰਜ ਵਿਦੇਸ਼ਾਂ ਨਾਲ ਸਬੰਧਤ ਹਨ।

ਮੁੱਖ ਮੰਤਰੀ ਨੇ ਕਿਹਾ, "ਵਫ਼ਦ ਵਿੱਚ ਬੰਗਲਾਦੇਸ਼, ਮਿਸਰ, ਇੰਡੋਨੇਸ਼ੀਆ, ਮਲੇਸ਼ੀਆ ਅਤੇ ਨੇਪਾਲ ਤੋਂ ਇੱਕ-ਇੱਕ ਅਧਿਕਾਰੀ ਸ਼ਾਮਲ ਹੈ।"ਉਨ੍ਹਾਂ ਅੱਗੇ ਕਿਹਾ, "11 ਭਾਰਤੀ ਅਧਿਕਾਰੀ ਹਨ, ਜਿਨ੍ਹਾਂ ਵਿੱਚ ਫੌਜ ਦੇ ਪੰਜ, ਜਲ ਸੈਨਾ ਦੇ ਦੋ, ਹਵਾਈ ਸੈਨਾ ਦੇ ਦੋ, ਏ.ਐਫ.ਐਚ.ਕਿਊ.ਸੀ.ਐਸ. ਦਾ ਇੱਕ ਅਤੇ ਡੀ.ਓ.ਐਲ.ਆਰ. ਦਾ ਇੱਕ ਅਧਿਕਾਰੀ ਸ਼ਾਮਲ ਹੈ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਵਫ਼ਦ ਵਿੱਚ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਦੇ ਬ੍ਰਿਗੇਡੀਅਰ ਜਾਂ ਸਕੱਤਰ ਪੱਧਰ ਦੇ ਅਧਿਕਾਰੀ ਦੇ ਨਾਲ-ਨਾਲ ਸਿਵਲ ਅਧਿਕਾਰੀ ਵੀ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ, "ਆਈ.ਏ.ਐਸ., ਆਈ.ਪੀ.ਐਸ., ਆਈ.ਆਰ.ਐਸ., ਆਈ.ਐਫ.ਐਸ., ਕੋਸਟ ਗਾਰਡ ਅਤੇ ਡੀ.ਆਰ.ਡੀ.ਓ. ਸਮੇਤ ਕਈ ਸਿਵਲ ਅਧਿਕਾਰੀ ਇਸ ਮਹੱਤਵਪੂਰਨ ਕੋਰਸ ਦਾ ਹਿੱਸਾ ਹਨ।"ਉਨ੍ਹਾਂ ਅੱਗੇ ਕਿਹਾ, "ਇਹ ਕੋਰਸ ਭਾਰਤ ਬਾਰੇ ਗਿਆਨ ਅਤੇ ਰਣਨੀਤਕ ਰੁਝਾਨ, ਆਰਥਿਕ ਸੁਰੱਖਿਆ, ਵਿਗਿਆਨ ਅਤੇ ਤਕਨਾਲੋਜੀ, ਵਿਸ਼ਵਵਿਆਪੀ ਮੁੱਦੇ, ਅੰਤਰਰਾਸ਼ਟਰੀ ਸੁਰੱਖਿਆ ਵਾਤਾਵਰਣ, ਗੁਆਂਢੀ ਦੇਸ਼ਾਂ ਦੇ ਰਣਨੀਤਕ ਪਹਿਲੂ ਅਤੇ ਰਾਸ਼ਟਰੀ ਸੁਰੱਖਿਆ ਲਈ ਰਣਨੀਤੀਆਂ ਅਤੇ ਢਾਂਚੇ ਵਰਗੇ ਖੇਤਰਾਂ ਨੂੰ ਕਵਰ ਕਰਦਾ ਹੈ।"ਇਸ ਮੌਕੇ ਭਗਵੰਤ ਸਿੰਘ ਮਾਨ ਨੇ ਦੌਰੇ 'ਤੇ ਆਏ ਵਫ਼ਦ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਅਤੇ ਕਿਹਾ, "ਮੈਂ ਸੂਬੇ ਵਿੱਚ ਉਨ੍ਹਾਂ ਦੀ ਵਧੀਆ ਤੇ ਆਰਾਮਦਾਇਕ ਠਹਿਰ ਦੀ ਕਾਮਨਾ ਕਰਦਾ ਹਾਂ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

## ਰਾਹੁਲ ਨੇ ਸਦਨ ਦਾ ਸਮਾਂ

ਕੀਤੀ ਹੈ ਅਤੇ ਸਦਨ ਦਾ ਕੀਮਤੀ ਸਮਾਂ ਬਰਬਾਦ ਕੀਤਾ ਹੈ। ਰਿਜਿਜੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਪੀਕਰ ਓਮ ਬਿਰਲਾ ਨੇ ਪਹਿਲਾਂ ਹੀ ਰੂਲਿੰਗ ਦਿੱਤੀ ਹੋਈ ਹੈ ਕਿ ਸਦਨ 'ਚ ਸਿਰਫ ਪ੍ਰਮਾਣਿਤ ਦਸਤਾਵੇਜ਼ ਹੀ ਪੇਸ਼ ਕੀਤੇ ਜਾ ਸਕਦੇ ਹਨ। ਉਨ੍ਹਾਂ ਸਦਨ ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਕਿਤਾਬਾਂ ਜਾਂ ਨਿਊਜ਼ ਕਲਿੱਪਿੰਗਜ਼ ਜਿਨ੍ਹਾਂ ਦੀ ਕਾਰਵਾਈ ਨਾਲ ਕੋਈ ਸਬੰਧ ਨਹੀਂ ਹੈ, ਉਨ੍ਹਾਂ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ।ਜਦੋਂ ਰਾਹੁਲ ਗਾਂਧੀ ਰਾਸ਼ਟਰਪਤੀ ਦੇ ਭਾਸ਼ਣ 'ਤੇ 'ਧੰਨਵਾਦ ਦੇ ਮਤੇ' ਦੌਰਾਨ ਬੋਲਣ ਲਈ ਖੜ੍ਹੇ ਹੋਏ, ਤਾਂ ਉਨ੍ਹਾਂ ਨੇ ਭਾਜਪਾ ਸੰਸਦ ਮੈਂਬਰ ਤੇਜਸਵੀ ਸੂਰਿਆ ਵੱਲੋਂ ਕਾਂਗਰਸ 'ਤੇ ਲਗਾਏ ਗਏ ਰਾਸ਼ਟਰਵਾਦ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਜਨਰਲ ਨਰਵਣੇ ਦੀ ਕਿਤਾਬ ਦਾ ਜ਼ਿਕਰ ਸ਼ੁਰੂ ਕੀਤਾ। ਇਸ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਹੋਰ ਭਾਜਪਾ ਮੈਂਬਰਾਂ ਨੇ ਸਖ਼ਤ ਇਤਰਾਜ਼ ਜਤਾਇਆ। ਸਰਕਾਰ ਵੱਲੋਂ ਦੋਸ਼ ਲਗਾਇਆ ਗਿਆ ਕਿ ਰਾਹੁਲ ਗਾਂਧੀ ਅਜਿਹੇ ਗੈਰ-ਪ੍ਰਮਾਣਿਤ ਦਸਤਾਵੇਜ਼ਾਂ ਰਾਹੀਂ ਸਦਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

## ਟੀ.ਐਮ.ਸੀ. ਵੱਲੋਂ ਰਾਜ ਸਭਾ 'ਚੋਂ ਵਾਕਆਊਟ

ਕਿ ਇਹ ਬਕਾਇਆ ਰਕਮ ਮਨਰੇਗਾ, ਆਵਾਸ ਯੋਜਨਾ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਰਗੀਆਂ ਸਕੀਮਾਂ ਨਾਲ ਸਬੰਧਤ ਹੈ।
ਸਾਗਰਿਕਾ ਘੋਸ਼ ਨੇ ਕਿਹਾ ਕਿ ਕੇਂਦਰੀ ਬਜਟ ਵਿੱਚ ਪੱਛਮੀ ਬੰਗਾਲ ਦਾ ਇੱਕ ਵਾਰ ਵੀ ਜ਼ਿਕਰ ਨਹੀਂ ਕੀਤਾ ਗਿਆ, ਜੋ ਸੂਬੇ ਦੀ ਅਣਦੇਖੀ ਨੂੰ ਦਰਸਾਉਂਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਕੇਂਦਰ-ਰਾਜ ਸਬੰਧਾਂ ਅਤੇ ਸੰਘੀ ਢਾਂਚੇ ਦੀ ਉਲੰਘਣਾ ਹੈ, ਜੋ ਸੰਵਿਧਾਨ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਨ ਟੀਐਮਸੀ ਨੇ ਸੰਸਦ ਦੇ ਮੰਚ 'ਤੇ ਇਹ ਮੁੱਦਾ ਚੁੱਕਿਆ ਅਤੇ ਵਾਕਆਊਟ ਕੀਤਾ।

## ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ

ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਤੇ ਇਹ ਮਾਮਲਾ ਕਥਿਤ ਤੌਰ 'ਤੇ 540 ਕਰੋੜ ਰੁਪਏ ਦੀ ਜਾਇਦਾਦ ਨਾਲ ਸਬੰਧਤ ਹੈ। ਦੱਸਣਾ ਬਣਦਾ ਹੈ ਕਿ ਪਿਛਲੀ ਸੁਣਵਾਈ ਦੌਰਾਨ ਮਜੀਠੀਆ ਨੇ ਆਪਣੀ ਜਾਨ ਨੂੰ ਖ਼ਤਰੇ ਦੱਸਦੇ ਹੋਏ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਮਜੀਠੀਆ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਐਸ. ਮੁਰਲੀਧਰ ਅਤੇ ਸੂਬਾ ਸਰਕਾਰ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਸਿਧਾਰਥ ਦਵੇ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਹੁਕਮ ਪਾਸ ਕੀਤਾ।

ਅਦਾਲਤ ਨੇ ਕਿਹਾ ਕਿ ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ ਜ਼ਮਾਨਤ ਦਿੱਤੀ ਜਾ ਰਹੀ ਹੈ। ਅਦਾਲਤ ਨੇ ਖਾਸ ਤੌਰ 'ਤੇ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਕਿ ਮਜੀਠੀਆ ਨੂੰ ਐਨ.ਡੀ.ਪੀ.ਐਸ. ਮਾਮਲੇ ਵਿੱਚ ਸਾਲ 2022 ਵਿੱਚ ਜ਼ਮਾਨਤ ਮਿਲ ਚੁੱਕੀ ਹੈ, ਜਿਸ ਨੂੰ ਰੱਦ ਕਰਵਾਉਣ ਲਈ ਸੂਬਾ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਨੇ 2025 ਵਿੱਚ ਖਾਰਜ ਕਰ ਦਿੱਤੀ ਸੀ।
ਇਸ ਤੋਂ ਇਲਾਵਾ ਮਜੀਠੀਆ ਪਿਛਲੇ ਕਈ ਮਹੀਨਿਆਂ ਤੋਂ ਹਿਰਾਸਤ ਵਿੱਚ ਹਨ ਤੇ ਪੁਲਿਸ ਆਪਣੀ ਰਿਪੋਰਟ ਦਾਖਲ ਕਰ ਚੁੱਕੀ ਹੈ ਅਤੇ ਆਮਦਨ ਤੋਂ ਵੱਧ ਜਾਇਦਾਦ ਦਾ ਇਹ ਮਾਮਲਾ ਸਾਲ 2007 ਤੋਂ 2017 ਦੀ ਮਿਆਦ ਨਾਲ ਸਬੰਧਤ ਹੈ, ਜਦਕਿ ਐਫ.ਆਈ.ਆਰ. ਸਾਲ 2025 ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਦਰਜ ਕੀਤੀ ਗਈ ਸੀ।
ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਵੱਲੋਂ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਕੇ ਮੁਹਾਲੀ ਲਿਆਂਦਾ ਗਿਆ ਸੀ। ਉਨ੍ਹਾਂ ਨੂੰ ਬਾਰਾਂ ਦਿਨਾਂ ਦੇ ਪੁਲਿਸ ਰਿਮਾਂਡ ਉੱਤੇ ਰੱਖਣ ਮਗਰੋਂ 6 ਜੁਲਾਈ ਨੂੰ ਨਾਭਾ ਦੀ ਨਿਊ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਮਜੀਠੀਆ ਵੱਲੋਂ ਆਪਣੀ ਜ਼ਮਾਨਤ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਸੀ ਅਤੇ ਦੇਸ਼ ਦੀ ਸਿਖ਼ਰਲੀ ਅਦਾਲਤ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ।

## ਸਾਂਸਦ ਅੰਮ੍ਰਿਤਪਾਲ ਸਿੰਘ ਦੀ ਸੰਸਦ 'ਚ

ਅੰਮ੍ਰਿਤਪਾਲ ਸਿੰਘ ਦੇ ਤੀਜੇ ਨਿਵਾਰਕ ਨਜ਼ਰਬੰਦੀ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਅੰਮ੍ਰਿਤਪਾਲ ਸਿੰਘ 23 ਮਾਰਚ, 2023 ਤੋਂ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਲਗਾਤਾਰ ਨਜ਼ਰਬੰਦ ਹੈ ਅਤੇ ਚੁਣੇ ਹੋਏ ਸੰਸਦ ਮੈਂਬਰ ਹੋਣ ਦੇ ਬਾਵਜੂਦ ਜੇਲ੍ਹ ਵਿੱਚ ਹੈ। ਹਾਈ ਕੋਰਟ ਨੇ ਪਹਿਲਾਂ 23 ਜਨਵਰੀ ਨੂੰ ਪੰਜਾਬ ਸਰਕਾਰ ਨੂੰ ਸੰਸਦ ਦੇ ਆਉਣ ਵਾਲੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਪਾਲ ਸਿੰਘ ਦੀ ਅਸਥਾਈ ਰਿਹਾਈ ਜਾਂ ਪੈਰੋਲ ਦੀ ਪਟੀਸ਼ਨ 'ਤੇ ਸੱਤ ਕੰਮਕਾਜੀ ਦਿਨਾਂ ਦੇ ਅੰਦਰ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਸੀ। ਹਾਲਾਂਕਿ, 2 ਫਰਵਰੀ ਨੂੰ ਹੋਈ ਸੁਣਵਾਈ ਵਿੱਚ, ਸਰਕਾਰ ਨੇ ਮੰਨਿਆ ਕਿ ਪ੍ਰਤੀਨਿਧਤਾ 'ਤੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਰਾਸ਼ਟਰੀ ਸੁਰੱਖਿਆ ਐਕਟ ਦੀ ਧਾਰਾ 15 ਦੇ ਤਹਿਤ ਅਸਥਾਈ ਰਿਹਾਈ ਦੇਣ ਦੀ ਸ਼ਕਤੀ 'ਉਚਿਤ ਸਰਕਾਰ' ਕੋਲ ਹੈ, ਅਤੇ ਇਸ ਮਾਮਲੇ ਵਿੱਚ, ਪੰਜਾਬ ਸਰਕਾਰ ਕੋਲ ਇਹ ਸ਼ਕਤੀ ਸੀ।
ਅਦਾਲਤ ਨੇ ਗ੍ਰਹਿ ਸਕੱਤਰ, ਗ੍ਰਹਿ ਅਤੇ ਨਿਆਂ ਵਿਭਾਗ, ਪੰਜਾਬ ਸਰਕਾਰ ਨੂੰ 17 ਜਨਵਰੀ ਦੀ ਪਟੀਸ਼ਨ 'ਤੇ ਫੈਸਲਾ ਲੈਣ ਅਤੇ ਪਟੀਸ਼ਨਰ ਅਤੇ ਉਸਦੇ ਵਕੀਲ ਨੂੰ ਤੁਰੰਤ ਸੂਚਿਤ ਕਰਨ ਦਾ ਆਦੇਸ਼ ਵੀ ਦਿੱਤਾ। ਇਸ ਦੇ ਬਾਵਜੂਦ, ਫਾਈਲ 'ਤੇ ਕੋਈ ਠੋਸ ਪ੍ਰਗਤੀ ਨਹੀਂ ਹੋਈ ਹੈ। ਅੰਮ੍ਰਿਤਪਾਲ ਸਿੰਘ ਨੇ ਅਦਾਲਤ ਦੇ ਸਾਹਮਣੇ ਦਲੀਲ ਦਿੱਤੀ ਸੀ ਕਿ ਉਹ ਇੱਕ ਮੌਜੂਦਾ ਸੰਸਦ ਮੈਂਬਰ ਹਨ ਅਤੇ ਸੰਸਦ ਵਿੱਚ ਉਨ੍ਹਾਂ ਦੀ ਹਾਜ਼ਰੀ ਉਨ੍ਹਾਂ ਦਾ ਸੰਵਿਧਾਨਕ ਫਰਜ਼ ਹੈ, ਇਸ ਲਈ, ਉਨ੍ਹਾਂ ਨੂੰ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅਸਥਾਈ ਰਿਹਾਈ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਆਪਣੀ ਮੰਗ ਵਾਰ-ਵਾਰ ਦੱਸੀ ਹੈ, ਜਿਸ ਵਿੱਚ 17 ਜਨਵਰੀ ਨੂੰ ਗ੍ਰਹਿ ਸਕੱਤਰ ਨੂੰ ਭੇਜਿਆ ਗਿਆ ਇੱਕ ਪੱਤਰ ਵੀ ਸ਼ਾਮਲ ਹੈ, ਪਰ ਕਿਸੇ ਵੀ ਪੱਧਰ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ।
ਸੰਸਦ ਦਾ ਬਜਟ ਸੈਸ਼ਨ ਦੋ ਪੜਾਵਾਂ ਲਈ ਤਹਿ ਕੀਤਾ ਗਿਆ ਹੈ, ਪਹਿਲਾ 28 ਜਨਵਰੀ ਤੋਂ 13 ਫਰਵਰੀ ਤੱਕ, ਅਤੇ ਦੂਜਾ 9 ਮਾਰਚ ਤੋਂ 2 ਅਪ੍ਰੈਲ ਤੱਕ। ਨਤੀਜੇ ਵਜੋਂ, ਸਮਾਂ ਬੀਤਣ ਦੇ ਨਾਲ-ਨਾਲ ਉਨ੍ਹਾਂ ਦੀ ਸੰਵਿਧਾਨਕ ਭੂਮਿਕਾ ਪ੍ਰਭਾਵਿਤ ਹੋ ਰਹੀ ਹੈ। ਸੁਣਵਾਈ ਦੌਰਾਨ, ਅਦਾਲਤ ਨੇ ਇਹ ਸੰਵਿਧਾਨਕ ਸਵਾਲ ਵੀ ਉਠਾਇਆ ਕਿ ਕੀ ਇੱਕ ਚੁਣੇ ਹੋਏ ਸੰਸਦ ਮੈਂਬਰ, ਜੋ ਕਿ ਰੋਕਥਾਮ ਹਿਰਾਸਤ ਵਿੱਚ ਹੈ, ਨੂੰ ਸਪੱਸ਼ਟ ਹੁਕਮ ਤੋਂ ਬਿਨਾਂ ਸੰਸਦ ਵਿੱਚ ਅਣਮਿੱਥੇ ਸਮੇਂ ਲਈ ਆਪਣੇ ਫਰਜ਼ ਨਿਭਾਉਣ ਤੋਂ ਰੋਕਿਆ ਜਾ ਸਕਦਾ ਹੈ, ਅਤੇ ਕੀ ਇਸ ਸਥਿਤੀ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਅਨੁਸਾਰ ਵਿਚਾਰਿਆ ਜਾ ਸਕਦਾ ਹੈ। ਸਰਕਾਰ ਦੇ 'ਅਜੇ ਤੱਕ ਕੋਈ ਆਦੇਸ਼ ਨਹੀਂ' ਦੇ ਬਿਆਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਾਈ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਪ੍ਰਸ਼ਾਸਨਿਕ ਪੱਧਰ 'ਤੇ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਹਨ।

## ਪੰਜਾਬ 'ਚ ਸੀਤ ਲਹਿਰ ਜਾਰੀ !

ਬਰਨਾਲਾ, ਮਾਨਸਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਪਟਿਆਲਾ ਅਤੇ ਮਲੇਰਕੋਟਲਾ ਵਿੱਚ ਦੂਰ-ਦੁਰਾਡੇ ਥਾਵਾਂ 'ਤੇ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਲੋਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ। ਨੌਂ ਜ਼ਿਲ੍ਹਿਆਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ, ਜਦੋਂ ਕਿ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਰੂਪਨਗਰ ਅਤੇ ਐਸ.ਏ.ਐਸ. ਨਗਰ (ਮੋਹਾਲੀ) ਵਿੱਚ ਕੁਝ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ। ਇਸ ਤੋਂ ਪਹਿਲਾਂ ਐਤਵਾਰ ਨੂੰ, ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਦਰਜ ਕੀਤੀ ਗਈ, ਜਿਸ ਕਾਰਨ ਤਿੰਨਾਂ ਜ਼ਿਲ੍ਹਿਆਂ ਵਿੱਚ ਦ੍ਰਿਸ਼ਟੀ 0 ਤੋਂ 50 ਮੀਟਰ ਤੱਕ ਘੱਟ ਗਈ। ਮੌਸਮ ਵਿਭਾਗ ਅਨੁਸਾਰ ਐਤਵਾਰ ਨੂੰ ਫ਼ਰੀਦਕੋਟ ਵਿੱਚ 0.1 ਮਿਲੀਮੀਟਰ, ਮਾਨਸਾ ਵਿੱਚ 4.3 ਮਿਲੀਮੀਟਰ, ਪਠਾਨਕੋਟ ਵਿੱਚ 0.3 ਮਿਲੀਮੀਟਰ, ਪਟਿਆਲਾ ਵਿੱਚ 0.3 ਮਿਲੀਮੀਟਰ, ਰੂਪਨਗਰ ਵਿੱਚ 0.5 ਮਿਲੀਮੀਟਰ, ਸੰਗਰੂਰ ਵਿੱਚ 0.4 ਮਿਲੀਮੀਟਰ ਅਤੇ ਮੋਹਾਲੀ ਵਿੱਚ 0.8 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਇਸ ਦੇ ਨਾਲ ਹੀ, ਵੱਧ ਤੋਂ ਵੱਧ ਤਾਪਮਾਨ 19.2 ਤੋਂ 22.8 ਡਿਗਰੀ ਸੈਲਸੀਅਸ ਅਤੇ ਘੱਟੋ-ਘੱਟ ਤਾਪਮਾਨ 5.9 ਤੋਂ 11.9 ਡਿਗਰੀ ਸੈਲਸੀਅਸ ਦੇ ਵਿਚਕਾਰ ਰਿਹਾ।

## ਜਾਂਚ ਮੁਕੰਮਲ ਹੋਣ ਤੱਕ ਮਾਮਲੇ 'ਚ ਪੂਰਾ

ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿੱਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿੱਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉੱਪਰ ਵੀ ਟ੍ਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ। ਆਦੇਸ਼ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿੱਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿੱਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟ੍ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ। ਜਥੇਦਾਰ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇੱਕ ਵਾਰ ਫਿਰ ਸਖ਼ਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਇਸ ਮਾਮਲੇ ਵਿੱਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਯਾਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਪੁਲਿਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਦੇ ਚੱਲਦਿਆਂ ਇਹ ਵੀ ਸਾਹਮਣੇ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਲਈ ਪੁਲਿਸ ਵੱਲੋਂ ਬਹੁਤ ਕਾਹਲੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਤੱਥਾਂ ਰਹਿਤ ਜਾਣਕਾਰੀ ਜਨਤਕ ਕਰਨ ਵਿੱਚ ਵੀ ਕਾਹਲੀ ਕੀਤੀ ਗਈ ਹੈ, ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਭੰਗ ਹੋਣ ਜਿਹੀ ਸਥਿਤੀ ਬਨਣ ਦੇ ਹਾਲਾਤ ਵੀ ਪੈਦਾ ਹੋਏ। ਭਾਵੇਂ ਕਿ ਮੌਜੂਦਾ ਵਿਸ਼ੇਸ਼ ਜਾਂਚ ਟੀਮ ਦੀ ਯੋਗਤਾ ਉੱਤੇ ਕੋਈ ਸ਼ੰਕਾ ਨਹੀਂ, ਪਰੰਤੂ ਚੰਗਾ ਹੋਵੇ ਪੰਜਾਬ ਪੁਲਿਸ ਦੀ ਜਾਂਚ ਟੀਮ ਉਹ ਹੋਵੇ ਜਿਸ ਨੂੰ ਗੁਰਮਤਿ ਅਤੇ ਸਿੱਖ ਮਰਯਾਦਾ ਦੀ ਪੂਰਨ ਸਮਝ ਹੋਵੇ ਅਤੇ ਅੰਮ੍ਰਿਤਧਾਰੀ ਸਿੱਖਾਂ ਅਧਾਰਤ ਟੀਮ ਹੋਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੰਜੀਦਗੀ, ਸਹਿਣਸ਼ੀਲਤਾ, ਗੁਰੂ ਸਾਹਿਬ ਦੀ ਬਖ਼ਸ਼ੀ ਬਿਬੇਕ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ, ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਅਤੇ ਸਤਿਕਾਰ ਨੂੰ ਹਮੇਸ਼ਾ ਧਿਆਨ ਵਿੱਚ ਰੱਖਿਆ ਜਾਵੇ।

## ਸ਼੍ਰੋਮਣੀ ਕਮੇਟੀ ਵੱਲੋਂ ਏ.ਆਈ. ਤਕਨੀਕ ਦੇ ਮਾਹਿਰਾਂ ਦੀ

ਖੇਤਰ ਵਿਚ ਤਜ਼ਰਬਾ ਰੱਖਣ ਵਾਲੇ ਮਾਹਿਰਾਂ ਦੀ ਸਬ-ਕਮੇਟੀ ਗਠਿਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ
ਪ੍ਰਤਾਪ ਸਿੰਘ ਨੇ ਦੱਸਿਆ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀਆਂ ਵੀਡੀਓ ਅਤੇ ਹੋਰ ਸਮੱਗਰੀ ਸੋਸ਼ਲ ਮੀਡੀਆ 'ਤੇ ਲਗਾਤਾਰ ਵਧ ਰਹੀ ਹੈ, ਜਿਸ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਵੱਲੋਂ ਇਸ ਖੇਤਰ ਵਿਚ ਕਾਰਜਸ਼ੀਲ ਕਾਨੂੰਨੀ ਤੇ ਮਾਹਿਰ ਸ਼ਖ਼ਸੀਅਤਾਂ 'ਤੇ ਨਿਰਧਾਰਿਤ ਇਕ ਸਬ-ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਪ੍ਰਤਾਪ ਸਿੰਘ ਨੇ ਦੱਸਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਗਈ ਇਸ ਕਮੇਟੀ 'ਚ ਡਾ. ਹਰਜਿੰਦਰ ਸਿੰਘ ਸੰਧੂ ਅਮਰੀਕਾ, ਹਰਮੀਤਸ਼ਾਹ ਸਿੰਘ ਯੂਕੇ, ਡਾ. ਸਰਬਜੋਤ ਸਿੰਘ ਯੂ.ਕੇ., ਡਾ. ਹਰਸਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਡਾ. ਗੁਰਪਾਲ ਸਿੰਘ ਖਾਲਸਾ ਕਾਲਜ ਪਟਿਆਲਾ, ਡਾ. ਜਗਦੀਪ ਸਿੰਘ ਮੱਲ੍ਹੀ ਗੁਰੂ ਨਾਨਕ ਇੰਜੀਅਰਿੰਗ ਕਾਲਜ ਲੁਧਿਆਣਾ, ਡਾ. ਸਤਿੰਦਰਪਾਲ ਸਿੰਘ ਗੁਰੂ ਨਾਨਕ ਇੰਜੀਅਨਿੰਗ ਕਾਲਜ ਲੁਧਿਆਣਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਿਸਟਮ ਐਡਮਿਨਸਟ੍ਰੇਟਰ ਕਰਮਵੀਰ ਸਿੰਘ ਹੋਣਗੇ। ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਸਬ-ਕਮੇਟੀ ਏ.ਆਈ. ਤਕਨੀਕ ਨਾਲ ਸਿੱਖ ਧਰਮ ਖਿਲਾਫ਼ ਸੋਸ਼ਲ ਮੀਡੀਆ 'ਤੇ ਪ੍ਰਚਾਰੀ ਜਾ ਰਹੀ ਸਮੱਗਰੀ ਨੂੰ ਰੋਕਣ ਲਈ ਏ.ਆਈ. ਤਕਨੀਕ ਦੀਆਂ ਪ੍ਰਮੁੱਖ ਕੰਪਨੀਆਂ ਨਾਲ ਵੀ ਰਾਬਤਾ ਬਣਾਉਣ ਲਈ ਕਾਰਜ ਕਰੇਗੀ।

## ਸੁਪਰੀਮ ਕੋਰਟ ਵੱਲੋਂ ਕੇਂਦਰ ਅਤੇ

ਲਗਾਉਣ ਦੀ ਮੰਗ ਕੀਤੀ ਹੈ। ਮਾਮਲੇ ਦੀ ਅਹਿਮੀਅਤ ਨੂੰ ਦੇਖਦਿਆਂ ਅਦਾਲਤ ਨੇ ਨਿਰਦੇਸ਼ ਦਿੱਤਾ ਹੈ ਕਿ ਹੁਣ ਤਿੰਨ ਜੱਜਾਂ ਦੀ ਬੈਂਚ ਇਸ ਮਾਮਲੇ ਨਾਲ ਜੁੜੀਆਂ ਸਾਰੀਆਂ ਪਟੀਸ਼ਨਾਂ 'ਤੇ ਇਕੱਠਿਆਂ ਸੁਣਵਾਈ ਕਰੇਗੀ।
ਇਨ੍ਹਾਂ ਰਾਜਾਂ ਤੋਂ ਮੰਗਿਆ ਜਵਾਬ
ਸੁਪਰੀਮ ਕੋਰਟ ਨੇ ਕੇਂਦਰ ਤੋਂ ਇਲਾਵਾ ਹੇਠ ਲਿਖੇ 12 ਰਾਜਾਂ ਨੂੰ ਨੋਟਿਸ ਜਾਰੀ ਕੀਤੇ ਹਨ:
ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਉੜੀਸਾ, ਅਰੁਣਾਚਲ ਪ੍ਰਦੇਸ਼, ਕਰਨਾਟਕ ਅਤੇ ਝਾਰਖੰਡ।
ਕੀ ਹਨ ਮੁੱਖ ਦਲੀਲਾਂ ?
ਐਨ.ਸੀ.ਸੀ.ਆਈ. ਦੀ ਸੀਨੀਅਰ ਵਕੀਲ ਮੀਨਾਕਸ਼ੀ ਅਰੋੜਾ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਕਈ ਰਾਜਾਂ ਵਿੱਚ ਇਨ੍ਹਾਂ ਕਾਨੂੰਨਾਂ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ, ਜਿਸ ਨਾਲ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਹਨਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਰਾਜਾਂ ਦੇ ਕਾਨੂੰਨ ਅਜਿਹੇ ਹਨ ਜੋ ਵੱਖ-ਵੱਖ ਸਮੂਹਾਂ ਨੂੰ ਸ਼ਿਕਾਇਤਾਂ ਦਰਜ ਕਰਨ ਲਈ ਉਤਸ਼ਾਹਿਤ ਕਰਦੇ ਹਨ।
ਦੂਜੇ ਪਾਸੇ, ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਇਨ੍ਹਾਂ ਦਲੀਲਾਂ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਜਵਾਬ ਤਿਆਰ ਹੈ ਅਤੇ ਜਲਦੀ ਹੀ ਦਾਇਰ ਕਰ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਕਾਨੂੰਨ ਸੁਪਰੀਮ ਕੋਰਟ ਦੀ 5 ਜੱਜਾਂ ਦੀ ਬੈਂਚ ਵੱਲੋਂ ਪਹਿਲਾਂ ਦਿੱਤੇ ਗਏ ਫੈਸਲਿਆਂ ਦੇ ਦਾਇਰੇ ਵਿੱਚ ਆਉਂਦੇ ਹਨ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਾਨੂੰਨਾਂ ਦੇ ਸੰਚਾਲਨ 'ਤੇ ਰੋਕ ਲਗਾਉਣ ਦੀ ਮੰਗ 'ਤੇ ਸਾਰੇ ਜਵਾਬ ਮਿਲਣ ਤੋਂ ਬਾਅਦ ਹੀ ਵਿਚਾਰ ਕਰੇਗੀ।

## ਸੀ.ਬੀ.ਆਈ. ਵੱਲੋਂ ਪੰਜਾਬ ਸਣੇ 10 ਸੂਬਿਆਂ 'ਚ

ਤੇਲੰਗਾਨਾ ਅਤੇ ਪੱਛਮੀ ਬੰਗਾਲ 'ਚ ਕੁੱਲ 35 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਇਸ ਕਾਰਵਾਈ ਦੌਰਾਨ ਏਜੰਸੀ ਨੇ ਇਕ ਮੁੱਖ ਮੁਲਜ਼ਮ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਸੀ.ਬੀ.ਆਈ. ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਕਾਰਵਾਈ ਰਾਹੀਂ ਉਨ੍ਹਾਂ ਅੰਤਰਰਾਸ਼ਟਰੀ ਸਾਈਬਰ ਵਿੱਤੀ ਅਪਰਾਧ ਨੈੱਟਵਰਕਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ, ਜੋ ਭਾਰਤ ਅਤੇ ਹੋਰ ਦੇਸ਼ਾਂ ਤੋਂ ਬੈਠ ਕੇ ਫਰਜ਼ੀ ਨਾਵਾਂ ਹੇਠ ਲੋਕਾਂ ਨਾਲ ਠੱਗੀ ਮਾਰਦੇ ਸਨ। ਵਿਸ਼ੇਸ਼ ਤੌਰ 'ਤੇ ਨਵੀਂ ਦਿੱਲੀ 'ਚ ਚੱਲ ਰਹੇ ਇੱਕ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ, ਜੋ ਅਮਰੀਕਾ ਦੇ ਪੀੜਤਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਇਹ ਅਪਰਾਧੀ ਅਮਰੀਕਾ, ਬ੍ਰਿਟੇਨ, ਕੁਵੈਤ, ਆਇਰਲੈਂਡ, ਸਿੰਗਾਪੁਰ ਅਤੇ ਭਾਰਤ ਦੇ ਨਾਗਰਿਕਾਂ ਨੂੰ ਆਨਲਾਈਨ ਤਰੀਕਿਆਂ ਨਾਲ ਆਪਣਾ ਸ਼ਿਕਾਰ ਬਣਾਉਂਦੇ ਸਨ। ਤਲਾਸ਼ੀ ਦੌਰਾਨ ਸੀ.ਬੀ.ਆਈ. ਨੇ ਮੁਲਜ਼ਮਾਂ ਕੋਲੋਂ ਅਪਰਾਧ ਨਾਲ ਸਬੰਧਤ ਕਈ ਇਲੈਕਟ੍ਰਾਨਿਕ ਉਪਕਰਨ ਜ਼ਬਤ ਕੀਤੇ ਹਨ। ਇਨ੍ਹਾਂ 'ਚ ਲੈਪਟਾਪ, ਮੋਬਾਈਲ ਫੋਨ ਅਤੇ ਕੰਪਿਊਟਰ ਹਾਰਡ ਡਿਸਕਾਂ ਸ਼ਾਮਲ ਹਨ, ਜਿਨ੍ਹਾਂ 'ਚ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਇਤਰਾਜ਼ਯੋਗ ਡਿਜੀਟਲ ਸਬੂਤ ਮਿਲੇ ਹਨ।

## ਵੋਟਰ ਸੂਚੀਆਂ 'ਚੋਂ ਗ਼ਲਤੀਆਂ ਦੂਰ ਕਰਨ ਦੇ ਆਦੇਸ਼

ਹੋ ਸਕਦਾ ਹੈ ਕਿ ਇਹ ਸਖਤੀ ਬਿਹਾਰ ਵਰਗੇ ਸੂਬਿਆਂ ਵਿੱਚ ਵੋਟਰ ਸੂਚੀਆਂ ਵਿੱਚ ਜਾਨਵਰਾਂ ਜਾਂ ਹੋਰ ਅਜੀਬੋ-ਗਰੀਬ ਤਸਵੀਰਾਂ ਵਾਇਰਲ ਹੋਣ ਵਰਗੀਆਂ ਘਟਨਾਵਾਂ ਤੋਂ ਸਬਕ ਲੈਂਦਿਆਂ ਕੀਤੀ ਗਈ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਤਰਕਹੀਣ ਗਲਤੀ ਦੀ ਗੁੰਜਾਇਸ਼ ਨਾ ਰਹੇ। ਦੂਜੇ ਪਾਸੇ, ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਬੀ.ਐੱਲ.ਓਜ਼. ਨੇ ਆਪਣੀਆਂ ਮੁਸ਼ਕਲਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਦਿਨ ਵੇਲੇ ਚੋਣ ਕਮਿਸ਼ਨ ਦੀ ਅਧਿਕਾਰਤ ਐਪ ਬਹੁਤ ਹੌਲੀ ਚੱਲਦੀ ਹੈ, ਜਿਸ ਕਾਰਨ ਕੰਮ ਵਿੱਚ ਕਾਫੀ ਦਿੱਕਤ ਆਉਂਦੀ ਹੈ। ਤਕਨੀਕੀ ਖ਼ਾਮੀਆਂ ਦੇ ਬਾਵਜੂਦ, ਪ੍ਰਸ਼ਾਸਨ ਵੱਲੋਂ ਇਸ ਕੰਮ ਨੂੰ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕਰਨ ਦਾ ਭਾਰੀ ਦਬਾਅ ਬਣਾਇਆ ਜਾ ਰਿਹਾ ਹੈ।

## ਦਲਾਈਲਾਮਾ ਨੂੰ ਇਹ ਗ੍ਰੈਮੀ ਸਿਰਫ਼ ਇੱਕ ਐਵਾਰਡ ਨਹੀਂ,

ਅਤੇ ਅਯਾਨ ਅਲੀ ਬੰਗਸ਼ ਨਾਲ ਸਹਿਯੋਗ ਨੇ ਇਸ ਨੂੰ ਇੱਕ ਵਿਲੱਖਣ ਸੰਗੀਤਕ ਅਨੁਭਵ ਬਣਾਇਆ ਹੈ। ਪਿਛੋਕੜ ਵਿੱਚ ਸੰਗੀਤ ਦੀ ਮਿਠਾਸ ਅਤੇ ਦਲਾਈ ਲਾਮਾ ਦੀ ਨਰਮ, ਗਹਿਰੀ ਅਵਾਜ਼ ਨੇ ਸੁਣਨ ਵਾਲੇ ਨੂੰ ਧਿਆਨ ਅਤੇ ਸ਼ਾਂਤੀ ਵੱਲ ਖਿੱਚਿਆ ਹੈ।
90 ਸਾਲ ਦੀ ਉਮਰ ਵਿੱਚ ਇਹ ਪਹਿਲੀ ਵਾਰ ਗ੍ਰੈਮੀ ਜਿੱਤਣਾ ਦਰਸਾਉਂਦਾ ਹੈ ਕਿ ਸੱਚੀ ਅਧਿਆਤਮਕਤਾ ਅਤੇ ਸ਼ਾਂਤੀ ਦਾ ਸੰਦੇਸ਼ ਕਦੇ ਵੀ ਪੁਰਾਣਾ ਨਹੀਂ ਹੁੰਦਾ। ਇਹ ਉਮਰ ਦੀਆਂ ਸੀਮਾਵਾਂ ਤੋਂ ਪਰੇ ਹੈ। ਦਲਾਈ ਲਾਮਾ ਨੇ ਆਪਣੀ ਪ੍ਰਤੀਕਿਰਿਆ ਵਿੱਚ ਕਿਹਾ ਹੈ ਕਿ ਉਹ ਇਸ ਨੂੰ ਵਿਅਕਤੀਗਤ ਸਫਲਤਾ ਨਹੀਂ, ਸਗੋਂ 'ਸਾਂਝੀ ਵਿਸ਼ਵਿਕ ਜ਼ਿੰਮੇਵਾਰੀ' ਦੀ ਮਾਨਤਾ ਵਜੋਂ ਵੇਖਦੇ ਹਨ। ਉਨ੍ਹਾਂ ਦਾ ਧੰਨਵਾਦ ਅਤੇ ਨਿਮਰਤਾ ਵਾਲਾ ਰਵੱਈਆ ਉਨ੍ਹਾਂ ਦੀ ਸਿੱਖਿਆ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ—ਕਿ ਅਸੀਂ ਸਾਰੇ ਮਨੁੱਖ ਇੱਕ ਦੂਜੇ ਨਾਲ ਜੁੜੇ ਹੋਏ ਹਾਂ ਅਤੇ ਕਰੁਣਾ ਤੇ ਦਇਆ ਨਾਲ ਹੀ ਦੁਨੀਆ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ।ਇਸ ਜਿੱਤ ਨੇ ਵਿਸ਼ਵ ਪੱਧਰ 'ਤੇ ਚਰਚਾ ਵੀ ਛੇੜ ਦਿੱਤੀ ਹੈ।
ਅੱਜ ਚੀਨ ਨੇ ਇਸ ਨੂੰ 'ਰਾਜਨੀਤਕ ਹੱਥਿਆਰ' ਵਜੋਂ ਨਿਖੇੜਿਆ ਹੈ, ਜੋ ਦਲਾਈ ਲਾਮਾ ਦੀ ਅੰਤਰਰਾਸ਼ਟਰੀ ਪ੍ਰਭਾਵਸ਼ਾਲੀ ਭੂਮਿਕਾ ਨੂੰ ਹੋਰ ਉਜਾਗਰ ਕਰਦਾ ਹੈ। ਪਰ ਇਹ ਪੁਰਸਕਾਰ ਰਾਜਨੀਤੀ ਤੋਂ ਵੱਧ ਅਧਿਆਤਮਕਤਾ ਅਤੇ ਮਨੁੱਖੀ ਮੁੱਲਾਂ ਦੀ ਜਿੱਤ ਹੈ। ਇਹ ਦਰਸਾਉਂਦਾ ਹੈ ਕਿ ਸੰਗੀਤ ਅਤੇ ਆਡੀਓ ਦੀ ਦੁਨੀਆ ਵਿੱਚ ਵੀ ਸ਼ਾਂਤੀ ਦਾ ਸੰਦੇਸ਼ ਆਪਣੀ ਜਗ੍ਹਾ ਬਣਾ ਰਿਹਾ ਹੈ। ਗ੍ਰੈਮੀ ਵਰਗੇ ਮੰਚ 'ਤੇ ਅਧਿਆਤਮਕ ਚਿੰਤਨ ਦੀ ਮਾਨਤਾ ਨੂੰ ਲੈ ਕੇ ਬਹੁਤ ਸਾਰੇ ਲੋਕ ਖੁਸ਼ ਹਨ, ਕਿਉਂਕਿ ਇਹ ਸਾਬਤ ਕਰਦਾ ਹੈ ਕਿ ਸੱਚੀ ਲੋਕਪ੍ਰਿਅਤਾ ਸਰਹੱਦਾਂ, ਧਰਮਾਂ ਅਤੇ ਉਮਰਾਂ ਤੋਂ ਪਰੇ ਹੁੰਦੀ ਹੈ।ਦਲਾਈ ਲਾਮਾ ਦੀ ਇਹ ਜਿੱਤ ਨੌਜਵਾਨ ਪੀੜ੍ਹੀ ਨੂੰ ਵੀ ਪ੍ਰੇਰਿਤ ਕਰੇਗੀ। ਇਹ ਸਿਖਾਉਂਦੀ ਹੈ ਕਿ ਜੀਵਨ ਦੇ ਕਿਸੇ ਵੀ ਪੜਾਅ 'ਤੇ ਸਕਾਰਾਤਮਕ ਯੋਗਦਾਨ ਦੇਣਾ ਸੰਭਵ ਹੈ। ਉਨ੍ਹਾਂ ਦੀ ਅਵਾਜ਼, ਜੋ ਦਹਾਕਿਆਂ ਤੋਂ ਸ਼ਾਂਤੀ ਅਤੇ ਅਹਿੰਸਾ ਦਾ ਪ੍ਰਚਾਰ ਕਰ ਰਹੀ ਹੈ, ਹੁਣ ਗ੍ਰੈਮੀ ਦੇ ਸਨਮਾਨ ਨਾਲ ਨਵੀਂ ਊਰਜਾ ਨਾਲ ਗੂੰਜ ਰਹੀ ਹੈ। ਇਹ ਨਾ ਸਿਰਫ਼ ਉਨ੍ਹਾਂ ਦੀ ਵਿਅਕਤੀਗਤ ਉਪਲਬਧੀ ਹੈ, ਸਗੋਂ ਪੂਰੀ ਮਨੁੱਖਤਾ ਲਈ ਇੱਕ ਸੰਦੇਸ਼ ਹੈ—ਕਿ ਸ਼ਾਂਤੀ ਅਤੇ ਕਰੁਣਾ ਹੀ ਅਸਲ ਸੰਗੀਤ ਹਨ ਜੋ ਦਿਲਾਂ ਨੂੰ ਜੋੜਦੇ ਹਨ।
ਅੱਜ ਦੇ ਤਣਾਅਪੂਰਨ ਸਮੇਂ ਵਿੱਚ, ਜਦੋਂ ਦੁਨੀਆ ਵੰਡਾਂ ਅਤੇ ਟਕਰਾਅ ਨਾਲ ਭਰੀ ਹੋਈ ਹੈ, ਦਲਾਈ ਲਾਮਾ ਦੀ ਇਹ ਜਿੱਤ ਇੱਕ ਰੌਸ਼ਨ ਕਿਰਨ ਵਾਂਗ ਹੈ। ਇਹ ਸਾਨੂੰ ਯਾਦ ਕਰਵਾਉਂਦੀ ਹੈ ਕਿ ਸੱਚੀ ਸਫਲਤਾ ਪੈਸੇ ਜਾਂ ਸ਼ੋਹਰਤ ਵਿੱਚ ਨਹੀਂ, ਸਗੋਂ ਮਨੁੱਖੀ ਮੁੱਲਾਂ ਨੂੰ ਫੈਲਾਉਣ ਵਿੱਚ ਹੈ। ਲੰਮੀ ਉਮਰ, ਅਟੱਲ ਸਿਹਤ ਅਤੇ ਅਨੰਤ ਪ੍ਰੇਰਨਾ ਨਾਲ, ਦਲਾਈ ਲਾਮਾ ਅੱਜ ਵੀ ਸਾਡੇ ਸਾਰਿਆਂ ਲਈ ਇੱਕ ਜੀਵੰਤ ਮਿਸਾਲ ਹਨ।
ਇਹ ਗ੍ਰੈਮੀ ਨਾ ਸਿਰਫ਼ ਇੱਕ ਅਵਾਰਡ ਹੈ—ਇਹ ਸ਼ਾਂਤੀ ਦੇ ਸੰਦੇਸ਼ ਦੀ ਵਿਸ਼ਵਵਿਆਪੀ ਮਾਨਤਾ ਹੈ।

## ਸੰਪਾਦਕੀ

# ਆਰ. ਟੀ. ਆਈ. 'ਤੇ ਨਵਾਂ ਕਾਨੂੰਨ

ਸੂਚਨਾ ਅਧਿਕਾਰ (ਆਰ.ਟੀ.ਆਈ.) ਐਕਟ ਨੇ ਦੇਸ਼ ਵਿੱਚ ਲੋਕਤੰਤਰ ਦੀ ਨੀਂਹ ਨੂੰ ਮਜ਼ਬੂਤ ਕੀਤਾ ਹੈ। ਇਸਦਾ ਮੁੱਖ ਉਦੇਸ਼ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣਾ ਹੈ। ਇਹ ਨਾਗਰਿਕਾਂ ਨੂੰ ਸਰਕਾਰੀ ਮਸ਼ੀਨਰੀ ਅਤੇ ਇਸਦੇ ਕਾਰਜਾਂ ਬਾਰੇ ਜਾਣਕਾਰੀ ਤੱਕ ਪਹੁੰਚ ਕਰਨ ਦਾ ਅਧਿਕਾਰ ਦਿੰਦਾ ਹੈ। ਇਹ ਕਾਨੂੰਨ ਸਰਕਾਰ ਅਤੇ ਜਨਤਾ ਵਿਚਕਾਰ ਜਾਣਕਾਰੀ ਦੇ ਪੁਲ ਦਾ ਕੰਮ ਕਰਦਾ ਹੈ, ਆਪਸੀ ਵਿਸ਼ਵਾਸ ਪੈਦਾ ਕਰਦਾ ਹੈ। ਇਹ ਭ੍ਰਿਸ਼ਟਾਚਾਰ ਨੂੰ ਰੋਕਣ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜੇਕਰ ਇੱਕ ਸਿਹਤਮੰਦ ਲੋਕਤੰਤਰੀ ਪ੍ਰਣਾਲੀ ਲਈ ਇਹਨਾਂ ਜ਼ਰੂਰੀ ਵਿਸ਼ੇਸ਼ਤਾਵਾਂ ਨੂੰ ਘੱਟ ਜਾਂ ਘਟਾਅ ਦਿੱਤਾ ਜਾਂਦਾ ਹੈ, ਤਾਂ ਕਾਨੂੰਨ ਬਿਨਾਂ ਸ਼ੱਕ ਕਮਜ਼ੋਰ ਹੋ ਜਾਵੇਗਾ। ਇਹ ਮੁੱਦਾ ਚਰਚਾ ਦਾ ਵਿਸ਼ਾ ਬਣ ਗਿਆ ਹੈ ਕਿਉਂਕਿ ਸੰਸਦ ਵਿੱਚ ਪੇਸ਼ ਕੀਤੀ ਗਈ ਹਾਲੀਆ ਆਰਥਿਕ ਸਰਵੇਖਣ ਰਿਪੋਰਟ ਵਿੱਚ ਆਰ.ਟੀ.ਆਈ. ਐਕਟ ਦੀ ਮੁੜ ਜਾਂਚ ਦੀ ਵਕਾਲਤ ਕੀਤੀ ਗਈ ਸੀ। ਇਹ ਦਲੀਲ ਦਿੱਤੀ ਗਈ ਹੈ ਕਿ ਗੁਪਤ ਰਿਪੋਰਟਾਂ ਅਤੇ ਡਰਾਫਟ ਨੂੰ ਜਨਤਕ ਕਰਨ ਤੋਂ ਛੋਟ ਦੇਣ ਲਈ ਪ੍ਰਬੰਧਾਂ ਦੀ ਲੋੜ ਹੈ। ਇਹ ਧਿਆਨ ਦੇਣ ਯੋਗ ਹੈ ਕਿ ਇਹ ਕਾਨੂੰਨ 2005 ਵਿੱਚ ਸੂਚਨਾ ਅਧਿਕਾਰ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਦੇ ਜਵਾਬ ਵਿੱਚ ਲਾਗੂ ਕੀਤਾ ਗਿਆ ਸੀ। ਇਸ ਐਕਟ ਦੇ ਤਹਿਤ, ਹਰ ਨਾਗਰਿਕ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਤੋਂ ਉਨ੍ਹਾਂ ਦੇ ਕੰਮਕਾਜ, ਯੋਜਨਾਵਾਂ ਅਤੇ ਉਨ੍ਹਾਂ ਦੇ ਪ੍ਰਭਾਵ, ਵਿੱਤੀ ਸਥਿਤੀ ਅਤੇ ਨਿਯਮਾਂ ਬਾਰੇ ਜਾਣਕਾਰੀ ਦੀ ਬੇਨਤੀ ਕਰ ਸਕਦਾ ਹੈ। ਸਬੰਧਤ ਅਧਿਕਾਰੀ ਇੱਕ ਨਿਰਧਾਰਤ ਸਮੇਂ ਦੇ ਅੰਦਰ ਇਹ ਜਾਣਕਾਰੀ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹਨ। ਹਾਲਾਂਕਿ, ਸਮੇਂ ਦੇ ਨਾਲ, ਸਰਕਾਰੀ ਤੰਤਰ ਦੇ ਅੰਦਰ ਸਵਾਰਥੀ ਹਿੱਤਾਂ ਦੁਆਰਾ ਕੀਤੀ ਗਈ ਉਦਾਸੀਨਤਾ, ਲਾਪਰਵਾਹੀ ਅਤੇ ਜਾਣਕਾਰੀ ਨੂੰ ਛੁਪਾਉਣ ਦੀਆਂ ਕੋਸ਼ਿਸ਼ਾਂ ਕਾਰਨ ਇਸ ਕਾਨੂੰਨ ਦੀ ਪ੍ਰਭਾਵਸ਼ੀਲਤਾ ਵਿੱਚ ਗਿਰਾਵਟ ਆਈ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਸੰਦਰਭ ਵਿੱਚ, ਆਰਥਿਕ ਸਰਵੇਖਣ ਰਿਪੋਰਟ ਵਿੱਚ ਸੂਚਨਾ ਅਧਿਕਾਰ ਕਾਨੂੰਨ ਦੀ ਮੁੜ ਜਾਂਚ ਕਰਨ ਅਤੇ ਕੁਝ ਮਾਮਲਿਆਂ ਵਿੱਚ ਛੋਟਾਂ ਪ੍ਰਾਪਤ ਕਰਨ ਦੀ ਵਕਾਲਤ ਨੇ ਚਿੰਤਾ ਦੇ ਪੱਧਰ ਨੂੰ ਹੋਰ ਵਧਾ ਦਿੱਤਾ ਹੈ। ਜਦੋਂ, ਇੱਕ ਪਾਸੇ, ਸਰਕਾਰ ਆਪਣੇ ਕੰਮਕਾਜ ਵਿੱਚ ਪਾਰਦਰਸ਼ਤਾ 'ਤੇ ਜ਼ੋਰ ਦਿੰਦੀ ਹੈ ਅਤੇ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਅਪਣਾਉਂਦੀ ਹੈ, ਜਦੋਂ ਕਿ ਦੂਜੇ ਪਾਸੇ, ਸੂਚਨਾ ਅਧਿਕਾਰ ਕਾਨੂੰਨ ਨੂੰ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਤਾਂ ਇਹ ਨੀਤੀ ਅਤੇ ਇਰਾਦੇ ਵਿਚਕਾਰ ਵਿਰੋਧਾਭਾਸ ਪੈਦਾ ਕਰਦਾ ਹੈ। ਆਰਥਿਕ ਸਰਵੇਖਣ ਨੇ ਇਹ ਵੀ ਨੋਟ ਕੀਤਾ ਕਿ ਆਰਟੀਆਈ ਐਕਟ ਕਦੇ ਵੀ ਵਿਅਰਥ ਉਤਸੁਕਤਾ ਦਾ ਸਰੋਤ ਬਣਨ ਦਾ ਇਰਾਦਾ ਨਹੀਂ ਸੀ, ਨਾ ਹੀ ਇਸਦਾ ਉਦੇਸ਼ ਸਰਕਾਰ ਦੇ ਹਰ ਛੋਟੇ ਤੋਂ ਛੋਟੇ ਕੰਮ ਨੂੰ ਬਾਹਰੋਂ ਦਖਲ ਦੇਣਾ ਜਾਂ ਕੰਟਰੋਲ ਕਰਨਾ ਸੀ। ਇਹ ਸੱਚ ਹੈ ਕਿ ਬਿਨਾਂ ਕਿਸੇ ਕਾਰਨ ਦੇ ਇਸ ਕਾਨੂੰਨ ਦਾ ਸਹਾਰਾ ਲੈਣਾ ਜਾਂ ਸਰਕਾਰ ਦੇ ਕੰਮਕਾਜ ਵਿੱਚ ਯੋਜਨਾਬੱਧ ਢੰਗ ਨਾਲ ਰੁਕਾਵਟ ਪਾਉਣਾ ਉਚਿਤ ਨਹੀਂ ਹੈ। ਪਰ ਸਵਾਲ ਇਹ ਹੈ ਕਿ, ਕਿੰਨੇ ਲੋਕ ਇਸ ਤਰੀਕੇ ਨਾਲ ਆਰ.ਟੀ.ਆਈ. ਕਾਨੂੰਨ ਦੀ ਦੁਰਵਰਤੋਂ ਕਰਨਗੇ ? ਸਪੱਸ਼ਟ ਤੌਰ 'ਤੇ ਇਸ ਵਿੱਚ ਸਿਰਫ ਇੱਕ ਖਾਸ ਸ਼੍ਰੇਣੀ ਦੇ ਕੁਝ ਵਿਅਕਤੀ ਸ਼ਾਮਲ ਹੋਣਗੇ, ਪਰ ਕੀ ਸਾਰੇ ਨਾਗਰਿਕਾਂ ਦੇ ਸੂਚਨਾ ਅਧਿਕਾਰ ਨੂੰ ਉਨ੍ਹਾਂ ਨੂੰ ਰੋਕਣ ਲਈ ਸੀਮਤ ਕਰਨਾ ਚਾਹੀਦਾ ਹੈ ? ਇਸ ਕਾਨੂੰਨ ਵਿੱਚ ਪਹਿਲਾਂ ਹੀ ਕਈ ਉਪਬੰਧ ਹਨ ਜੋ ਰਾਸ਼ਟਰੀ ਸੁਰੱਖਿਆ, ਪ੍ਰਭੂਸੱਤਾ, ਜਾਂਚ ਪ੍ਰਕਿਰਿਆਵਾਂ ਅਤੇ ਨਿੱਜੀ ਗੋਪਨੀਯਤਾ, ਹੋਰ ਸੰਵੇਦਨਸ਼ੀਲ ਮੁੱਦਿਆਂ ਨਾਲ ਸਬੰਧਤ ਜਾਣਕਾਰੀ ਦੇ ਖੁਲਾਸੇ ਨੂੰ ਰੋਕਦੇ ਹਨ। ਹੁਣ, ਜੇਕਰ ਜਾਣਕਾਰੀ ਨੂੰ ਰੋਕਣ ਲਈ ਹੋਰ ਉਪਬੰਧ ਪੇਸ਼ ਕੀਤੇ ਜਾਂਦੇ ਹਨ, ਤਾਂ ਇਹ ਕਾਨੂੰਨ ਅਸਲ ਵਿੱਚ ਇਸਨੂੰ ਕਮਜ਼ੋਰ ਕਰ ਦੇਵੇਗਾ ਅਤੇ ਇਸਦਾ ਉਦੇਸ਼ ਅਸਫਲ ਹੋ ਜਾਵੇਗਾ।

**-ਜਗਜੀਤ ਸਿੰਘ ਦਰਦੀ**

# "ਮੈਂ ਪੰਜਾਬ ਦੀ ਧਰਤੀ ਨੂੰ ਨਮਨ ਕਰਦਾ ਹਾਂ" ਬੋਲ ਕੇ ਪ੍ਰਧਾਨ ਮੰਤਰੀ ਨੇ ਭਾਜਪਾ ਦੇ ਦਰਵਾਜ਼ੇ ਦੁਆਬੇ ਵਿੱਚ ਖੋਲ੍ਹ ਦਿੱਤੇ

## 2026 ਬਜਟ ਵਿੱਚ ਪੰਜਾਬ ਨੂੰ ਕੀ ਮਿਲਿਆ ? ਰਾਜਪਾਲ ਤੇ ਮੁੱਖ ਮੰਤਰੀ ਦੋਵੇਂ ਪ੍ਰੋਟੋਕੋਲ 'ਚੋਂ ਗਾਇਬ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

1 ਫਰਵਰੀ 2026 ਨੂੰ ਗੁਰੂ ਰਵਿਦਾਸ ਜੈਅੰਤੀ ਦੇ ਪਵਿੱਤਰ ਮੌਕੇ 'ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿੱਚ ਸਥਿਤ ਸੱਚਖੰਡ ਡੇਰਾ ਸੱਚਖੰਡ ਬਲਾਂ ਵਿਖੇ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਭਰੀ। ਇਹ ਘਟਨਾ ਨਾ ਸਿਰਫ਼ ਧਾਰਮਿਕ ਅਤੇ ਆਧਿਆਤਮਿਕ ਮਹੱਤਵ ਵਾਲੀ ਸੀ, ਸਗੋਂ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਅਹਿਮ ਮੋੜ ਵਜੋਂ ਵੀ ਵੇਖੀ ਜਾ ਰਹੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਖਿੱਤੇ ਵਿੱਚ ਕਿਸੇ ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਕਰਕੇ ਪ੍ਰਧਾਨ ਮੰਤਰੀ ਮੋਦੀ ਦਾ ਆਉਣਾ ਦੁਆਬੇ ਦੀਆਂ 23 ਸੀਟਾਂ 'ਤੇ ਭਾਜਪਾ ਦੇ ਦਰਵਾਜ਼ੇ ਖੋਲ੍ਹਣਾ ਵੀ ਹੈ।

ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਪੰਜਾਬੀ ਵਿੱਚ ਇਸ ਲਾਈਨ ਨਾਲ ਕੀਤੀ: ਮੈਂ ਪੰਜਾਬ ਦੀ ਧਰਤੀ ਨੂੰ ਨਮਨ ਕਰਦਾ ਹਾਂ। ਇਹ ਸ਼ਬਦ ਨਾ ਸਿਰਫ਼ ਸਤਿਕਾਰ ਦਾ ਪ੍ਰਤੀਕ ਸਨ, ਸਗੋਂ ਇੱਕ ਡੂੰਘੇ ਜੁੜਾਅ ਅਤੇ ਸਮਾਨਤਾ ਦੇ ਸੰਦੇਸ਼ ਨੂੰ ਵੀ ਦਰਸਾਉਂਦੇ ਸਨ। ਗੁਰੂ ਰਵਿਦਾਸ ਜੀ, ਜਿਨ੍ਹਾਂ ਨੂੰ ਭਗਤੀ ਅੰਦੋਲਨ ਦੇ ਮਹਾਨ ਸੰਤ ਵਜੋਂ ਜਾਣਿਆ ਜਾਂਦਾ ਹੈ, ਨੇ ਸਮਾਜ ਵਿੱਚ ਫੈਲੀ ਅਸਮਾਨਤਾ, ਜਾਤ-ਪਾਤ ਅਤੇ ਭੇਦਭਾਵ ਨੂੰ ਖਤਮ ਕਰਨ ਲਈ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ। ਉਹਨਾਂ ਦੀਆਂ ਸਿੱਖਿਆਵਾਂ-ਆਪਣੇ ਆਪ ਨੂੰ ਜਾਣੋ, ਸਭ ਨੂੰ ਬਰਾਬਰ ਸਮਝੋ-ਅੱਜ ਵੀ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਹਨ।

ਡੇਰਾ ਸੱਚਖੰਡ ਬਲਾਂ ਰਵਿਦਾਸੀਆ ਸਮੁਦਾਏ ਦਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਕੇਂਦਰ ਮੰਨਿਆ ਜਾਂਦਾ ਹੈ, ਜਿਸ ਨੂੰ ਅਕਸਰ ਦਲਿਤਾਂ ਦਾ ਮੱਕਾ ਵੀ ਕਿਹਾ ਜਾਂਦਾ ਹੈ। ਇਸ ਡੇਰੇ ਨੇ ਸਿੱਖਿਆ, ਸਿਹਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ ਹੈ, ਜਿਸ ਦੀ ਸਰਾਹਨਾ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਵੀ ਕੀਤੀ।

ਪ੍ਰਧਾਨ ਮੰਤਰੀ ਦਾ ਇਹ ਦੌਰਾ ਕਈ ਪਹਿਲੂਆਂ ਵਿੱਚ ਮਹੱਤਵਪੂਰਨ ਸੀ। ਸਭ ਤੋਂ ਪਹਿਲਾਂ, ਉਹਨਾਂ ਨੇ ਅਦੰਪੁਰ ਏਅਰਪੋਰਟ ਦਾ ਨਾਮ ਬਦਲ ਕੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਏਅਰਪੋਰਟ ਰੱਖਿਆ, ਜੋ ਗੁਰੂ ਜੀ ਪ੍ਰਤੀ ਸਰਕਾਰ ਦੇ ਸਤਿਕਾਰ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਉਹਨਾਂ ਨੇ ਹਲਵਾਰਾ ਏਅਰਪੋਰਟ ਦੇ ਨਵੇਂ ਸਿਵਲ ਟਰਮੀਨਲ ਦਾ ਵੀ ਉਦਘਾਟਨ ਕੀਤਾ। ਇਹ ਕਦਮ ਪੰਜਾਬ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੀ ਦਿਸ਼ਾ ਵਿੱਚ ਅਹਿਮ ਹਨ। ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਇਹ ਪਹਿਲੀ ਵਾਰ ਸੀ ਜਦੋਂ ਕੋਈ ਵਰਤਮਾਨ ਪ੍ਰਧਾਨ ਮੰਤਰੀ ਡੇਰਾ ਬਲਾਂ ਵਿਖੇ ਪਹੁੰਚੇ। ਇਸ ਤੋਂ ਪਹਿਲਾਂ ਡੇਰਾ ਦੇ ਮੁਖੀ ਸੰਤ ਨਿਰੰਜਨ ਦਾਸ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਇਸ ਡੇਰੇ ਅਤੇ ਰਵਿਦਾਸੀਆ ਸਮੁਦਾਏ ਪ੍ਰਤੀ ਕੇਂਦਰ ਸਰਕਾਰ ਦੇ ਵਿਸ਼ੇਸ਼ ਧਿਆਨ ਨੂੰ ਦਰਸਾਉਂਦਾ ਹੈ।

ਅੱਜ ਰਾਜਨੀਤਿਕ ਨਜ਼ਰੀਏ ਤੋਂ ਵੇਖੀਏ ਤਾਂ ਇਹ ਦੌਰਾ ਭਾਰਤੀ ਜਨਤਾ ਪਾਰਟੀ (ਭਾਜਪਾ) ਲਈ ਪੰਜਾਬ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਰਣਨੀਤੀ ਦਾ ਹਿੱਸਾ ਲੱਗਦਾ ਹੈ। ਪੰਜਾਬ ਵਿੱਚ ਦਲਿਤ ਵੋਟਰਾਂ ਦੀ ਗਿਣਤੀ ਲਗਭਗ 32% ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਰਵਿਦਾਸੀਆ ਅਤੇ ਅੱਡ-ਧਰਮੀ ਸਮੁਦਾਏ, ਜੋ ਡੇਰਾ ਬਲਾਂ ਨਾਲ ਜੁੜੇ ਹੋਏ ਹਨ, ਦੋਆਬਾ ਖੇਤਰ ਵਿੱਚ ਖਾਸ ਪ੍ਰਭਾਵ ਰੱਖਦੇ ਹਨ। ਭਾਜਪਾ ਲਈ ਇਹ ਇੱਕ ਅਜਿਹਾ ਮੌਕਾ ਸੀ, ਜਿੱਥੇ ਉਹ ਦਲਿਤ ਵੋਟ ਬੈਂਕ ਵਿੱਚ ਸਥਾਨ ਬਣਾ ਸਕੇ, ਜੋ ਅਕਸਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲ ਝੁਕਦਾ ਰਿਹਾ ਹੈ। 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਦੌਰਾ ਭਾਜਪਾ ਦੀ ਦਲਿਤ ਆਊਟਰੀਚ ਨੂੰ ਮਜ਼ਬੂਤ ਕਰਨ ਵਾਲਾ ਕਦਮ ਸੀ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ 'ਵਿਕਸਿਤ ਭਾਰਤ' ਦੇ ਸੰਕਲਪ ਨਾਲ ਜੋੜਿਆ, ਜਿਸ ਨਾਲ ਉਹਨਾਂ ਨੇ ਧਾਰਮਿਕ ਅਤੇ ਵਿਕਾਸ ਦੇ ਏਜੰਡੇ ਨੂੰ ਇੱਕ ਸੁਤੇਲਾ ਰੂਪ ਦਿੱਤਾ।

**ਪ੍ਰਧਾਨ ਮੰਤਰੀ ਦੇ ਭਾਸ਼ਣ ਵਿੱਚੋਂ ਕੁਝ ਮਹੱਤਵਪੂਰਨ ਅੰਸ਼:**

ਉਹਨਾਂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਨੂੰ ਏਕਤਾ ਅਤੇ ਸਮਾਨਤਾ ਦਾ ਸੰਦੇਸ਼ ਦਿੰਦੀਆਂ ਹਨ। ਡੇਰਾ ਸੱਚਖੰਡ ਬਲਾਂ ਦੇ ਸਿੱਖਿਆ ਅਤੇ ਸਿਹਤ ਸੇਵਾ ਦੇ ਕੰਮਾਂ ਦੀ ਸਰਾਹਨਾ ਕੀਤੀ। ਪੰਜਾਬ ਦੀ ਧਰਤੀ ਨੂੰ ਨਮਨ ਕਰਦੇ ਹੋਏ ਉਹਨਾਂ ਨੇ ਵਾਰਾਣਸੀ (ਜਿੱਥੇ ਗੁਰੂ ਜੀ ਦਾ ਜਨਮ ਸਥਾਨ ਹੈ) ਨਾਲ ਵੀ ਜੁੜਾਅ ਦੱਸਿਆ।

ਉਹਨਾਂ ਨੇ ਭਰੋਸਾ ਦਿਵਾਇਆ ਕਿ ਗੁਰੂ ਜੀ ਦੇ ਆਸ਼ੀਰਵਾਦ ਨਾਲ ਵਿਕਸਿਤ ਭਾਰਤ ਦਾ ਟੀਚਾ ਹਾਸਲ ਕੀਤਾ ਜਾਵੇਗਾ।

**ਇਸ ਦੌਰੇ ਨੂੰ ਲੈ ਕੇ ਇੱਕ ਵੱਡਾ ਸਵਾਲ ਖੜ੍ਹਾ ਹੋਇਆ ਹੈ ?**

ਕੀ ਇਹ ਪ੍ਰੋਟੋਕੋਲ ਦੇ ਉਲਟ ਨਹੀਂ ਸੀ ਕਿ ਪ੍ਰਧਾਨ ਮੰਤਰੀ ਦੇ ਸਵਾਗਤ ਵਿੱਚ ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਦੋਵੇਂ ਗੈਰ ਹਾਜ਼ਰ ਰਹੇ ? ਆਮ ਤੌਰ 'ਤੇ ਜਦੋਂ ਪ੍ਰਧਾਨ ਮੰਤਰੀ ਕਿਸੇ ਰਾਜ ਦੌਰੇ 'ਤੇ ਜਾਂਦੇ ਹਨ ਤਾਂ ਰਾਜਪਾਲ ਅਤੇ ਮੁੱਖ ਮੰਤਰੀ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਜਾਂਦਾ ਹੈ, ਖਾਸ ਕਰਕੇ ਏਅਰਪੋਰਟ ਜਾਂ ਮੁੱਖ ਸਥਾਨ 'ਤੇ ਪਰ ਇਸ ਵਾਰ ਡੇਰਾ ਬਲਾਂ ਵਿਖੇ ਇਹਨਾਂ ਦੋਹਾਂ ਦੀ ਗੈਰਹਾਜ਼ਰੀ ਨੇ ਕਈ ਸਿਆਸੀ ਟਿੱਪਣੀਆਂ ਨੂੰ ਜਨਮ ਦਿੱਤਾ। ਇਸ ਗੈਰਹਾਜ਼ਰੀ ਨੂੰ ਕੁਝ ਲੋਕ ਰਾਜਨੀਤਿਕ ਤਣਾਅ ਜਾਂ ਪ੍ਰੋਟੋਕੋਲ ਵਿੱਚ ਅਸਹਿਮਤੀ ਵਜੋਂ ਵੇਖ ਰਹੇ ਹਨ, ਜਦਕਿ ਕੁਝ ਇਸ ਨੂੰ ਇਸ ਤਰ੍ਹਾਂ ਵੀ ਵਿਆਖਿਆ ਕਰ ਰਹੇ ਹਨ ਕਿ ਇਹ ਇੱਕ ਖਾਸ ਧਾਰਮਿਕ ਸਮਾਗਮ ਸੀ, ਜਿੱਥੇ ਸਰਕਾਰੀ ਪ੍ਰੋਟੋਕੋਲ ਨੂੰ ਘੱਟ ਅਹਿਮੀਅਤ ਦਿੱਤੀ ਗਈ ਅਤੇ ਧਾਰਮਿਕ ਭਾਵਨਾਵਾਂ ਨੂੰ ਅੱਗੇ ਰੱਖਿਆ ਗਿਆ।

ਪੰਜਾਬ ਵਿੱਚ ਰਾਜਨੀਤੀ ਅਕਸਰ ਧਰਮ ਅਤੇ ਜਾਤ ਨਾਲ ਜੁੜੀ ਹੋਈ ਹੈ ਅਤੇ ਇਸ ਗੈਰਹਾਜ਼ਰੀ ਨੇ ਭਾਜਪਾ ਵੱਲੋਂ ਸਿੱਧੇ ਤੌਰ 'ਤੇ ਸਮੁਦਾਏ ਨਾਲ ਜੁੜਨ ਦੀ ਕੋਸ਼ਿਸ਼ ਨੂੰ ਵੀ ਉਜਾਗਰ ਕੀਤਾ। ਇਸ ਦੌਰੇ ਨੇ ਪੰਜਾਬ ਦੀ ਧਰਤੀ 'ਤੇ ਇੱਕ ਨਵਾਂ ਸੰਦੇਸ਼ ਛੱਡਿਆ ਹੈ-ਏਕਤਾ, ਸਮਾਨਤਾ ਅਤੇ ਵਿਕਾਸ ਦਾ। ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਅਪਣਾ ਕੇ ਪ੍ਰਧਾਨ ਮੰਤਰੀ ਨੇ ਨਾ ਸਿਰਫ਼ ਧਾਰਮਿਕ ਸਤਿਕਾਰ ਪ੍ਰਗਟ ਕੀਤਾ, ਸਗੋਂ ਪੰਜਾਬ ਦੇ ਲੋਕਾਂ ਨਾਲ ਇੱਕ ਭਾਵਨਾਤਮਕ ਜੁੜਾਅ ਵੀ ਬਣਾਇਆ। ਇਹ ਘਟਨਾ ਭਵਿੱਖ ਵਿੱਚ ਪੰਜਾਬ ਦੀ ਰਾਜਨੀਤੀ ਅਤੇ ਸਮਾਜਿਕ ਬਣਤਰ 'ਤੇ ਡੂੰਘਾ ਅਸਰ ਪਾ ਸਕਦੀ ਹੈ, ਜਿੱਥੇ ਦਲਿਤ ਸਮੁਦਾਏ ਦੀ ਆਵਾਜ਼ ਅਤੇ ਭਾਵਨਾਵਾਂ ਨੂੰ ਹੋਰ ਮਜ਼ਬੂਤੀ ਮਿਲੇ।

ਅੱਜ ਗੁਰੂ ਰਵਿਦਾਸ ਜੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਪ੍ਰਧਾਨ ਮੰਤਰੀ ਨੇ ਸਾਨੂੰ ਯਾਦ ਕਰਵਾਇਆ ਕਿ ਅਸਲ ਸ਼ਕਤੀ ਸੇਵਾ, ਸਮਾਨਤਾ ਅਤੇ ਮਨੁੱਖੀਅਤ ਵਿੱਚ ਹੈ। ਇਹ ਦੌਰਾ ਇੱਕ ਧਾਰਮਿਕ ਯਾਤਰਾ ਤੋਂ ਵੱਧ, ਪੰਜਾਬ ਦੇ ਭਵਿੱਖ ਲਈ ਇੱਕ ਨਵੀਂ ਸ਼ੁਰੂਆਤ ਵੀ ਸੀ। ਆਸ ਹੈ ਕਿ ਇਸ ਤੋਂ ਪੰਜਾਬ ਵਿੱਚ ਏਕਤਾ ਅਤੇ ਵਿਕਾਸ ਦੇ ਨਵੇਂ ਅਧਿਆਇ ਖੁੱਲ੍ਹਣਗੇ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅੱਜ ਗੁਰੂ ਰਵਿਦਾਸ ਜੈਅੰਤੀ ਦੇ ਪਵਿੱਤਰ ਮੌਕੇ 'ਤੇ ਸੱਚਖੰਡ ਡੇਰਾ ਬਲਾਂ ਵਿਖੇ ਨਤਮਸਤਕ ਹੋ ਕੇ ਆਪਣੇ ਭਾਸ਼ਣ ਵਿੱਚ ਨਾ ਸਿਰਫ਼ ਪੰਜਾਬ ਦੀ ਧਰਤੀ ਨੂੰ ਨਮਨ ਕੀਤਾ, ਸਗੋਂ ਇਸੇ ਦੌਰਾਨ ਤਾਜ਼ਾ ਪੇਸ਼ ਕੀਤੇ ਗਏ ਕੇਂਦਰੀ ਬਜਟ 2026-27 ਦਾ ਵੀ ਜ਼ਿਕਰ ਕੀਤਾ।

ਉਹਨਾਂ ਨੇ ਆਪਣੇ ਸੰਬੋਧਨ ਵਿੱਚ ਬਜਟ ਦੇ ਕੁਝ ਮੁੱਖ ਪਹਿਲੂਆਂ ਨੂੰ ਪੰਜਾਬ ਦੇ ਸੰਦਰਭ ਵਿੱਚ ਜੋੜਦੇ ਹੋਏ ਦੱਸਿਆ ਕਿ ਇਹ ਬਜਟ ਵਿਕਸਿਤ ਭਾਰਤ ਦੇ ਸੰਕਲਪ ਨੂੰ ਅੱਗੇ ਵਧਾਉਂਦਾ ਹੈ ਅਤੇ ਪੰਜਾਬ ਵਰਗੇ ਰਾਜਾਂ ਲਈ ਵਿਕਾਸ ਦੇ ਨਵੇਂ ਮੌਕੇ ਖੋਲ੍ਹਦਾ ਹੈ। ਉਹਨਾਂ ਨੇ ਖਾਸ ਤੌਰ 'ਤੇ ਪੰਜਾਬ ਦੇ ਟੈਕਸਟਾਈਲ, ਸਪੋਰਟਸ ਗੁੱਡਜ਼ ਅਤੇ ਐੱਮਐੱਸਐੱਮਈ ਸੈਕਟਰ ਨੂੰ ਲਾਭ ਪਹੁੰਚਾਉਣ ਵਾਲੇ ਪ੍ਰਾਵਧਾਨਾਂ ਦਾ ਜ਼ਿਕਰ ਕੀਤਾ, ਜੋ ਬਜਟ ਵਿੱਚ ਸ਼ਾਮਲ ਹਨ। ਕੇਂਦਰੀ ਬਜਟ 2026-27, ਜਿਸ ਨੂੰ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਨੇ ਅੱਜ ਪੇਸ਼ ਕੀਤਾ, ਵਿੱਚ ਪੰਜਾਬ ਲਈ ਸਿੱਧੇ ਤੌਰ 'ਤੇ ਵੱਡੇ ਪੈਕੇਜ ਜਾਂ ਵਿਸ਼ੇਸ਼ ਐਲਾਨ ਨਹੀਂ ਸਨ, ਪਰ ਬਜਟ ਦੇ ਵਿਆਪਕ ਏਜੰਡੇ ਵਿੱਚ ਪੰਜਾਬ ਨੂੰ ਕਈ ਤਰੀਕਿਆਂ ਨਾਲ ਲਾਭ ਮਿਲਣ ਵਾਲਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਇਸ ਨੂੰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨਾਲ ਜੋੜਦੇ ਹੋਏ ਕਿਹਾ ਕਿ ਬਜਟ ਵਿੱਚ ਐੱਮਐੱਸਐੱਮਈਜ਼, ਛੋਟੇ ਉਦਯੋਗ ਅਤੇ ਟੈਕਸਟਾਈਲ ਸੈਕਟਰ ਲਈ ਹਜ਼ਾਰਾਂ ਕਰੋੜਾਂ ਦੇ ਪ੍ਰਾਵਧਾਨ ਕੀਤੇ ਗਏ ਹਨ, ਜੋ ਪੰਜਾਬ ਵਰਗੇ ਰਾਜ ਲਈ ਬਹੁਤ ਮਹੱਤਵਪੂਰਨ ਹਨ। ਪੰਜਾਬ ਵਿੱਚ ਟੈਕਸਟਾਈਲ ਅਤੇ ਸਪੋਰਟਸ ਗੁੱਡਜ਼ ਉਦਯੋਗ ਮੁੱਖ ਹਨ ਅਤੇ ਬਜਟ ਵਿੱਚ ਇਨ੍ਹਾਂ ਲਈ ਵਿਸ਼ੇਸ਼ ਸਕੀਮਾਂ ਜਿਵੇਂ ਕਿ ਇੰਟੀਗ੍ਰੇਟਿਡ ਪ੍ਰੋਗਰਾਮ ਫਾਰ ਟੈਕਸਟਾਈਲਜ਼, ਅਫੋਰਡੇਬਲ ਸਪੋਰਟਸ ਗੁੱਡਜ਼ ਮੈਨੂਫੈਕਚਰਿੰਗ ਅਤੇ ਲੈਗਸੀ ਇੰਡਸਟਰੀਅਲ ਕਲੱਸਟਰਾਂ ਨੂੰ ਰਿਵਾਈਵ ਕਰਨ ਦੀ ਸਕੀਮ ਸ਼ਾਮਲ ਹੈ।

ਅੱਜ ਦੇ ਬਜਟ ਵਿੱਚ ਪੰਜਾਬ ਦੇ ਸ਼ਹਿਰਾਂ ਜਿਵੇਂ ਜਲੰਧਰ, ਲੁਧਿਆਣਾ ਅਤੇ ਹੁਸ਼ਿਆਰਪੁਰ ਨੂੰ ਵਿਕਾਸ ਦੇ ਮੁੱਖ ਕੇਂਦਰ ਵਜੋਂ ਵਿਕਸਿਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਹ ਸ਼ਹਿਰ ਟੀਅਰ-2 ਅਤੇ ਟੀਅਰ-3 ਸ਼੍ਰੇਣੀ ਵਿੱਚ ਆਉਂਦੇ ਹਨ, ਜਿਨ੍ਹਾਂ ਲਈ ਬਜਟ ਵਿੱਚ ਬੁਨਿਆਦੀ ਢਾਂਚੇ, ਇੰਫਰਾਸਟਰਕਚਰ ਅਤੇ ਐੱਮਐੱਸਐੱਮਈ ਸਹਾਇਤਾ ਲਈ ਵੱਡੀ ਰਕਮ ਰੱਖੀ ਗਈ ਹੈ। ਕੈਪੇਕਸ (ਕੈਪੀਟਲ ਐਕਸਪੈਂਡੀਚਰ) ਨੂੰ 12.2 ਲੱਖ ਕਰੋੜ ਰੁਪਏ ਤੱਕ ਵਧਾਇਆ ਗਿਆ ਹੈ, ਜਿਸ ਨਾਲ ਸੜਕਾਂ, ਰੇਲਵੇ ਅਤੇ ਹੋਰ ਇੰਫਰਾਸਟਰਕਚਰ ਪ੍ਰੋਜੈਕਟਾਂ ਨੂੰ ਤੇਜ਼ੀ ਮਿਲੇਗੀ, ਜੋ ਪੰਜਾਬ ਦੀ ਅਰਥਵਿਵਸਥਾ ਲਈ ਫਾਇਦੇਮੰਦ ਹੋਵੇਗਾ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਇਹ ਵੀ ਜ਼ਿਕਰ ਕੀਤਾ ਕਿ ਬਜਟ ਵਿੱਚ ਖੇਤੀਬਾੜੀ ਅਤੇ ਕਿਸਾਨਾਂ ਲਈ ਵਿਆਪਕ ਸਹਾਇਤਾ ਦਾ ਪ੍ਰਾਵਧਾਨ ਹੈ, ਹਾਲਾਂਕਿ ਪੰਜਾਬ ਸਰਕਾਰ ਅਤੇ ਵਿਰੋਧੀ ਧਿਰਾਂ ਨੇ ਇਸ ਨੂੰ ਕਿਸਾਨ-ਵਿਰੋਧੀ ਜਾਂ ਅਣਗਹਿਲੀ ਵਜੋਂ ਵੇਖਿਆ ਹੈ। ਉਹਨਾਂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਵਿੱਚ ਸਮਾਨਤਾ ਅਤੇ ਸੇਵਾ ਦਾ ਸੰਦੇਸ਼ ਹੈ ਅਤੇ ਇਹ ਬਜਟ ਉਸੇ ਸੰਦੇਸ਼ ਨੂੰ ਅਪਣਾ ਕੇ ਗਰੀਬਾਂ, ਨੌਜਵਾਨਾਂ ਅਤੇ ਛੋਟੇ ਉਦਯੋਗਾਂ ਲਈ ਮੌਕੇ ਪੈਦਾ ਕਰ ਰਿਹਾ ਹੈ। ਪੰਜਾਬ ਦੇ ਐੱਮਐੱਸਐੱਮਈ ਸੈਕਟਰ ਲਈ ਹਜ਼ਾਰਾਂ ਕਰੋੜਾਂ ਦੀ ਸਹਾਇਤਾ ਨੂੰ ਉਹਨਾਂ ਨੇ ਖਾਸ ਤੌਰ 'ਤੇ ਸਰਾਹਿਆ। ਇਸ ਤੋਂ ਇਲਾਵਾ, ਬਜਟ ਵਿੱਚ ਬਾਇਓਫਾਰਮਾ SHAKTI ਸਕੀਮ, ਇਲੈਕਟ੍ਰਾਨਿਕਸ ਕੰਪੋਨੈਂਟਸ ਮੈਨੂਫੈਕਚਰਿੰਗ ਅਤੇ ਹੋਰ ਉੱਚ-ਤਕਨੀਕੀ ਸੈਕਟਰਾਂ ਲਈ ਪ੍ਰਾਵਧਾਨ ਹਨ, ਜੋ ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਹਾਲਾਂਕਿ ਪੰਜਾਬ ਵਿੱਚ ਕੁਝ ਧਿਰਾਂ ਨੇ ਬਜਟ ਨੂੰ ਕਿਸਾਨ-ਵਿਰੋਧੀ ਜਾਂ ਪੰਜਾਬ ਲਈ ਅਣਗਹਿਲੀ ਕਰਾਰ ਦਿੱਤਾ ਹੈ, ਪਰ ਪ੍ਰਧਾਨ ਮੰਤਰੀ ਨੇ ਇਸ ਨੂੰ ਏਕਤਾ ਅਤੇ ਵਿਕਾਸ ਦੇ ਰਾਹ ਵਜੋਂ ਪੇਸ਼ ਕੀਤਾ। ਉਹਨਾਂ ਨੇ ਕਿਹਾ ਕਿ ਗੁਰੂ ਜੀ ਦੇ ਆਸ਼ੀਰਵਾਦ ਨਾਲ ਅਤੇ ਇਸ ਬਜਟ ਦੀ ਮਦਦ ਨਾਲ ਪੰਜਾਬ ਮੁੜ ਆਪਣੀ ਪੁਰਾਣੀ ਸ਼ਾਨ ਵੱਲ ਵਾਪਸ ਜਾਵੇਗਾ।

ਅੱਜ ਇਸ ਤਰ੍ਹਾਂ ਪ੍ਰਧਾਨ ਮੰਤਰੀ ਦਾ ਡੇਰਾ ਬਲਾਂ ਦੌਰਾ ਅਤੇ ਬਜਟ ਦਾ ਜ਼ਿਕਰ ਇੱਕ ਸੰਦੇਸ਼ ਵਜੋਂ ਸਾਹਮਣੇ ਆਇਆ - ਧਾਰਮਿਕ ਸਤਿਕਾਰ ਅਤੇ ਆਰਥਿਕ ਵਿਕਾਸ ਨੂੰ ਇਕੱਠਾ ਜੋੜਨਾ। ਇਹ ਦੌਰਾ ਅਤੇ ਬਜਟ ਦੇ ਪ੍ਰਾਵਧਾਨ ਪੰਜਾਬ ਵਿੱਚ ਭਾਜਪਾ ਦੀ ਰਣਨੀਤੀ ਨੂੰ ਮਜ਼ਬੂਤ ਕਰਦੇ ਹਨ, ਖਾਸ ਕਰਕੇ ਦਲਿਤ ਅਤੇ ਛੋਟੇ ਉਦਯੋਗ ਵਰਗਾਂ ਵਿੱਚ ਪਕੜ ਬਣਾਉਣ ਲਈ।

ਹੁਣ ਆਸ ਹੈ ਕਿ ਇਹ ਕਦਮ ਪੰਜਾਬ ਦੇ ਲੋਕਾਂ ਲਈ ਨਵੇਂ ਮੌਕੇ ਅਤੇ ਏਕਤਾ ਦਾ ਸੰਦੇਸ਼ ਲੈ ਕੇ ਆਉਣਗੇ।

# ਪੰਜਾਬ ਦੀ ਸਿਆਸਤ ਦਾ ਬਾਬਾ ਆਦਮ ਨਿਰਾਲਾ



ਕਮਲਜੀਤ ਸਿੰਘ ਬਨਵੈਤ
98147 34035

- ਬੀਬੀ ਭੱਠਲ ਮੁੱਕਰ ਗਈ ਆਪਣੀ ਇੰਟਰਵਿਊ ਤੋਂ, ਅਖੇ ਮੇਰੀ ਤਾਂ ਯਾਦਦਾਸ਼ਤ ਪਹਿਲਾਂ ਦੀ ਤਰ੍ਹਾਂ ਕਾਇਮ ਨਹੀਂ
- ਕੇਂਦਰ ਨਿਵਾਜ਼ ਸਕਦਾ ਹੈ ਨਵਜੋਤ ਸਿੰਘ ਸਿੱਧੂ ਨੂੰ ਝੰਡੀ ਵਾਲੀ ਕਾਰ ਨਾਲ, ਬਣੇਗਾ ਸਟਾਰ ਪ੍ਰਚਾਰਕ
- ਡੇਰਿਆਂ ਦੀ ਸਿਆਸਤ ਤੋਂ ਬਾਅਦ ਭਾਜਪਾ ਵੱਡੇ ਚਿਹਰੇ ਪਾਰਟੀ 'ਚ ਸ਼ਾਮਿਲ ਕਰਨ ਦੀ ਦੌੜ ਵਿੱਚ ਲੱਗੀ
- ਅਮਰਿੰਦਰ ਸਿੰਘ ਵੜਿੰਗ ਦਾ ਬਾਰੋ ਪੰਜਾ 48 ਨਾਲ ਉੱਡ ਰਿਹਾ ਤਕੜਾ ਮਜ਼ਾਕ

ਪੰਜਾਬੀਆਂ ਦਾ ਸੁਭਾਅ ਹੀ ਹੱਟ ਕੇ ਨਹੀਂ ਸਗੋਂ ਪੰਜਾਬ ਦੀ ਸਿਆਸਤ ਦਾ ਬਾਬਾ ਆਲਮ ਵੀ ਨਿਰਾਲਾ ਹੈ। ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੀ ਗੱਲ ਕਰ ਲਈਏ ਜਾਂ ਕਾਂਗਰਸ ਤੋਂ ਮੁਅੱਤਲ ਨੇਤਾ ਨਵਜੋਤ ਕੌਰ ਸਿੱਧੂ ਦੀ, ਦੋਹਾਂ ਦੇ ਵਾਰੇ ਵਾਰੇ ਜਾਣ ਨੂੰ ਦਿਲ ਕਰਦਾ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਵੜਿੰਗ ਜਿਹੜੇ ਬਾਰੋ ਪੰਜਾ 48 ਪਹਾੜਾ ਪੜਦੇ ਹਨ, ਦੀ ਤਾਂ ਗੱਲ ਹੀ ਛੱਡੋ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਤਾਂ ਕਹਿਣੇ ਹੀ ਕੀ ? ਭਾਰਤੀ ਜਨਤਾ ਪਾਰਟੀ ਵਾਰਾਣਸੀ ਤੇ ਡੇਰਾ ਬੱਲਾਂ ਦਾ ਰਿਸ਼ਤਾ ਗੂੜਾ ਕਰਨ ਦੇ ਰਾਹ ਤੁਰੀ ਹੈ। ਵੱਡੇ ਚਿਹਰਿਆਂ 'ਤੇ ਸਿਆਸਤ ਦੇ ਚਲਦਿਆਂ ਨਵਜੋਤ ਸਿੰਘ ਸਿੱਧੂ ਉੱਤੇ ਕੇਂਦਰੀ ਮੰਤਰੀ ਦਾ ਗੁਣਾਂ ਪੈਣ ਦੀਆਂ ਖਬਰਾਂ ਨੇ ਸਿਆਸਤ ਵਿੱਚ ਤੇਜ਼ ਲਹਿਰਾਂ ਜਿਹੀ ਹਲਚਲ ਪੈਦਾ ਕਰ ਦਿੱਤੀ ਹੈ। ਬਜਟ ਵਿੱਚ ਪੰਜਾਬ ਨੂੰ ਠੂਠਾ ਦਿਖਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਨੂੰ ਕੱਠਪੁਤਲੀਆਂ ਨਚਾਉਣ ਵਾਲੀ ਡੁੱਗ ਡੁੱਗੀ ਵਜਾਉਣ ਤੋਂ ਵੇਹਲ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਸਿਆਸਤ ਦੇ ਸਮੁੰਦਰ ਵਿੱਚ ਗੋਤੇ ਖਾ ਕੇ ਵੀ ਅਸਮਾਨ ਨਾਲ ਛੂਹਣ ਛੁਹਾਈ ਖੇਡਣ ਦਾ ਭਰਮ ਪਾਲ ਰਿਹਾ ਹੈ।

ਗੱਲ ਬੀਬੀ ਰਜਿੰਦਰ ਕੌਰ ਭੱਠਲ ਤੋਂ ਸ਼ੁਰੂ ਕਰੀਏ ਤਾਂ ਉਹਨਾਂ ਦੀ ਪਿਛਲੇ ਦਿਨੀਂ ਇੱਕ ਵੀਡੀਓ ਇੰਟਰਵਿਊ ਨੇ ਪੰਜਾਬ ਵਿੱਚ ਭੂਚਾਲ ਲੈ ਆਂਦਾ ਸੀ। ਉਹ ਕਹਿੰਦੇ ਹਨ ਤੇ ਜਦੋਂ ਉਹ 1997 ਵਿੱਚ ਕੇਅਰ ਟੇਕਰ ਮੁੱਖ ਮੰਤਰੀ ਸਨ ਤਾਂ ਕੁਝ ਅਫ਼ਸਰਾਂ ਨੇ ਉਹਨਾਂ ਨੂੰ ਦੁਬਾਰਾ ਸਰਕਾਰ ਬਣਾਉਣ ਲਈ ਪੰਜਾਬ ਵਿੱਚ ਬੰਬ ਧਮਾਕੇ ਕਰਾਉਣ ਦੀ ਮਦਦ ਦਿੱਤੀ ਸੀ। ਜਦੋਂ ਇੰਟਰਵਿਊ ਤੋਂ ਬਾਅਦ ਪੰਜਾਬ ਡਿੱਕ ਡੋਲੇ ਖਾਣ ਲੱਗਾ ਤਾਂ ਉਹ ਇਹ ਕਹਿ ਕੇ ਮੁੱਕਰ ਗਏ ਕਿ ਸਿਆਣੀ ਉਮਰ ਵਿੱਚ ਬੜਾ ਕੁਝ ਬੰਦਾ ਅਵਾ ਤਵਾ ਬੋਲ ਜਾਂਦਾ ਹੈ।

ਬੀਬੀ ਨਵਜੋਤ ਕੌਰ ਸਿੱਧੂ ਦਾ ਸਿਆਸਤ ਵਿੱਚ ਕੱਦ ਵੱਡਾ ਨਹੀਂ ਪਰ ਉਹਨਾਂ ਦੀ ਕਹੀ ਗੱਲ ਪੰਜਾਬ ਅਤੇ ਪੰਜਾਬੀਆਂ ਨੂੰ ਹਿਲਾ ਕੇ ਰੱਖ ਦਿੰਦੀ ਹੈ। ਉਹ ਬੋਲਣ ਲੱਗਿਆਂ ਸੰਕੋਚ ਨਹੀਂ ਕਰਦੇ। ਫਿਰ ਉਹਨਾਂ ਦੇ ਮੂੰਹੋਂ ਸੱਚ ਨਿਕਲੇ ਜਾਂ ਝੂਠ ਕਿਰ ਜਾਵੇ। ਉਹਨਾਂ ਨੇ ਕੈਂਸਰ ਦੇ ਨਾਲ ਵੱਡੀ ਜੰਗ ਲੜੀ ਹੈ। ਉਹਨਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਦਾਅਵਾ ਕਰਦੇ ਰਹੇ ਹਨ ਕਿ ਸਾਦਾ ਖਾਣਾ ਦਵਾਈਆਂ ਤੋਂ ਵੀ ਉੱਤੇ ਦਾ ਇਲਾਜ ਕਾਰਗਰ ਬਣਿਆ ਹੈ। ਪਿਛਲੇ ਦਿਨੀਂ ਜਦੋਂ ਉਹਨਾਂ ਨੂੰ ਵਾਰਾਣਸੀ ਵੱਲੋਂ ਚੱਲੀ ਹਵਾ ਦੇ ਬੁੱਲੇ ਲੱਗੇ ਤਾਂ ਉਹਨਾਂ ਨੇ ਕਿਹਾ ਕਿ ਮੈਂ ਗਊ ਮੂਤਰ ਨਾਲ ਤੰਦਰੁਸਤ ਹੋਈ ਹਾਂ। ਉਨ੍ਹਾਂ ਦੀ ਸਿਆਸਤ ਵਿੱਚ ਮੁੜ ਤੋਂ ਐਂਟਰੀ ਕਾਂਗਰਸ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਪੰਜ ਸੌ ਕਰੋੜ ਰੁਪਏ ਦਾ ਅਟੈਚੀ ਪੇਸ਼ ਕਰਨ ਦੀ ਛੱਡੀ ਸ਼ੁਰਲੀ ਨਾਲ ਹੁੰਦੀ ਹੈ। ਉਹ ਕਾਂਗਰਸ ਨੂੰ ਜੜ੍ਹਾਂ ਤੱਕ ਹਿਲਾਉਣ ਵਾਲਾ ਬਿਆਨ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਤੋਂ ਬਾਅਦ ਦਾਗਦੇ ਹਨ। ਉਸ ਤੋਂ ਬਾਅਦ ਉਹਨਾਂ ਦੀ ਲਗਾਤਾਰ ਕੇਂਦਰੀ ਕੈਬਨਿਟ ਮੰਤਰੀ ਨਿਤਿਨ ਗਡਕਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਅਖਬਾਰਾਂ ਦੀਆਂ ਸੁਰਖੀਆਂ ਬਟੋਰਦੀ ਹੈ। ਦੋ ਦਿਨ ਪਹਿਲਾਂ ਉਹ ਕਾਂਗਰਸ ਨੂੰ ਅਲਵਿਦਾ ਆਖਦੇ ਹਨ ਜਦੋਂ ਕਿ ਕਾਂਗਰਸ ਪ੍ਰਧਾਨ ਵੱਲੋਂ ਉਹਨਾਂ ਨੂੰ ਪਹਿਲਾਂ ਹੀ ਸਸਪੈਂਡ ਕਰ ਦਿੱਤਾ ਗਿਆ ਸੀ। ਨਵਜੋਤ ਸਿੰਘ ਸਿੱਧੂ ਕਾਂਗਰਸ ਵਿੱਚ ਹੁੰਦਿਆਂ ਵੀ ਸਿਆਸਤ ਤੋਂ ਹੱਟ ਕੇ ਚੱਲ ਰਹੇ ਹਨ।

ਨਵਜੋਤ ਸਿੰਘ ਸਿੱਧੂ ਨੂੰ ਕੇਂਦਰ ਵੱਲੋਂ ਝੰਡੀ ਵਾਲੀ ਕਾਰ ਦਿੱਤੇ ਜਾਣ ਦੀ ਗੱਲ ਦਿਲ ਨੂੰ ਜੱਚਦੀ ਵੀ ਹੈ। ਉਹਨਾਂ ਨੇ 1999 ਵਿੱਚ ਕ੍ਰਿਕਟ ਦੀ ਖੇਡ ਛੱਡ ਕੇ ਭਾਜਪਾ ਦੇ ਝੰਡੇ ਹੇਠ ਸਿਆਸਤ ਜੁਆਇੰਨ ਕੀਤੀ ਸੀ। ਉਹ ਮੈਂਬਰ ਪਾਰਲੀਮੈਂਟ ਵੀ ਚੁਣੇ ਗਏ ਅਤੇ ਰਾਜਸਭਾ ਦੇ ਮੈਂਬਰ ਵੀ ਬਣੇ। ਸਮਾਂ ਆਇਆ ਤਾਂ ਉਹਨਾਂ ਨੇ ਰਾਜ ਸਭਾ ਦੀ ਮੈਂਬਰੀ ਵਗਾਹ ਕੇ ਮਾਰੀ। ਫਿਰ ਉਹਨਾਂ ਨੇ ਕਾਂਗਰਸ ਦਾ ਦਾਮਨ ਫੜ ਲਿਆ। ਕਾਂਗਰਸ ਵਿੱਚ ਉਹ ਪ੍ਰਧਾਨ ਅਤੇ ਕੈਬਨਿਟ ਮੰਤਰੀ ਦੀ ਹੈਸੀਅਤ ਵਿੱਚ ਖਿਲਾਰਾ ਸਮੇਟਣ ਦੀ ਥਾਂ ਹੋਰ ਪਾ ਗਏ ਸਨ। ਉਹਨਾਂ ਨੇ ਆਪਣੇ ਰਾਹ ਦੇ ਕੰਡੇ ਚੁਗੇ ਨਾ। ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਡੇਰਿਆਂ ਅਤੇ ਵੱਡੇ ਚਿਹਰਿਆਂ ਦੇ ਸਿਰ ਉੱਤੇ ਸਿਆਸਤ ਕਰ ਰਹੀ ਹੈ। ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਦੇਖੇ ਜਾ ਸਕਦੇ ਹਨ। ਹੁਣ ਉਨ੍ਹਾਂ ਨੇ ਜਲੰਧਰ ਨੇੜੇ ਪੈਂਦੇ ਡੇਰਾ ਬੱਲਾਂ ਦੇ ਸੰਤ ਨਿਰੰਜਨ ਦਾਸ ਨੂੰ ਦੋਹਰਾ ਮਾਣ ਸਨਮਾਨ ਦੇ ਕੇ ਪਲੋਸ ਲਿਆ ਹੈ। ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਵਾਰ ਵਾਰ ਜੇਲ੍ਹ ਵਿੱਚੋਂ ਪੈਰੋਲ ਮਿਲਣ ਨਾਲ ਹੀ ਬੰਨੇ ਗਏ ਹਨ। ਨਵੇਂ ਚਿਹਰਿਆਂ ਵਿੱਚ ਨਵਜੋਤ ਸਿੰਘ ਸਿੱਧੂ ਦੀ ਹਰਮਨ ਪਿਆਰਤਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਉਹ ਕਪਿਲ ਸ਼ਰਮਾ ਸ਼ੋਅ ਵਿੱਚ ਹੋਣ ਜਾਂ ਫਿਰ ਇੰਡੀਆ ਗੇਟ ਟੇਲੈਂਟ ਵਿੱਚ ਮਲਾਇਕਾ ਅਰੋੜਾ ਨਾਲ ਦਿਸਣ ਉਸਦਾ ਪਾਣੀ ਦੁੱਧ ਦੇ ਭਾਅ ਵਿਕਦਾ ਹੈ। ਭਾਜਪਾ ਨੂੰ ਪੰਜਾਬ ਦੇ ਨੌਜਵਾਨਾਂ ਦੀ ਨਬਜ਼ ਫੜਨ ਤੋਂ ਨਵਜੋਤ ਸਿੱਧੂ ਨਾਲੋਂ ਕੋਈ ਵਧੀਆ ਸਟਾਰ ਪ੍ਰਚਾਰ ਨਹੀਂ ਲੱਗਦਾ ਹੈ। ਨਵਜੋਤ ਸਿੱਧੂ ਉਹ ਸ਼ਖਸ ਹੈ ਜਿਸ ਨੂੰ ਕਿਸੇ ਵੇਲੇ ਕਾਂਗਰਸ ਨੇ ਚੋਣਾਂ ਦੌਰਾਨ ਪ੍ਰਚਾਰ ਲਈ ਚੌਪਰ ਦੇ ਰੱਖਿਆ ਸੀ। ਨਵਜੋਤ ਸਿੰਘ ਵੱਲੋਂ ਟਵੀਟਾਂ ਰਾਹੀਂ ਛੱਡੇ ਜਾਂਦੇ ਤੀਰ ਸਿਆਸੀ ਲੀਡਰਾਂ ਦੀ ਹਿੱਕ ਵਿੱਚ ਸਿੱਧੇ ਵੱਜਦੇ ਹਨ।

ਖਬਰਾਂ ਤਾਂ ਇਹ ਵੀ ਹਨ ਕਿ ਭਾਰਤੀ ਜਨਤਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੈਬਨਿਟ ਮੰਤਰੀ ਤੇਜ਼ ਤਰਾਰ ਤਾਸੀਰ ਦੇ ਮਾਲਕ ਬਿਕਰਮ ਸਿੰਘ ਮਜੀਠੀਆ ਉੱਤੇ ਵੀ ਡੋਰੇ ਪਾ ਰਹੀ ਹੈ। ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦਾ ਮਜੀਠੀਆ ਨੂੰ ਦੂਜੀ ਵਾਰ ਜੇਲ੍ਹ ਵਿੱਚ ਮਿਲਣਾ ਕਿਸੇ ਪਾਸੇ ਵੱਲ ਤਾਂ ਵੱਡੇ ਸੰਕੇਤ ਕਰਦਾ ਹੈ। ਬਾਬਾ ਢਿੱਲੋਂ, ਮਜੀਠੀਆ ਪਰਿਵਾਰ ਦੇ ਰਿਸ਼ਤੇਦਾਰ ਵੀ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੱਗਦਾ ਹੈ ਕਿ ਅਗਲੀਆਂ ਚੋਣਾਂ ਵਿੱਚ ਉਹਨਾਂ ਦੀ ਸਰਕਾਰ ਬਣੀ ਕਿ ਬਣੀ। ਉਹ ਅਫਸਰਾਂ ਨੂੰ ਆਪਣੀ ਲਾਲ ਡਾਇਰੀ ਦਿਖਾ ਕੇ ਡਰਾਉਂਦੇ ਹਨ। ਸੁਖਬੀਰ ਸਿੰਘ ਬਾਦਲ ਦੀ ਸ਼ਖਸੀਅਤ ਵਿੱਚ ਨਿਖਾਰ ਤਾਂ ਆਇਆ ਪਰ ਉਸ ਵਿੱਚੋਂ ਆਪਣੇ ਮਰਹੂਮ ਬਾਪ ਜਿਹੀ ਨਾ ਮਸੂਮੀਅਤ ਝਲਕਦੀ ਹੈ ਅਤੇ ਨਾ ਹੀ ਮਾਸੂਮ ਚਿਹਰੇ ਪਿੱਛੇ ਲੁਕੀ ਚਤੁਰਾਈ ਦਿਸਦੀ ਹੈ। ਉਹ ਜੁਗਾੜੂ ਹੈ। ਯਾਰਾਂ ਦਾ ਯਾਰ ਹੈ। ਪਰ ਸਿਆਸਤ ਦੇ ਗੁਰ ਘਰੋਂ ਹੀ ਸਿੱਖਣ ਤੋਂ ਰਹਿ ਗਿਆ ਹੈ।

ਪੁਨਰ ਸੁਰਜੀਤ ਅਕਾਲੀ ਦਲ ਆਪਣੇ ਆਪ ਵਿੱਚ ਹੀ ਘੋਲ ਮਥੋਲ ਹੋ ਰਿਹਾ ਹੈ। ਪੁਨਰ ਸੁਰਜੀਤ ਅਕਾਲੀ ਦਲ ਵਾਲੇ ਦੋ ਪੈਰ ਅੱਗੇ ਵੱਧਦੇ ਹਨ ਤਾਂ ਚਾਰ ਕਦਮ ਪਿੱਛੇ ਮੁੜਨਾ ਪੈ ਜਾਂਦਾ ਹੈ।

ਪੰਜਾਬ ਦੀ ਸਿਆਸਤ ਵਿੱਚ ਆਪ, ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੂੰ ਛੱਡ ਕੇ ਕਿਸੇ ਹੋਰ ਰਾਜਨੀਤਿਕ ਪਾਰਟੀ ਦੀ ਚਰਚਾ ਨਹੀਂ ਹੈ। ਕੋਈ ਸਿਆਸਤ ਦੇ ਪਿੜ ਵਿੱਚ ਥਾਪੀ ਮਾਰ ਕੇ ਨਿਤਰਿਆ ਵੀ ਨਹੀਂ ਹੈ, ਹਾਲਾਂਕਿ ਲੋਕਾਂ ਦੀ ਉਡੀਕ ਮੁੱਕੀ ਨਹੀਂ ਹੈ। ਪੰਜਾਬ ਦੀਆਂ ਚਾਰੋਂ ਸਿਆਸੀ ਪਾਰਟੀਆਂ ਦੀ ਰਾਜਨੀਤੀ ਦਾ ਬਾਬਾ ਆਲਮ ਨਿਰਾਲਾ ਹੈ। ਪੰਜਾਬੀ ਇਹਨਾਂ ਦੇ ਝਾਂਸੇ ਵਿੱਚ ਮੁੜ ਫਸਣ ਤੋਂ ਪਾਸਾ ਵੱਟ ਕੇ ਲੰਘਣਾ ਤਾਂ ਚਾਹੁੰਦੇ ਹਨ ਪਰ ਕੋਈ ਬਾਂਹ ਫੜਨ ਵਾਲਾ ਹੋਵੇ ਵੀ ਤਾਂ ਹੀ ਨਾਹ!

# ਵਿਗਿਆਨਕ ਸੋਚ ਨੂੰ ਪੁੱਠਾ ਗੇੜਾ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਭਾਰਤ ਫਿਰਕੂ ਵਰਤਾਰਿਆਂ ਦੀ ਲਪੇਟ ਵਿੱਚ ਹੈ। ਅਜ਼ਾਦੀ ਦੀ ਪੌਣੀ ਸਦੀ ਅਤੇ ਸਵਾ ਤਿੰਨ ਵਰ੍ਹੇ ਬੀਤਣ ਬਾਅਦ ਵੀ ਆਰਥਿਕ-ਸਮਾਜਿਕ ਪ੍ਰਬੰਧ ਦੀ ਉਪਜ ਵਜੋਂ ਦੇਸ਼ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇਣ ਦੀ ਸਰਦਲ 'ਤੇ ਹੈ। ਅੰਧ ਵਿਸ਼ਵਾਸੀ ਸੋਚ ਅਤੇ ਮਾਨਸਿਕ ਰੋਗ ਭਾਰਤੀ ਸਮਾਜ ਉੱਤੇ ਹਾਵੀ ਹੋਏ ਦਿਸਦੇ ਹਨ। ਆਮ ਲੋਕ ਧਰਮਾਂ-ਫਿਰਕਿਆਂ ਵਿੱਚ ਵੰਡੇ ਹੋਏ, ਗੁਰੂ-ਬਾਬਿਆਂ ਦੀ ਸ਼ਰਨ ਵਿੱਚ ਜਾ ਕੇ ਆਪਣਾ ਆਤਮ-ਵਿਸ਼ਵਾਸ ਤਾਂ ਗੁਆ ਹੀ ਰਹੇ ਹਨ, ਸਗੋਂ ਵੱਡੀ ਆਰਥਿਕ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ।

ਦੇਸ਼ ਦੀ ਹਾਕਮ ਧਿਰ ਇਸ ਸਮੁੱਚੀ ਸਥਿਤੀ ਵਿੱਚ, ਲੋਕਾਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਪੱਲੇ ਗ਼ਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਪਾਈ ਰੱਖਣ ਦਾ ਸ਼ਰਮਨਾਕ ਰੋਲ ਅਦਾ ਕਰਦੀ ਦਿਸਦੀ ਹੈ। ਇੱਕ ਪਾਸੇ ਸਰਕਾਰ ਅਤੇ ਨੀਤੀ-ਘਾੜੇ ਭਾਰਤ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ਼ ਵਧਦੀ ਅਰਥਵਿਵਸਥਾ ਦੱਸਣ ਵਿੱਚ ਲੱਗੇ ਹਨ, ਦੂਜੇ ਪਾਸੇ ਪੜ੍ਹੇ-ਲਿਖੇ ਯੁਵਕਾਂ ਵਿੱਚ ਵਧਦੀ ਬੇਰੁਜ਼ਗਾਰੀ, ਅਸਥਿਰ ਰੋਜ਼ਗਾਰ ਅਤੇ ਘੱਟ ਆਮਦਨ ਗਹਿਰੀ ਚਿੰਤਾ ਪੈਦਾ ਕਰ ਰਹੀ ਹੈ।

ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਤਦ ਵੀ ਲੱਗਦਾ ਹੈ ਜਦੋਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਹੈ ਅਤੇ ਸਰਕਾਰ ਸਕੂਲ ਬੰਦ ਕਰਦੀ ਹੈ। ਸਾਲ 2014 ਤੋਂ 2024 ਤੱਕ 89,441 ਸਰਕਾਰੀ ਸਕੂਲ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ। ਮੱਧ ਪ੍ਰਦੇਸ਼ ਵਿੱਚ 29,410 ਅਤੇ ਉੱਤਰ ਪ੍ਰਦੇਸ਼ ਵਿੱਚ 25,126 ਸਕੂਲ ਬੰਦ ਹੋਏ-ਉੱਥੇ ਹੀ ਪਿਛਲੇ ਸਾਲਾਂ ਵਿੱਚ ਫਿਰਕਾਪ੍ਰਸਤੀ ਨੇ ਜ਼ੋਰ ਫੜਿਆ। ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 24.2 ਕਰੋੜ ਤੱਕ ਸਿਮਟ ਗਈ ਹੈ, ਜੋ ਕੁਝ ਵਰ੍ਹੇ ਪਹਿਲਾਂ 26 ਕਰੋੜ ਤੋਂ ਵੱਧ ਸੀ। ਦੇਸ਼ ਦੇ ਮੌਜੂਦਾ ਸਰਕਾਰੀ ਸਕੂਲਾਂ ਦੀ ਸਥਿਤੀ ਇਹ ਹੈ ਕਿ 7 ਲੱਖ ਸਕੂਲਾਂ ਵਿੱਚ ਇੰਟਰਨੈੱਟ ਸੁਵਿਧਾਵਾਂ ਨਹੀਂ ਹਨ,1 ਲੱਖ ਸਕੂਲਾਂ ਵਿੱਚ ਟਾਇਲਟ ਨਹੀਂ ਹਨ ਅਤੇ 3 ਲੱਖ ਸਕੂਲਾਂ ਵਿੱਚ ਬਿਜਲੀ ਸੁਵਿਧਾ ਨਹੀਂ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੱਚਿਆਂ ਦੇ ਪੱਲੇ ਪੜ੍ਹਾਈ ਹੀ ਨਹੀਂ ਹੋਵੇਗੀ, ਤਾਂ ਉਨ੍ਹਾਂ ਦੀ ਵਿਗਿਆਨਕ ਸੋਚ ਕਿਵੇਂ ਨਿਖਰੇਗੀ? ਜੇਕਰ ਹਾਕਮ ਡਾਰਵਿਨ ਦੇ ਸਿਧਾਂਤ ਉੱਤੇ ਸਵਾਲ ਉਠਾਉਣਗੇ, ਤਾਂ ਵਿਗਿਆਨਕ ਸੋਚ ਨੂੰ ਖੋਰਾ ਲੱਗਣਾ ਹੀ ਹੈ। ਸਰਕਾਰਾਂ ਅਤੇ ਸਰਕਾਰਾਂ ਦੇ ਕਾਬਜ਼ ਸਿਆਸਤਦਾਨਾਂ ਦੇ ਕਾਰੇ ਅਤੇ ਕਾਰਨਾਮੇ ਸਾਰਥਕ ਮਨੁੱਖੀ ਸੋਚ ਨੂੰ ਸ਼ਰਮਸਾਰ ਕਰਦੇ ਹਨ। ਅੱਜ ਜਦੋਂ ਸੰਸਾਰ ਏਕਤਾ ਵੱਲ ਵੱਧ ਰਿਹਾ ਹੈ, ਬਹੁਤੇ ਦੇਸ਼ਾਂ ਦੇ ਲੋਕ ਸੈਕੂਲਰਿਜ਼ਮ ਅਤੇ ਨਾਸਤਿਕ ਵਿਚਾਰਾਂ ਵੱਲ ਅੱਗੇ ਵਧ ਰਹੇ ਹਨ। ਉਨ੍ਹਾਂ ਵਿੱਚ ਦੇਵੀ-ਦੇਵਤਿਆਂ ਜਾਂ ਰੱਬ ਵਿੱਚ ਵਿਸ਼ਵਾਸ ਨਾ ਹੋਣ ਦਾ ਰੁਝਾਨ ਵਧ ਰਿਹਾ ਹੈ। ਇਹ ਉਨ੍ਹਾਂ ਦੇਸ਼ਾਂ ਦੀ ਪ੍ਰਫੁੱਲਿਤ ਹੋ ਰਹੀ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪਹੁੰਚ ਦਾ ਨਤੀਜਾ ਹੈ, ਜਿੱਥੇ ਸਿੱਖਿਆ ਦਾ ਮਿਆਰ ਉੱਚਾ ਹੈ, ਅਜ਼ਾਦ-ਖ਼ਿਆਲੀ ਕਦਰਾਂ-ਕੀਮਤਾਂ ਮਜ਼ਬੂਤ ਹਨ ਅਤੇ ਜਾਣਕਾਰੀ ਤੱਕ ਪਹੁੰਚ ਵਧੀ ਹੈ।

ਪਰ ਜਿੱਥੇ ਡਾਰਵਿਨ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਦੇ ਯਤਨ ਹੁੰਦੇ ਹਨ, ਸਿਆਸਤ ਨੂੰ ਧਰਮ ਨਾਲ਼ ਲਪੇਟ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ, ਉੱਥੇ ਨਾ ਜੀਵਨ-ਹਾਲਤਾਂ ਸੁਧਰਦੀਆਂ ਹਨ ਅਤੇ ਨਾ ਹੀ ਸਿੱਖਿਆ ਦਾ ਮਿਆਰ ਉੱਚਾ ਹੁੰਦਾ ਹੈ। ਸਮਾਜਿਕ ਸੁਰੱਖਿਆ ਊਣੀ ਰਹਿ ਜਾਂਦੀ ਹੈ।

ਵਿਗਿਆਨਕ ਸੋਚ ਦੇ ਫੈਲਾਅ ਤੋਂ ਬਿਨਾਂ ਧਰਮ ਅਤੇ ਦੈਵੀ ਸ਼ਕਤੀਆਂ ਬਾਰੇ ਫੈਲੀ ਧੁੰਦ ਕਦੇ ਸਾਫ਼ ਨਹੀਂ ਹੋ ਸਕਦੀ। ਕਿਆਸ ਕਰੋ ਉਸ ਸਮੇਂ ਦਾ, ਜਦੋਂ ਮਨੁੱਖਾਂ ਵਿੱਚ ਧਰਮ ਅਤੇ ਦੈਵੀ ਸ਼ਕਤੀਆਂ ਦਾ ਅਰੰਭ ਵੀ ਨਹੀਂ ਸੀ- ਉਸ ਵੇਲੇ ਜੀਵਨ ਜਿਉਣ ਦਾ ਮਾਰਗ ਸਿੱਧਾ-ਸਾਦਾ ਸੀ, ਨੈਤਿਕ ਕਦਰਾਂ-ਕੀਮਤਾਂ ਮੌਜੂਦ ਸਨ। ਪਰ ਜਿਵੇਂ-ਜਿਵੇਂ ਧਰਮ ਦੀ ਜਕੜ ਵਧੀ, ਸਮਾਜ ਵਿੱਚ ਇੱਕ ਅਜੀਬ ਕਿਸਮ ਦਾ ਖਲਾਅ ਪੈਦਾ ਹੋਇਆ। ਅੱਜ ਭਾਰਤ ਵਿੱਚ ਧਰਮ ਦੀ ਜਕੜ ਬਹੁਤ ਤਿੱਖੀ ਅਤੇ ਲਗਾਤਾਰ ਵਧ ਰਹੀ ਹੈ।

ਇੱਕ ਪ੍ਰਾਈਵੇਟ ਸਰਵੇ ਅਨੁਸਾਰ, ਦੇਸ਼ ਵਿੱਚ 13 ਫ਼ੀਸਦੀ ਲੋਕ ਗ਼ੈਰ-ਧਾਰਮਿਕ ਅਤੇ 3 ਫ਼ੀਸਦੀ ਪੱਕੇ ਨਾਸਤਿਕ ਹਨ, ਪਰ ਅਸਲ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਧਰਮ ਦਰਜ ਕਰਵਾਉਣ ਲਈ ਧਾਰਮਿਕ ਦਬਾਅ ਕਾਫ਼ੀ ਹੈ। ਫਿਰ ਵੀ 80 ਫ਼ੀਸਦੀ ਲੋਕ ਵੱਖ-ਵੱਖ ਧਰਮਾਂ ਦੇ ਪੈਰੋਕਾਰ ਬਣੇ ਦਿਸਦੇ ਹਨ।

ਤਦੇ ਧਾਰਮਿਕ ਸ਼ਰਧਾ ਦੇ ਨਾਮ 'ਤੇ ਦੇਸ਼ ਦੇ ਵੱਡੇ-ਵੱਡੇ ਬਾਬੇ ਲੋਕਾਂ ਦੇ ਜਜ਼ਬਿਆਂ ਦਾ ਹਨਨ ਕਰ ਰਹੇ ਹਨ ਅਤੇ ਵਿਗਿਆਨਕ ਸੋਚ ਤੇ ਤਰਕ ਨੂੰ ਖੁੰਢਾ ਕਰਕੇ ਸਵਾਰਥੀ ਸਿਆਸਤਦਾਨਾਂ ਦੇ ਸੰਦ ਵਜੋਂ ਕੰਮ ਕਰਦੇ ਦਿਸਦੇ ਹਨ। ਦੇਸ਼ ਵਿੱਚ 10 ਵੱਡੇ ਪ੍ਰਭਾਵਸ਼ਾਲੀ ਬਾਬਿਆਂ ਦਾ ਜ਼ਿਕਰ ਆਮ ਮਿਲਦਾ ਹੈ ਜਿਹੜੇ ਯੋਗ ਸਾਧਨਾ ਅਤੇ ਧਾਰਮਿਕ ਸ਼ਰਧਾ ਦੇ ਨਾਂ 'ਤੇ ਲੋਕਾਂ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਸਦਗੁਰੂ ਜਗੀ ਵਾਸੂਦੇਵ, ਬਾਬਾ ਰਾਮਦੇਵ, ਸ਼੍ਰੀ ਸ਼੍ਰੀ ਰਵੀ ਸ਼ੰਕਰ, ਮਾਤਾ ਅੰਮਾ, ਮੁਰਾਰੀ ਬਾਪੂ, ਪ੍ਰੇਮਾਨੰਦ ਮਹਾਰਾਜ, ਸਵਾਮੀ ਚੰਦਰਾਨੰਦ ਸਰਸਵਤੀ, ਆਚਾਰਿਆ ਪ੍ਰਸ਼ਾਂਤ ਆਦਿ ਦੇ ਲੱਖਾਂ ਨਹੀਂ, ਕਰੋੜਾਂ ਪੈਰੋਕਾਰ ਹਨ। ਰਾਮ ਰਹੀਮ ਅਤੇ ਸਾਈਂ ਬਾਬਾ ਵਰਗੇ ਬਾਬੇ ਲੋਕਾਂ ਦੇ ਮਨਾਂ, ਧਨ ਅਤੇ ਕਾਰੋਬਾਰਾਂ ਨਾਲ਼ ਖੇਡ ਕੇ ਵੋਟ-ਬੈਂਕ ਸਿਆਸਤਦਾਨਾਂ ਦੇ ਹੱਥ ਫੜਾ ਦਿੰਦੇ ਹਨ। ਇਹਨਾਂ ਬਾਬਿਆਂ ਅਤੇ ਸਵਾਰਥੀ ਸਿਆਸਤਦਾਨਾਂ ਦਾ ਆਮ ਲੋਕਾਂ ਦੇ ਰੁਜ਼ਗਾਰ, ਸਿੱਖਿਆ ਅਤੇ ਸਿਹਤ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਉਹ ਤਾਂ ਲੋਕਾਂ ਦੀ ਸੋਚ ਨੂੰ ਖੁੰਢਾ ਕਰ ਕੇ,ਉਹਨਾਂ ਦੀ ਬਿਮਾਰ ਮਾਨਸਿਕਤਾ ਨੂੰ ਹਥਿਆ ਕੇ,ਉਹਨਾਂ ਦੀ ਸਜਗਤਾ, ਸਮਝ ਅਤੇ ਵਿਵੇਕ ਉੱਤੇ ਭਾਰੂ ਹੋ ਜਾਂਦੇ ਹਨ ਅਤੇ ਉਹਨਾਂ ਦੇ ਕਰਮ ਧਨ ਦੇ ਮਾਲਕ ਬਣ ਬੈਠਦੇ ਹਨ।

ਅੱਜ ਦੇਸ਼ ਦੇ ਸਾਹਮਣੇ ਵੱਡੀਆਂ ਸਮੱਸਿਆਵਾਂ ਹਨ-ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਨਾ ਇਹਨਾਂ 'ਚੋਂ ਇੱਕ ਹੈ। ਵੱਡੀ ਅਬਾਦੀ ਨੌਜਵਾਨਾਂ ਦੀ ਹੈ,ਬੇਰੁਜ਼ਗਾਰ ਨੌਜਵਾਨਾਂ ਦੀ ਅਥਾਹ ਕੰਮ ਕਰਨ ਦੀ ਸ਼ਕਤੀ ਅਜਾਈਂ ਗੁਆਈ ਜਾ ਰਹੀ ਹੈ। ਦੇਸ਼ 'ਚ ਇੰਤਹਾ ਗ਼ਰੀਬੀ ਹੈ। ਅਨਪੜ੍ਹਤਾ ਦੀ ਵੀ ਕੋਈ ਘਾਟ ਨਹੀਂ ਹੈ। ਦੂਸ਼ਿਤ ਵਾਤਾਵਰਨ ਲੋਕਾਂ ਦੀ ਸਿਹਤ ਦਾ ਵੱਡਾ ਦੁਸ਼ਮਣ ਹੈ। ਗੰਦਾ ਪਾਣੀ, ਕੈਂਸਰ ਵਰਗੇ ਰੋਗ ਫੈਲਾ ਰਿਹਾ ਹੈ। ਇਹਨਾਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਜੋ ਕੁਝ ਦੇਸ਼ ਦੇ ਹਾਕਮਾਂ ਵੱਲੋਂ ਵੱਡਾ ਕਰਨ ਦੀ ਲੋੜ ਹੈ, ਉਸ ਦੀ ਥਾਂ ਉੱਤੇ "ਨਾਅਰੇ" ਪਰੋਸੇ ਜਾ ਰਹੇ ਹਨ। ਸਿਹਤ ਸਹੂਲਤਾਂ ਦੇ ਨਾਂ ਉੱਤੇ "ਆਯੂਸ਼ਮਾਨ ਕਾਰਡ" ਆਮ ਲੋਕਾਂ ਦਾ ਕੁਝ ਨਹੀਂ ਸਵਾਰ ਸਕੇ। ਪੰਜਾਬ ਵਿਚਲੇ 10 ਲੱਖ ਬੀਮਾ ਯੋਜਨਾਵਾਂ ਦੀਆਂ ਪਰਤਾਂ ਖੋਲ੍ਹਦਿਆਂ, ਉਸ ਵਿੱਚ ਵੀ ਸਿਆਸੀ ਦੰਭ ਭਰਿਆ ਦਿਸਦਾ ਹੈ।

ਇਹਨਾਂ ਸਿਆਸੀ ਖ਼ੁਦਗਰਜ਼ੀਆਂ ਕਾਰਨ ਆਮ ਲੋਕ ਪਿਸਦੇ ਦਿਖਾਈ ਦਿੰਦੇ ਹਨ ਅਤੇ ਉਹਨਾਂ ਦਾ ਮੋੜਾ ਉਤਸ਼ਾਹੀ ਜੀਵਨ ਵੱਲੋਂ ਨਿਰਾਸ਼ੇ ਜੀਵਨ ਵੱਲ ਮੁੜਦਾ ਹੈ। ਜਿਹੜਾ ਧਰਮ ਦੀ ਹੋਂਦ ਨੂੰ ਸਵੀਕਾਰਦਿਆਂ ਸ਼ਰਧਾ ਦੀ ਭੇਟ ਚੜ੍ਹਦਾ, ਵਿਗਿਆਨਿਕ ਸੋਚ ਨੂੰ ਤਿਲਾਂਜਲੀ ਦੇ ਬੈਠਦਾ ਹੈ। ਉਹ ਚੇਤਨਾ ਅਤੇ ਆਤਮ ਵਿਸ਼ਵਾਸ ਜਿਹੜਾ ਸਿੱਖਿਆ ਨੇ ਉਸਦੇ ਪੱਲੇ ਪਾਇਆ ਹੁੰਦਾ ਹੈ, ਉਹ ਖੁੰਢਾ ਹੁੰਦਾ ਜਾਂਦਾ ਹੈ। ਪਰਖ-ਪੜਚੋਲ "ਕਿਉਂ" ਤੇ "ਕਿਵੇਂ" ਜਿਹੇ ਸਵਾਲ ਜੀਵਨ ਅਮਲ ਵਿੱਚੋਂ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਜੀਵਨ ਵਿਚਲੀ ਪ੍ਰਬਲ ਜਗਿਆਸਾ ਹਨੇਰਿਆਂ 'ਚ ਗੁੰਮ ਜਾਂਦੀ ਹੈ।

ਉਹ ਵਿਅਕਤੀ ਜਿਸਨੇ ਸਜੱਗ ਹੋ ਕੇ, ਵਿਗਿਆਨਿਕ ਸੋਚ ਨਾਲ਼ ਸੱਤਾ ਦੀਆਂ ਅੱਖਾਂ 'ਚ ਰੜਕਣਾ ਸੀ, ਉਹ ਚੁੱਪ ਦੇ ਹਨੇਰਿਆਂ 'ਚ ਗਰਕ ਜਾਂਦਾ ਹੈ। ਉਹ ਵਿਅਕਤੀ ਜਿਸਨੇ ਆਪਣੇ ਜੀਵਨ ਦਰਸ਼ਨ ਨਾਲ਼ ਸਥਾਪਤੀ ਵਿਰੁੱਧ ਅਸਹਿਮਤੀ ਪ੍ਰਗਟ ਕਰਨੀ ਹੁੰਦੀ ਹੈ। ਫਾਸ਼ੀਵਾਦ ਦੇ ਦੌਰ 'ਚ ਉਸ ਦੀ ਅਸਹਿਮਤੀ ਅਪਰਾਧ ਗਿਣੀ ਜਾਣ ਲੱਗਦੀ ਹੈ। ਭਾਰਤ ਇਸਦੀ ਜਿਉਂਦੀ ਜਾਗਦੀ ਮਿਸਾਲ ਹੈ।

ਦੇਸ਼ ਦਾ ਵੱਡਾ ਸੂਬਾ ਯੂ.ਪੀ.ਉਦਾਹਰਨ ਹੈ-ਭਗਵਾਂਕਰਨ ਧਾਰਮਿਕ ਰਾਜਨੀਤੀ ਦਾ। ਜਿੱਥੇ ਵਿਗਿਆਨਿਕ ਸੋਚ ਨੂੰ ਪੁੱਠਾ ਗੇੜਾ ਦਿੱਤਾ ਗਿਆ। ਧਰਮ ਦੀ ਸਿਆਸਤ ਉਭਾਰੀ ਗਈ। ਇਕ ਪਿਛਾਂਹ-ਖਿੱਚੂ ਸੋਚ ਉਸ ਵੇਲੇ ਦੇਸ਼ 'ਚ ਦੇਖਣ ਨੂੰ ਮਿਲੀ, ਜਦੋਂ ਦੇਸ਼ ਦੇ ਸਾਇੰਸ ਟੈਕਨੋਲੋਜੀ ਵਿਭਾਗ ਵਿੱਚ "ਗਾਂ ਦੇ ਮੂਤਰ" ਉੱਤੇ ਖੋਜ ਦਾ ਕੰਮ ਅਰੰਭਣ ਲਈ ਵੱਡੀਆਂ ਰਕਮਾਂ ਨਵੇਂ ਪ੍ਰਜੈਕਟ ਸ਼ੁਰੂ ਕਰਨ ਲਈ ਲਗਾ ਦਿੱਤੀਆਂ ਗਈਆਂ ਤੇ ਅਸਲ ਵਿਗਿਆਨਿਕ ਪ੍ਰੋਜੈਕਟਾਂ ਉੱਤੇ ਭਾਰੀ ਕਟੌਤੀ ਲਗਾ ਦਿੱਤੀ ਗਈ। ਦੇਸ਼ ਦੇ ਸੂਝਵਾਨ ਵਿਗਿਆਨਕਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਉਂਞ ਇਹ ਡਰ ਤਾਂ ਦੇਸ਼ ਦੀਆਂ ਯੂਨੀਵਰਸਿਟੀਆਂ 'ਚ ਬੈਠੇ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਦੇ ਮਨਾਂ 'ਚ ਵੀ ਬਿਠਾ ਦਿੱਤਾ ਗਿਆ ਹੈ ਅਤੇ "ਅਸਹਿਮਤ ਸੋਚ ਵਾਲੇ" ਲੋਕਾਂ ਉੱਤੇ ਬੰਦਿਸ਼ਾਂ ਲਗਾ ਦਿੱਤੀਆਂ ਗਈਆਂ ਹਨ। ਸੱਤਾ ਤੋਂ ਹੱਕ ਮੰਗਣ ਵਾਲੇ ਲੋਕਾਂ ਉੱਤੇ ਦੇਸ਼ ਧ੍ਰੋਹ ਦੇ ਪਰਚੇ ਦਰਜ ਹੋ ਰਹੇ ਹਨ। ਅੱਜ ਸੱਤਾ ਸੱਚ ਦਾ ਸਾਹਮਣਾ ਨਹੀਂ ਕਰ ਰਹੀ, ਲੋਕਾਂ ਨੂੰ ਭੰਬਲਭੂਸੇ 'ਚ ਪਾ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਦੇਸ਼ 'ਚ ਕਾਰਪੋਰੇਟ ਦੀ ਲੁੱਟ ਦਾ ਰਾਹ ਪੱਧਰਾ ਰਹੇ ਅਤੇ ਉਹਨਾਂ ਦੀ ਗੱਦੀ ਸੁਰੱਖਿਅਤ ਰਹੇ। ਅਮਰੀਕਾ ਦੇ ਪ੍ਰਸਿੱਧ ਲੋਕ ਪੱਖੀ ਚਿੰਤਕ ਨੋਮ ਚੌਮਸਕੀ ਦਾ ਕਥਨ ਦੇਸ਼ ਭਾਰਤ ਦੇ ਹਾਕਮਾਂ ਉੱਤੇ ਪੂਰਾ ਢੁੱਕਦਾ ਹੈ-"ਜੇ ਸੱਚ ਤੋਂ ਸੱਤਾ ਨੂੰ ਖ਼ਤਰਾ ਹੋਵੇ, ਤਾਂ ਉਸ ਨੂੰ ਸ਼ੋਰ ਹੇਠ ਦਬਾ ਦਿੱਤਾ ਜਾਵੇਗਾ।" ਅੱਜ ਜਿੰਨਾ ਸ਼ੋਰ ਰੌਲਾ-ਰੱਪਾ ਦੇਸ਼ ਵਿੱਚ ਹਾਕਮਾਂ ਵੱਲੋਂ ਬਹਿਸਾਂ ,ਵੱਡੇ ਬਿਆਨਾਂ ਰਾਹੀਂ ਫੈਲਾਇਆ ਜਾ ਰਿਹਾ ਹੈ, ਇਹ ਜਨਤਾ ਨੂੰ ਬੌਂਦਲਾ ਦੇਣ ਵਾਂਗਰ ਹੈ। ਇਹ ਸ਼ੋਰ ਸੱਚ ਨੂੰ ਢੱਕਣ ਦੀ ਕੋਸ਼ਿਸ਼ ਹੈ, ਪਰ ਦੇਸ਼ ਦੇ ਸੂਝਵਾਨ ਲੋਕ ਇਸ ਸੱਤਾ ਨੂੰ ਵੰਗਾਰਨ ਦੀ ਸਮਰੱਥਾ ਰੱਖਦੇ ਹਨ। ਵਿਗਿਆਨਕ ਸੋਚ, ਤਰਕ ਅਤੇ ਅਜ਼ਾਦ ਚੇਤਨਾ ਤੋਂ ਬਿਨਾਂ ਨਾ ਸਮਾਜ ਅੱਗੇ ਵਧ ਸਕਦਾ ਹੈ ਅਤੇ ਨਾ ਹੀ ਲੋਕਤੰਤਰ ਜਿਊਂਦਾ ਰਹਿ ਸਕਦਾ ਹੈ।

# ਬਨਾਰਸ ਦੀ ਤਰੱਕੀ ਲਈ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਯੋਗੀ ਨੇ ਦਿਲੋਂ ਵਿਕਾਸ ਕੀਤਾ: ਦੂਲੋਂ



ਚੰਡੀਗੜ੍ਹ, 2 ਫਰਵਰੀ (ਚ.ਨ.ਸ): ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਨੂੰ ਲੈ ਕੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਉਤਸਵ (ਕਾਸ਼ੀ) ਬਨਾਰਸ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਥੇ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਹੋਇਆ ਸੀ, ਜੋ ਪ੍ਰਧਾਨ ਮੰਤਰੀ ਦੇ ਬਨਾਰਸ ਹਲਕੇ ਦਾ ਅਹਿਮ ਸਥਾਨ ਹੈ ਤੇ ਅੱਜ ਇਸ ਸਬੰਧੀ ਰਾਜ ਪੱਧਰੀ ਸਮਾਗਮ ਵੀ ਕਰਵਾਇਆ ਗਿਆ, ਜਿਸ ਲਈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਿਲੋਂ ਧੰਨਵਾਦ ਕਰਦੇ ਹਨ ਪਰ ਚੰਗਾ ਹੁੰਦਾ ਜੇਕਰ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਯੋਗੀ ਨਾਲ ਪਹਿਲਾਂ ਆਪਣੇ ਲੋਕ ਸਭਾ ਖੇਤਰ ਬਨਾਰਸ ਜਾਂਦੇ ਤੇ ਫਿਰ ਬੋਲਾਂ ਜਾਂਦੇ, ਉਨ੍ਹਾਂ ਦੀ ਸ਼ਾਨ ਹੋਰ ਵੱਧਦੀ। ਉਨ੍ਹਾਂ ਕਿਹਾ ਕਿ ਬਨਾਰਸ ਦੀ ਤਰੱਕੀ ਲਈ ਪ੍ਰਧਾਨ ਮੰਤਰੀ ਮੋਦੀ ਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਪੂਰੇ ਦਿਲ ਨਾਲ ਵਿਕਾਸ ਕਰਵਾਏ ਹਨ, ਜਿਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

# ਵਿਸ਼ਵ ਬੈਂਕ ਸਮੂਹ ਦੇ ਪ੍ਰਧਾਨ ਅਜੈਪਾਲ ਸਿੰਘ ਬੰਗਾ ਅਧਿਕਾਰਤ ਦੌਰੇ ਦੌਰਾਨ ਪਾਕਿਸਤਾਨ ਪਹੁੰਚੇ

## ☛ ਪਾਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕੀਤੇ



ਅੰਮ੍ਰਿਤਸਰ, 2 ਫਰਵਰੀ (ਚ.ਨ.ਸ): ਵਿਸ਼ਵ ਬੈਂਕ ਸਮੂਹ ਦੇ ਪ੍ਰਧਾਨ ਅਜੈਪਾਲ ਸਿੰਘ ਬੰਗਾ ਅਧਿਕਾਰਤ ਦੌਰੇ 'ਤੇ ਅੱਜ ਪਾਕਿਸਤਾਨ ਪਹੁੰਚੇ। ਉਨ੍ਹਾਂ ਨੂੰ ਆਪਣੀ ਯਾਤਰਾ ਦੇ ਹਿੱਸੇ ਵਜੋਂ ਦੁਪਹਿਰ ਨੂੰ ਆਪਣੇ ਵਫਦ ਦੇ ਨਾਲ ਜ਼ਿਲ੍ਹਾ ਅਟਕ ਦੇ ਹਸਨ ਅਬਦਾਲ ਸ਼ਹਿਰ ਵਿਚਲੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕੀਤੇ। ਪਾਕਿ ਦੇ ਸੰਘੀ ਵਿੱਤ ਮੰਤਰੀ ਮੁਹੰਮਦ ਔਰੰਗਜ਼ੇਬ ਵੀ ਉਨ੍ਹਾਂ ਦੇ ਨਾਲ ਸਨ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਪਹੁੰਚਣ 'ਤੇ ਬੰਗਾ ਦਾ ਸਵਾਗਤ ਲਹਿੰਦੇ ਪੰਜਾਬ ਦੇ ਘੱਟ ਗਿਣਤੀਆਂ ਮਾਮਲਿਆਂ ਦੇ ਮੰਤਰੀ ਰਮੇਸ਼ ਅਰੋੜਾ ਨੇ ਕੀਤਾ। ਇਸ ਮੌਕੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ, ਵਧੀਕ ਸਕੱਤਰ ਮਨੁੱਖੀ ਅਧਿਕਾਰ ਤੇ ਘੱਟ ਗਿਣਤੀ ਮਾਮਲੇ ਹਿੰਜਾਬ ਹੈਦਰ ਅੱਬਾਸ ਵੱਟੂ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਆਗੂ ਸੰਤੋਖ ਸਿੰਘ, ਰਵਿੰਦਰ ਸਿੰਘ ਜੱਗੀ, ਭੁਪਿੰਦਰ ਸਿੰਘ ਲਵਲੀ, ਜ਼ਿਲ੍ਹਾ ਪੁਲਿਸ ਅਧਿਕਾਰੀ ਤੇ ਡਿਪਟੀ ਕਮਿਸ਼ਨਰ ਸਮੇਤ ਸੀਨੀਅਰ ਸਥਾਨਕ ਅਧਿਕਾਰੀ ਹਾਜ਼ਰ ਸਨ। ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਪਾਕਿ ਸਿੱਖ ਆਗੂਆਂ ਵੱਲੋਂ ਬੰਗਾ ਨੂੰ ਸਿਰੋਪਾਓ ਤੇ ਤਲਵਾਰ ਭੇਟ ਕੀਤੀ ਗਈ। ਇਸ ਮੌਕੇ ਅਜੈਪਾਲ ਸਿੰਘ ਬੰਗਾ, ਸੰਘੀ ਵਿੱਤ ਮੰਤਰੀ ਤੇ ਹੋਰਨਾਂ ਵੱਲੋਂ ਪੰਗਤ 'ਚ ਬੈਠ ਕੇ ਲੰਗਰ ਵੀ ਛਕਿਆ ਗਿਆ। ਹਾਲਾਂਕਿ ਇਸ ਦੌਰਾਨ ਅਜੈਪਾਲ ਸਿੰਘ ਬੰਗਾ ਨੇ ਇਹ ਕਹਿ ਕੇ ਸੰਬੋਧਨ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਭਾਸ਼ਣ ਨਹੀਂ ਦੇਣਗੇ। ਉਚ ਪ੍ਰੋਫ਼ਾਈਲ ਵਫਦ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੇ ਦੌਰੇ ਦੌਰਾਨ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਬੰਗਾ ਤੇ ਉਨ੍ਹਾਂ ਦੀ ਟੀਮ ਟੈਕਸਲਾ ਅਜਾਇਬ ਘਰ ਵੀ ਵੇਖਣ ਲਈ ਪਹੁੰਚੀ। ਦੱਸਿਆ ਜਾ ਰਿਹਾ ਹੈ ਕਿ ਬੰਗਾ ਨੇ ਲਾਹੌਰ ਵਿਖੇ ਆਲਾ ਅਧਿਕਾਰੀਆਂ ਤੇ ਸਿਆਸਤਦਾਨਾਂ ਨਾਲ ਬੈਠਕ ਕੀਤੀ।

# ਅਣਪਛਾਤੇ ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਸਕੂਲ 'ਚ ਪੜ੍ਹਦੇ ਬੱਚੇ ਨੂੰ ਕੀਤਾ ਜ਼ਖ਼ਮੀ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 2 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਕਸਬਾ ਘੁਮਾਣ ਦੇ ਗੋਲ ਹੱਟੀ ਚੌਂਕ ਵਿਖੇ ਨਿੱਜੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਗੰਭੀਰ ਰੂਪ ਵਿੱਚ ਜ਼ਖ਼ਮੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਦਿਆਰਥੀ ਦੇ ਚਾਚਾ ਜਸਪਾਲ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਘੁਮਾਣ ਨੇ ਦੱਸਿਆ ਕਿ ਮੇਰੇ ਭਤੀਜਾ ਜਸ਼ਨਪ੍ਰੀਤ ਸਿੰਘ ਉਮਰ 17 ਸਾਲ ਪੁੱਤਰ ਰਾਜਵਿੰਦਰ ਸਿੰਘ ਵਾਸੀ ਘੁਮਾਣ ਜੋ ਕਿ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਆਪਣੇ ਸਕੂਲ ਬਾਬਾ ਨਾਮਦੇਵ ਕਾਨਵੈਂਟ ਸਕੂਲ ਘੁਮਾਣ ਗਿਆ ਕਿ ਰਸਤੇ ਵਿੱਚ ਸਕੂਲ ਦੇ ਨਜ਼ਦੀਕ ਗੋਲ ਹੱਟੀ ਚੌਂਕ ਦੇ ਬਿਲਕੁਲ ਸਾਹਮਣੇ ਕੁਝ ਅਣਪਛਾਤੇ ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਮੇਰੇ ਭਤੀਜੇ ਜਸ਼ਨਪ੍ਰੀਤ ਸਿੰਘ 'ਤੇ ਹਮਲਾ ਕਰਕੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਜਦ ਅਸੀਂ ਆ ਕੇ ਵੇਖਿਆ ਤਾਂ ਸਾਡਾ ਬੱਚਾ ਬੁਰੀ ਤਰ੍ਹਾਂ ਗੰਭੀਰ ਰੂਪ ਜ਼ਖ਼ਮੀ ਸੀ।ਜਿਸ ਨੂੰ ਇਲਾਜ ਪਹਿਲਾਂ ਕਮਿਊਨਿਟੀ ਹੈਲਥ ਸੈਂਟਰ ਘੁਮਾਣ ਵਿੱਚ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਸ ਨੇ ਉਸਦੀ ਗੰਭੀਰ ਹਾਲਤ ਦੇਖਦਿਆਂ ਅੱਗੇ ਰੈਫਰ ਕਰ ਦਿੱਤਾ ਗਿਆ।ਜਿੱਥੇ ਬੱਚਾ ਹੁਣ ਅੰਮ੍ਰਿਤਸਰ ਸਾਹਿਬ ਦੇ ਕਿਸੇ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ।ਉਨ੍ਹਾਂ ਆਖਿਆ ਕਿ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਅਣਪਛਾਤੇ ਵਿਅਕਤੀਆਂ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਜੇਕਰ ਉਥੇ ਮੌਜੂਦ ਲੋਕ ਬੱਚੇ ਨੂੰ ਨਾ ਛਡਾਉਂਦੇ ਤਾਂ ਕੁਝ ਵੀ ਹੋ ਸਕਦਾ ਸੀ।ਉਨ੍ਹਾਂ ਆਖਿਆ ਕਿ ਅਣਪਛਾਤੇ ਹਮਲਾਵਰਾਂ ਵਿਰੁੱਧ ਪੁਲਿਸ ਥਾਣਾ ਘੁਮਾਣ ਵਿਖੇ ਲਿਖਤੀ ਰੂਪ ਵਿੱਚ ਦਰਖਾਸਤ ਦੇ ਦਿੱਤੀ ਗਈ ਹੈ।ਪੁਲਿਸ ਥਾਣਾ ਮੁਖੀ ਘੁਮਾਣ ਐਸਐਚਓ ਗਗਨਦੀਪ ਸਿੰਘ ਢੀਂਡਸਾ ਦੀ ਅਗਵਾਈ ਹੇਠ ਪੁਲਿਸ ਪਾਰਟੀ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ।ਪਰ ਇਸ ਤਰ੍ਹਾਂ ਦਿਨ-ਦਿਹਾੜੇ ਸ਼ਰੇਆਮ ਬੱਚੇ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਰੂਪ ਜ਼ਖ਼ਮੀ ਕਰਨ ਨਾਲ ਸਕੂਲ ਦੇ ਬੱਚਿਆਂ ਤੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

# ਵਿਧਾਇਕ ਕਲਸੀ ਨੇ ਨਗਰ ਨਿਗਮ ਦਫ਼ਤਰ ਵਿਖੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ

## ☛ਪਿਛਲੇ ਚਾਰ ਸਾਲਾਂ 'ਚ ਕਰਵਾਏ ਵਿਕਾਸ ਕਾਰਜਾਂ ਨੇ ਸ਼ਹਿਰ ਦੀ ਨੁਹਾਰ ਬਦਲੀ



ਬਟਾਲਾ, 2 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ/ ਡਾ. ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਅੱਜ ਨਗਰ ਨਿਗਮ ਬਟਾਲਾ ਦੇ ਦਫਤਰ ਵਿਖੇ ਲੋਕ ਮਿਲਣੀ ਦੌਰਾਨ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਬਟਾਲਾ ਸ਼ਹਿਰ 'ਚ ਪਿਛਲੇ ਚਾਰ ਸਾਲਾਂ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾ ਕੇ ਸ਼ਹਿਰ ਦੀ ਨੁਹਾਰ ਬਦਲੀ ਗਈ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇੱਕ ਛੱਤ ਹੇਠਾਂ ਲੋਕਾਂ ਨੂੰ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਮੁੱਖ ਮੰਤਰੀ ਪੰਜਾਬ ਵੱਲੋਂ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ, ਜਿੱਥੇ ਲੋਕਾਂ ਨੂੰ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।ਇਸੇ ਤਰ੍ਹਾਂ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ।ਸ਼ਹਿਰ ਵਿਚਲੇ ਚੌਕਾਂ ਨੂੰ ਚੌੜਿਆਂ ਕਰਕੇ ਖ਼ੂਬਸੂਰਤ ਦਿੱਖ ਦਿੱਤੀ ਗਈ ਹੈ।ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਸ਼ਹਿਰ ਵਾਸੀਆਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਕਰਵਾਇਆ ਗਿਆ ਹੈ। ਇਸ ਮੌਕੇ ਐਸਡੀਓ, ਰੋਹਿਤ ਉਪਲ, ਅੰਮ੍ਰਿਤ ਕਲਸੀ, ਐਮ.ਸੀ. ਬਲਵਿੰਦਰ ਸਿੰਘ ਮਿੰਟਾ, ਬਿਕਰਮਜੀਤ ਸਿੰਘ ਬਿੱਕਾ, ਪ੍ਰਧਾਨ ਵੀਨੂੰ ਕਾਹਲੋਂ ਭੁਪਿੰਦਰ ਸਿੰਘ, ਦਵਿੰਦਰ ਸਿੰਘ, ਅਮਿਤ ਸੋਢੀ, ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਮੌਜੂਦ ਸਨ।

# ਜਗਰੂਪ ਸਿੰਘ ਸੇਖਵਾਂ ਨੇ ਬਜਟ 'ਚ ਰਾਹਤ ਪੈਕੇਜ ਨਾ ਦੇਣ 'ਤੇ ਜਤਾਈ ਨਾਰਾਜ਼ਗੀ



ਕਾਦੀਆਂ, 2 ਫਰਵਰੀ (ਸਲਾਮ ਤਾਰੀ/ਸਿਕੰਦਰ ਸੰਧੂ): ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਤਾਜ਼ਾ ਬਜਟ ਵਿੱਚ ਪੰਜਾਬ ਲਈ ਕਿਸੇ ਵੀ ਖ਼ਾਸ ਆਰਥਿਕ ਪੈਕੇਜ ਦਾ ਐਲਾਨ ਨਾ ਹੋਣ 'ਤੇ ਸੀਨੀਅਰ ਆਗੂ ਜਗਰੂਪ ਸਿੰਘ ਸੇਖਵਾਂ ਨੇ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਪੰਜਾਬ ਨਾਲ ਵਿਤਕਰਾ ਕਰਨ ਦੇ ਦੋਸ਼ ਲਗਾਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਗੰਭੀਰ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਹੈ ਤੇ ਅਜਿਹੇ ਸਮੇਂ ਵਿੱਚ ਕੇਂਦਰ ਵੱਲੋਂ ਸਹਿਯੋਗ ਦੀ ਬਜਾਏ ਅਣਦੇਖੀ ਕਰਨਾ ਨਿਰਾਸ਼ਾਜਨਕ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਸੇਖਵਾਂ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਨੇ ਹੜ੍ਹਾਂ ਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਵੱਡਾ ਨੁਕਸਾਨ ਝੱਲਿਆ ਹੈ। ਕਿਸਾਨਾਂ ਦੀਆਂ ਫ਼ਸਲਾਂ ਬਰਬਾਦ ਹੋਈਆਂ, ਕਈ ਪਰਿਵਾਰ ਆਰਥਿਕ ਤੰਗੀ ਦਾ ਸ਼ਿਕਾਰ ਹੋਏ ਤੇ ਬੁਨਿਆਦੀ ਢਾਂਚੇ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ।ਅਜਿਹੇ ਹਾਲਾਤਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਉਮੀਦ ਸੀ ਕਿ ਕੇਂਦਰ ਸਰਕਾਰ ਰਾਹਤ ਲਈ ਕੋਈ ਵੱਡਾ ਪੈਕੇਜ ਜਾਰੀ ਕਰੇਗੀ, ਪਰ ਬਜਟ ਵਿੱਚ ਪੰਜਾਬ ਦਾ ਜ਼ਿਕਰ ਤੱਕ ਨਾ ਹੋਣਾ ਦੁੱਖਦਾਈ ਹੈ।ਇਸ ਤੋਂ ਪਹਿਲਾਂ ਅੱਜ ਪਿੰਡ ਬਸਰਾਵਾਂ ਵਿਖੇ ਜਗਰੂਪ ਸਿੰਘ ਸੇਖਵਾਂ ਲੱਖਾਂ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਉਦਘਾਟਨ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਕਾਸ ਲਈ ਬੁਨਿਆਦੀ ਸਹੂਲਤਾਂ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ ਤੇ ਸੜਕਾਂ ਦਾ ਜਾਲ ਮਜ਼ਬੂਤ ਹੋਣ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਸੁਵਿਧਾ ਮਿਲਦੀ ਹੈ ਤੇ ਵਪਾਰਕ ਗਤੀਵਿਧੀਆਂ ਨੂੰ ਵੀ ਫ਼ਾਇਦਾ ਹੁੰਦਾ ਹੈ। ਉਦਘਾਟਨ ਸਮਾਗਮ ਦੌਰਾਨ ਮਲਕੀਤ ਸਿੰਘ, ਐਸ.ਐਚ.ਓ. ਕਾਦੀਆਂ, ਗੁਰਮੇਜ ਸਿੰਘ, ਸਰਪੰਚ ਬਸਰਾਵਾਂ ਤੇ ਇਲਾਕੇ ਦੇ ਕਈ ਮਾਣਯੋਗ ਵਿਅਕਤੀ ਹਾਜ਼ਰ ਸਨ।ਸਮਾਗਮ ਦੌਰਾਨ ਸਥਾਨਕ ਲੋਕਾਂ ਨੇ ਆਪਣੇ ਮਸਲੇ ਵੀ ਰੱਖੇ, ਜਿਨ੍ਹਾਂ ਨੂੰ ਸੁਣਦਿਆਂ ਸੇਖਵਾਂ ਨੇ ਯਕੀਨ ਦਿਵਾਇਆ ਕਿ ਇਲਾਕੇ ਦੇ ਵਿਕਾਸ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

# ਗਿਲਜੀਆਂ ਪਰਿਵਾਰ ਨੇ ਸਹੂਲਤ ਲਈ ਪਿੰਡ ਜਲਾਲਪੁਰ 'ਚ ਭੇਟ ਕੀਤੀ ਐਂਬੂਲੈਂਸ



ਟਾਂਡਾ ਉੜਮੁੜ, 2 ਫਰਵਰੀ (ਅਰਜੁਨ ਜੈਨ): ਪਿੰਡ ਜਲਾਲਪੁਰ ਦੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੰਘ ਸਭਾ ਕੁਆਂਖ ਪੱਤੀ ਵਿਖੇ ਹੋਏ ਸਮਾਗਮ ਦੌਰਾਨ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਨੇ ਪਿੰਡ ਦੀ ਸਹੂਲਤ ਲਈ ਐਂਬੂਲੈਂਸ ਭੇਟ ਕੀਤੀ ਹੈ। ਅਮਰੀਕਾ ਰਹਿੰਦੇ ਪਲਵਿੰਦਰ ਸਿੰਘ ਰੋਮਨ ਗਿਲਜੀਆਂ ਤੇ ਪਰਮਜੀਤ ਕੌਰ ਸਵੀਟੀ ਗਿਲਜੀਆਂ ਵੱਲੋਂ ਸੂਬੇਦਾਰ ਅਮਰੀਕ ਸਿੰਘ ਤੇ ਮਾਤਾ ਗਿਆਨ ਕੌਰ ਦੀ ਯਾਦ ਵਿੱਚ ਦਿੱਤੀ ਇਹ ਐਂਬੂਲੈਂਸ ਸਾਬਕਾ ਮੰਤਰੀ ਗਿਲਜੀਆਂ ਨੇ ਗੁਰੂਘਰ ਦੇ ਸੇਵਾਦਾਰਾਂ ਦੇ ਸਪੁਰਦ ਕੀਤੀ। ਇਸ ਤੋਂ ਪਹਿਲਾਂ ਗੁਰੂਘਰ ਦੇ ਹੈਡ ਗ੍ਰੰਥੀ ਭਾਈ ਜਗਤਾਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਪਿੰਡ ਵਿਚ ਐਂਬੂਲੈਂਸ ਦੀ ਸਹੂਲਤ ਦੇਣ ਲਈ ਸਾਬਕਾ ਮੰਤਰੀ ਗਿਲਜੀਆਂ ਤੇ ਸਮੂਹ ਗਿਲਜੀਆਂ ਪਰਿਵਾਰ ਦਾ ਧੰਨਵਾਦ ਕਰਦੇ ਹੋਏ ਕਮੇਟੀ ਵੱਲੋਂ ਪ੍ਰਧਾਨ ਨਿਰਮਲ ਸਿੰਘ ਦੀ ਅਗਵਾਈ ਵਿਚ ਸਾਬਕਾ ਮੰਤਰੀ ਗਿਲਜੀਆਂ ਤੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਦਾ ਸਨਮਾਨ ਕੀਤਾ ਗਿਆ।

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਪੰਜਗਰਾਈਆਂ ਵਿਖੇ ਮਨਾਇਆ

ਬਟਾਲਾ, 2 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਪੰਜਗਰਾਈਆਂ ਵਿਖੇ ਅੱਡੇ 'ਤੇ ਦੁਕਾਨਦਾਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ।ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਸੰਗਤ ਵਿੱਚ ਸਭ ਵਰਗਾਂ ਦੇ ਲੋਕ ਜੁੜ ਬੈਠਦੇ ਸਨ। ਉਨ੍ਹਾਂ ਨੇ ਦੂਈ ਦਵੈਤ ਮਿਟਾ ਕੇ ਲੋਕਾਈ ਨੂੰ ਏਕਤਾ ਸਮਾਨਤਾ ਤੇ ਭਾਈਚਾਰੇ ਦਾ ਸਬਕ ਪੜ੍ਹਾਇਆ ਤੇ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਸ੍ਰੀ ਗੁਰੂ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਅਨੇਕਾਂ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ ਜਿਹੜੇ ਆਪ ਜੀ ਦੇ ਵਿਸ਼ਾਲ ਗਿਆਨ ਤੇ ਵਿਆਪਕ ਜੀਵਨ ਅਨੁਭਵ ਦੇ ਲਖਾਇਕ ਹਨ।ਆਪ ਜੀ ਦੀ ਰਚੀ ਹੋਈ ਬਾਣੀ, ਪਿਛਲੀਆਂ ਛੇ ਸਦੀਆਂ ਤੋਂ ਮਨੁੱਖਤਾ ਦਾ ਰਾਹ ਰੁਸ਼ਨਾ ਰਹੀ ਹੈ।ਰਹਿੰਦੀ ਦੁਨੀਆਂ ਤੱਕ ਆਉਣ ਵਾਲੀਆਂ ਨਸਲਾਂ ਇਸ ਬਾਣੀ ਤੋਂ ਜੀਵਨ ਸੇਧ ਪ੍ਰਾਪਤ ਕਰਦੀਆਂ ਰਹਿਣਗੀਆਂ।ਆਪ ਜੀ ਵੱਲੋਂ ਦੱਸਿਆ ਗਿਆ ਬੇਗਮਪੁਰਾ ਸਮੁੱਚੇ ਵਿਸ਼ਵ ਲਈ ਇੱਕ ਅਜਿਹੇ ਸੁਖਾਵੇਂ ਮਾਹੌਲ ਦੀ ਸਿਰਜਣਾ ਦਾ ਪ੍ਰਤੀਕ ਹੈ ਜਿੱਥੇ ਵਰਗ ਵੰਡ ਤੇ ਸ਼੍ਰੇਣੀ ਵੰਡ ਲਈ ਕੋਈ ਜਗ੍ਹਾ ਨਹੀਂ ਬਚਦੀ। ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦਾ ਲੰਗਰ ਵੀ ਲਗਾਇਆ ਗਿਆ।ਸਵ. ਹਰਜਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ, ਪਰਮਜੀਤ ਪੰਮਾ, ਗੋਲਡੀ, ਹਰਜੀਤ ਸੰਧੂ, ਗੁਲਸ਼ਨ ਕੁਮਾਰ, ਜੀਵਨ ਕੁਮਾਰ, ਸੁਰਿੰਦਰ ਸਿੰਘ ਤੇ ਹੋਰ ਅਨੇਕਾਂ ਸੇਵਾਦਾਰ, ਸੰਗਤਾਂ ਦੀ ਸੇਵਾ ਲਈ ਹਾਜ਼ਰ ਸਨ।

# ਪ੍ਰੋਜੈਕਟ ਜੀਵਨ ਜੋਤ 2.0 ਜ਼ਿਲ੍ਹੇ 'ਚ ਸਖ਼ਤਾਈ ਨਾਲ ਲਾਗੂ, ਬਾਲ ਭਿਖਿਆ 'ਚ ਲੱਗੇ ਬੱਚਿਆਂ ਦੀ ਲਗਾਤਾਰ ਚੈਕਿੰਗ



ਨਵਾਂ ਸ਼ਹਿਰ, 2 ਫਰਵਰੀ (ਸੁਖਦੇਵ ਸਿੰਘ ਉੜਾਪੜ): ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਔਲਖ (ਆਈਏਐਸ) ਵੱਲੋਂ ਬਾਲ ਭਿੱਖਿਆ ਖ਼ਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਨ ਲਈ ਹੁਕਮ ਦਿੱਤੇ ਗਏ ਹਨ, ਜਿਸ ਦੇ ਚਲਦੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਜ਼ਿਲ੍ਹਾ ਟਾਸਕ ਫੋਰਸ ਨਾਲ ਬੱਸ ਸਟੈਂਡ ਰੋਡ, ਕੋਠੀ ਰੋਡ ਤੇ ਬੰਗਾ ਰੋਡ 'ਤੇ ਬਾਲ ਭਿੱਖਿਆ ਖ਼ਿਲਾਫ ਚੈਕਿੰਗ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਚੈਕਿੰਗ ਟੀਮ ਨੂੰ ਇੱਕ ਬੱਚਾ ਗੁਬਾਰੇ ਵੇਚਣ ਦੇ ਨਾਲ-ਨਾਲ ਭੀਖ ਮੰਗਦੇ ਹੋਏ ਪਾਇਆ ਗਿਆ।ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਬੱਚੇ ਨੂੰ ਰੈਸਕਿਊ ਕਰਕੇ ਬਾਲ ਭਲਾਈ ਕਮੇਟੀ ਦਫਤਰ ਵਿਖੇ ਪੇਸ਼ ਕੀਤਾ ਗਿਆ ਹੈ ਤਾਂ ਜੋ ਬੱਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾ ਸਕੇ।ਇਸ ਮੌਕੇ ਕੰਚਨ ਅਰੋੜਾ ਵੱਲੋਂ ਦੱਸਿਆ ਗਿਆ ਕਿ 18 ਸਾਲ ਤੋਂ ਘਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਤੇ ਮਜ਼ਦੂਰੀ ਨਾ ਕਰਵਾਉਣ ਸਬੰਧੀ ਜਨਤਾ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾਂ ਬਾਲ ਸੁਰੱਖਿਆ ਯੂਨਿਟ ਵੱਲੋਂ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿੱਚ ਦਾਖਲ ਕਰਵਾਇਆ ਜਾਵੇਗਾ ਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਦਿੱਤਾ ਜਾਵੇਗਾ।ਉਨ੍ਹਾਂ ਵੱਲੋ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ 'ਤੇ ਅਪਰਾਧ ਹੈ।ਬਾਲ ਭਿੱਖਿਆ ਨੂੰ ਜੜ੍ਹ ਤੋਂ ਖਤਮ ਕਰਨ ਲਈ ਬੱਚਿਆਂ ਤੇ ਉਨ੍ਹਾਂ ਦੇ ਮਾਂ ਪਿਓ ਦੀ ਕਾਊਂਸਲਿੰਗ ਕੀਤੀ ਜਾਣੀ ਬਣਦੀ ਹੈ ਤਾਂ ਜੋ ਬੱਚਿਆਂ ਦੇ ਮਾਂ-ਪਿਓ ਬੱਚਿਆਂ ਤੋਂ ਭੀਖ ਮੰਗਵਾਉਣ ਦੀ ਬਜਾਏ ਉਨ੍ਹਾਂ ਨੂੰ ਸਿੱਖਿਆ ਨਾਲ ਜੋੜਨ ਲਈ ਸਕੂਲ ਭੇਜਣ।ਚੈਕਿੰਗ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਵਿਜੈ ਕੁਮਾਰ (ਏਐਸਆਈ), ਰਣਜੀਤ ਸਿੰਘ (ਏਐਸਆਈ), ਸੰਤੋਸ਼ ਈਓ, ਚਾਈਲਡ ਹੈਲਪ ਲਾਈਨ ਤੋਂ ਮੀਨਾਕਸ਼ੀ ਕੇਸ ਵਰਕਰ ਤੇ ਦੀਪਕ ਕੇਸ ਵਰਕਰ ਮੌਜੂਦ ਸਨ।

# ਭਾਵਾਧਸ ਸ਼ਾਖਾ ਟਾਂਡਾ ਵੱਲੋਂ ਲਗਾਇਆ ਖ਼ੂਨਦਾਨ ਕੈਂਪ ਸ਼ਲਾਘਾਯੋਗ ਕਾਰਜ: ਵਿਧਾਇਕ ਜੰਗੀ ਲਾਲ, ਸੁਰਿੰਦਰ ਜਾਜਾ



ਟਾਂਡਾ ਉੜਮੁੜ, 2 ਫਰਵਰੀ (ਅਰਜੁਨ ਜੈਨ): ਸਰਕਾਰ ਰਹਿਮਤ ਸ਼ਾਹ ਜੀ ਚਿਸ਼ਤੀ ਸਾਬਰੀ ਜੀ ਦੀ ਦਰਗਾਹ 'ਤੇ ਲੱਗੇ ਜੋੜ ਮੇਲੇ ਨੂੰ ਸਮਰਪਿਤ ਭਾਵਾਧਸ ਸ਼ਾਖਾ ਟਾਂਡਾ ਵੱਲੋਂ ਜ਼ਿਲ੍ਹਾ ਵਾਈਸ ਪ੍ਰਧਾਨ ਬੌਬੀ ਰਾਜਪੁਰ, ਕੇਂਦਰੀ ਕਾਰਜਕਰਨੀ ਮੈਂਬਰ ਸੁਨੀਲ ਜਾਜਾ ਤੇ ਬਲਾਕ ਪ੍ਰਧਾਨ ਸੁਰਜੀਤ ਰਾਜਾ ਦੀ ਅਗਵਾਈ ਵਿੱਚ ਜਾਜਾ ਵਿਖੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁਕੇਰੀਆਂ ਦੇ ਵਿਧਾਇਕ ਜੰਗੀ ਲਾਲ ਮਹਾਜਨ, ਰਾਸ਼ਟਰੀ ਸੰਚਾਲਕ ਭਾਵਾਧਸ ਵੀਰ ਸ਼੍ਰੇਸ਼ਟ ਸੁਰਿੰਦਰ ਜਾਜਾ, ਸੰਦੀਪ ਭਾਗੀਆਂ ਤੇ ਗੁਰਵਿੰਦਰ ਸਿੰਘ ਹੈਪੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਨੌਜਵਾਨਾਂ ਵੱਲੋਂ 50 ਯੂਨਿਟ ਖ਼ੂਨ ਦਾਨ ਕੀਤਾ ਗਿਆ।ਕੈਂਪ 'ਚ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਜੰਗੀ ਲਾਲ ਮਹਾਜਨ ਨੇ ਕਿਹਾ ਕਿ ਸੜਕ ਦੁਰਘਟਨਾਵਾਂ ਜਾਂ ਕਿਸੇ ਹੋਰ ਕਾਰਨ ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਨੂੰ ਖ਼ੂਨ ਦੀ ਜ਼ਰੂਰਤ ਪੈਂਦੀ ਹੈ ਪਰ ਸਮੇਂ ਸਿਰ ਖ਼ੂਨ ਨਾ ਮਿਲਣ ਕਾਰਨ ਅਣਹੋਣੀ ਵਾਪਰਨ ਦੀ ਸੰਭਾਵਨਾ ਵੱਧ ਜਾਂਦੀ ਹੈ।ਉਨ੍ਹਾਂ ਕਿਹਾ ਕਿ ਅਜਿਹੇ ਮਰੀਜ਼ਾਂ ਨੂੰ ਖ਼ੂਨ ਦਾਨ ਕਰਨ ਲਈ ਭਾਵਾਧਸ ਵੱਲੋਂ ਲਗਾਏ ਗਏ ਅਜਿਹੇ ਖ਼ੂਨਦਾਨ ਕੈਂਪ ਨਾਲ ਹਸਪਤਾਲਾਂ ਵਿੱਚ ਦਾਖਲ ਕਈ ਮਰੀਜ਼ਾਂ ਦੀਆਂ ਕੀਮਤੀ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ ਜੋ ਕਿ ਇੱਕ ਸ਼ਲਾਘਾਯੋਗ ਕਾਰਜ ਹੈ।ਕੈਂਪ ਦੇ ਆਖਿਰ ਵਿੱਚ ਭਾਵਾਧਸ ਦੇ ਸਮੂਹ ਮੈਂਬਰਾਂ ਵੱਲੋਂ ਆਏ ਹੋਏ ਵਿਸ਼ੇਸ਼ ਮਹਿਮਾਨਾਂ ਤੇ ਖ਼ੂਨ ਦਾਨ ਕਰਨ ਵਾਲੇ ਨੌਜਵਾਨਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ 'ਤੇ ਅਮਨਦੀਪ ਰੂਬਲ, ਵੀਨੂੰ ਪੰਡਿਤ, ਸੰਜੀਵ ਸਿਆਲ, ਮੰਨਾ ਮਹਿਰਾ, ਬਲਬੀਰ ਸਿੰਘ, ਅਵੇਕ ਨੰਗਲ ਖੁੰਗਾ, ਨਿਖਿਲ ਟਾਂਡਾ, ਸ਼ੇਰੀ ਸਹੋਤਾ, ਦੀਪਕ ਮੱਟੂ, ਰਾਜੂ, ਰਮਣ, ਸਾਬੀ, ਦੀਪਾ ਹੁਸੈਨਪੁਰ, ਜੱਸ ਕਲਿਆਣ, ਬਿਸ਼ਨ ਬਹਿਰਾਮਪੁਰ, ਗੁਰਦਿਆਲ ਵਿੱਕੀ, ਅਜੇ ਮੱਟੂ, ਸੰਨੀ ਨਾਹਰ, ਗੁਰਮੀਤ ਪਰੋਜ, ਜਸਵੀਰ ਬਘਿਆੜੀ, ਰਾਹੁਲ, ਰਾਜਵੀਰ, ਗੁਰਜੀਤ, ਵਿਕਰਮ ਰਾਜਾ, ਅੰਮ੍ਰਿਤ ਗਿੱਦੜਪਿੰਡੀ, ਬੰਟੀ ਹੰਬੜਾਂ, ਪਵਨ, ਸਾਗਰ, ਸ਼ਾਦੀ ਲਾਲ, ਗੁਲਜਾਰੀ ਲਾਲ, ਹੈਪੀ ਤੇ ਹੋਰ ਹਾਜ਼ਰ ਸਨ।

# ਸਿਵਲ ਸਰਜਨ ਵੱਲੋਂ ਸੀ.ਐਚ.ਸੀ.ਕਾਹਨੂੰਵਾਨ ਤੇ ਪੁਰਾਣਾ ਸ਼ਾਲਾ ਦੀ ਅਚਨਚੇਤ ਚੈਕਿੰਗ

## ☛ਮਰੀਜ਼ਾਂ ਨਾਲ ਕੀਤੀ ਗੱਲਬਾਤ, ਸਟਾਫ਼ ਨੂੰ ਤਨਦੇਹੀ ਨਾਲ ਡਿਊਟੀ ਕਰਨ ਦੀ ਹਦਾਇਤ



ਕਾਹਨੂੰਵਾਨ, 2 ਫਰਵਰੀ (ਕੁਲਜੀਤ ਸਿੰਘ ਖੋਖਰ): ਸਿਵਲ ਸਰਜਨ ਗੁਰਦਾਸਪੁਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਨੇ ਅੱਜ ਸੀ.ਐਚ.ਸੀ. ਕਾਹਨੂੰਵਾਨ ਤੇ ਪੁਰਾਣਾ ਸ਼ਾਲਾ ਦਾ ਅਚਨਚੇਤ ਦੌਰਾ ਕਰਕੇ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ।ਇਸ ਦੌਰਾਨ ਉਨ੍ਹਾਂ ਹਸਪਤਾਲ 'ਚ ਇਲਾਜ ਕਰਵਾ ਰਹੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨਾਲ ਸਿੱਧੀ ਗੱਲਬਾਤ ਕੀਤੀ ਤਾਂ ਜੋ ਮਿਲ ਰਹੀਆਂ ਸਹੂਲਤਾਂ ਦੀ ਅਸਲ ਸਥਿਤੀ ਦਾ ਪਤਾ ਲੱਗ ਸਕੇ।ਡਾ. ਪ੍ਰਭਾਕਰ ਨੇ ਦਵਾਈਆਂ ਦੇ ਸਟਾਕ ਦਾ ਨਿਰੀਖਣ ਕੀਤਾ ਤੇ ਸਖ਼ਤ ਹਦਾਇਤ ਕੀਤੀ ਕਿ ਦਵਾਈਆਂ ਦਾ ਪੂਰਾ ਸਟਾਕ ਹਮੇਸ਼ਾ ਮੌਜੂਦ ਰੱਖਿਆ ਜਾਵੇ ਤਾਂ ਜੋ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ।ਉਨ੍ਹਾਂ ਸਮੂਹ ਸਟਾਫ ਨੂੰ ਮਰੀਜ਼ਾਂ ਦੀ ਸੇਵਾ ਪੂਰੀ ਤਨਦੇਹੀ ਤੇ ਬਿਹਤਰ ਢੰਗ ਨਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਸੀ.ਐਚ.ਸੀ. ਕਾਹਨੂੰਵਾਨ ਵਿਖੇ ਨਵੇਂ ਬਣ ਰਹੇ ਬਲਾਕ ਸੀ.ਐਚ.ਸੀ. ਵਿੱਚ ਚੈਕਿੰਗ ਦੌਰਾਨ ਸਿਵਲ ਸਰਜਨ ਡਾ. ਮਹੇਸ਼ ਪ੍ਰਭਾਕਰ, ਨਾਲ ਹੋਰ ਗੱਲਬਾਤ ਕਰਦਿਆਂ ਸਿਵਲ ਸਰਜਨ ਨੇ ਕਿਹਾ ਕਿ ਸਿਹਤ ਯੋਜਨਾ ਅਧੀਨ ਸਮੂਹ ਸਰਕਾਰੀ ਹਸਪਤਾਲਾਂ 'ਚ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਸਪੈਸ਼ਲਿਸਟ ਡਾਕਟਰਾਂ, ਮੈਡੀਕਲ ਅਫ਼ਸਰਾਂ, ਸਟਾਫ ਨਰਸਾਂ ਤੇ ਪੈਰਾ ਮੈਡੀਕਲ ਸਟਾਫ ਦੀ ਭਰਤੀ ਕੀਤੀ ਗਈ ਹੈ, ਜਿਸ ਨਾਲ ਆਮ ਜਨਤਾ ਨੂੰ ਸਰਕਾਰੀ ਹਸਪਤਾਲਾਂ 'ਚ ਪਹਿਲਾਂ ਨਾਲੋਂ ਕਿਤੇ ਬਿਹਤਰ ਸਿਹਤ ਸੇਵਾਵਾਂ ਮਿਲਣਗੀਆਂ।ਇਸ ਮੌਕੇ ਡਾ. ਅੰਕੁਰ ਕੌਸ਼ਲ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਕਾਲਜ ਵਿਖੇ 'ਸਟਾਰਟ-ਅੱਪ ਇੰਡੀਆ, ਉਦਮੀਆਂ ਦੀ ਨਵੀਂ ਲਹਿਰ' ਵਿਸ਼ੇ 'ਤੇ ਇੱਕ-ਰੋਜ਼ਾ ਸੈਮੀਨਾਰ ਕਰਵਾਇਆ



ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 2 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਚਲਾਈ ਜਾ ਰਹੀ ਸੰਸਥਾ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਕਿਸ਼ਨਕੋਟ (ਘੁਮਾਣ) ਵਿਖੇ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਤੇ ਡੀਨ ਕਾਲਜ ਵਿਕਾਸ ਕੌਂਸਲ, ਪ੍ਰੋ.ਡਾ. ਸਰੋਜ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕਾਲਜ ਪ੍ਰਿੰਸੀਪਲ ਤੇ ਇਸ ਸੈਮੀਨਾਰ ਦੇ ਕਨਵੀਨਰ ਡਾ. ਵੀ.ਕੇ ਸਿੰਘ ਦੀ ਰਹਿਨੁਮਾਈ ਹੇਠ 'ਸਟਾਰਟ-ਅੱਪ ਇੰਡੀਆ ਤੇ ਉਦਮੀਆਂ ਦੀ ਨਵੀਂ ਲਹਿਰ' ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਹ ਇੱਕ ਰੋਜ਼ਾ ਸੈਮੀਨਾਰ ਰੁਸਾ ਦੁਆਰਾ ਸਪਾਂਸਰ ਕੀਤਾ ਗਿਆ, ਜਿਸ ਵਿੱਚ ਡਾ. ਵਿਕਰਮ ਸੰਧੂ (ਯੂਨੀਵਰਸਿਟੀ ਬਿਜ਼ਨਸ ਸਕੂਲ GNDU ਅੰਮ੍ਰਿਤਸਰ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਸੈਮੀਨਾਰ ਦੀ ਸ਼ੁਰੂਆਤ ਮੌਕੇ ਕਾਲਜ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤਾ ਤੇ ਇਸ ਉਪਰੰਤ ਸ਼ਮਾ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ।ਸਪੀਕਰ ਡਾ. ਹਰਦੀਪ ਸਿੰਘ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਕਾਰਾਤਮਕ ਭਾਵਨਾਵਾਂ ਨੂੰ ਛੱਡਣਾ ਚਾਹੀਦਾ ਹੈ ਤੇ ਆਤਮ ਨਿਰਭਰ ਹੋਣਾ ਚਾਹੀਦਾ ਹੈ। ਇਸ ਮੌਕੇ ਪ੍ਰੋ. ਗੁਰਨੀਰ ਕੌਰ ਤੇ ਪ੍ਰੋ. ਨਵਨੀਤ ਕੌਰ ਦੁਆਰਾ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਗਈ।ਸੈਮੀਨਾਰ ਦੇ ਅੰਤ ਵਿੱਚ ਕੋ-ਆਰਡੀਨੇਟਰ ਪ੍ਰੋ. ਧੀਰਜਗਿਰੀ ਦੁਆਰਾ ਸਾਰਿਆਂ ਦਾ ਧੰਨਵਾਦ ਕੀਤਾ ਗਿਆ।ਇਸ ਸਮੇਂ ਪ੍ਰੋ. ਸੰਦੀਪ ਕੌਰ (ਅੰਗਰੇਜ਼ੀ ਵਿਭਾਗ), ਪ੍ਰੋ. ਕਿਰਨਜੀਤ ਕੌਰ, ਪ੍ਰੋ. ਕਰਮਜੀਤ ਕੌਰ, ਪ੍ਰੋ. ਸ਼ਮਸ਼ੇਰ ਸਿੰਘ, ਪ੍ਰੋ. ਰਵਨੀਤ ਕੌਰ, ਪ੍ਰੋ. ਮੀਨਾਕਸ਼ੀ, ਪ੍ਰੋ. ਸੰਦੀਪ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਹਰਦਵਿੰਦਰ ਸਿੰਘ, ਪ੍ਰੋ. ਅਮਰਪ੍ਰੀਤ ਸਿੰਘ, ਪ੍ਰੋ. ਰੋਹਨ ਬਜਾਜ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਲਖਵਿੰਦਰ ਕੌਰ, ਪ੍ਰੋ. ਸਿਮਰਨ ਕੌਰ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਨਵਜੋਤ ਕੌਰ, ਪ੍ਰੋ. ਪ੍ਰਦੀਪ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਕਿਰਨਪ੍ਰੀਤ ਕੌਰ, ਪ੍ਰੋ. ਰਾਜਵਿੰਦਰ ਸਿੰਘ, ਗੁਰਪ੍ਰੀਤ ਸਿੰਘ ਤੇ ਸੰਨੀ ਬਮੋਤਰਾ ਹਾਜ਼ਰ ਰਹੇ।

# ਬਜਟ 2026-27 ਆਮ ਲੋਕਾਂ ਦੀਆਂ ਉਮੀਦਾਂ ਦੇ ਉਲਟ ਤੇ ਨਿਰਾਸ਼ਾਜਨਕ: ਹਰਪ੍ਰੀਤ ਸਿੰਘ



ਗੜ੍ਹਦੀਵਾਲਾ, 2 ਫਰਵਰੀ (ਗੌਰਵ): ਪੇਸ਼ ਕੀਤੇ ਗਏ ਕੇਂਦਰੀ ਬਜਟ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਇੰਜ. ਹਰਪ੍ਰੀਤ ਸਿੰਘ ਨੇ ਇਸ ਨੂੰ ਪੂਰੀ ਤਰ੍ਹਾਂ ਲੋਕ-ਵਿਰੋਧੀ ਤੇ ਦਿਸ਼ਾਹੀਣ ਕਰਾਰ ਦਿੱਤਾ ਹੈ। ਇਸ ਬਜਟ ਵਿੱਚ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨਾਂ ਲਈ ਰੁਜ਼ਗਾਰ ਦੇ ਕੋਈ ਮੌਕੇ ਪੈਦਾ ਕਰਨ ਦੀ ਠੋਸ ਯੋਜਨਾ ਨਹੀਂ ਹੈ। ਨਾ ਹੀ ਮਹਿੰਗਾਈ ਦੀ ਚੱਕੀ ਵਿੱਚ ਪਿਸ ਰਹੇ ਆਮ ਆਦਮੀ ਨੂੰ ਕੋਈ ਰਾਹਤ ਦਿੱਤੀ ਗਈ ਹੈ।ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰ ਨੇ ਗਰੀਬ ਅਤੇ ਮੱਧ ਵਰਗ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ ਹੈ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਵਰਗੇ ਅਹਿਮ ਮੁੱਦਿਆਂ 'ਤੇ ਵੀ ਚੁੱਪੀ ਧਾਰੀ ਹੋਈ ਹੈ। ਉਦਯੋਗਿਕ ਖੇਤਰ ਦੀ ਮਾੜੀ ਹਾਲਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 'ਮੇਕ ਇਨ ਇੰਡੀਆ' ਦੇ ਵੱਡੇ-ਵੱਡੇ ਦਾਅਵਿਆਂ ਬਾਵਜੂਦ ਨਿਰਮਾਣ ਖੇਤਰ (Manufacturing Sector) ਦਾ ਯੋਗਦਾਨ ਸਿਰਫ 12.13% GVA 'ਤੇ ਅਟਕਿਆ ਹੋਇਆ ਹੈ। ਇਹ ਸਰਕਾਰ ਦੇ 25% ਦੇ ਮਿੱਥੇ ਟੀਚੇ ਤੋਂ ਬਹੁਤ ਦੂਰ ਹੈ।ਇੰਜ. ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਬਜਟ ਵਿੱਚ ਖਪਤਕਾਰਾਂ ਦੀ ਮੰਗ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਹ ਆਮ ਲੋਕਾਂ ਲਈ ਆਰਥਿਕ ਮੁਸ਼ਕਿਲਾਂ ਦਾ ਨਵਾਂ ਦੌਰ ਸ਼ੁਰੂ ਕਰੇਗਾ।

# 2027 'ਚ ਦੁਬਾਰਾ 'ਆਪ' ਦੀ ਸਰਕਾਰ ਬਣੇਗੀ: ਸਰਪੰਚ ਗੁਰਪ੍ਰੀਤ ਸਿੰਘ



ਫਤਹਿਗੜ੍ਹ ਚੂੜੀਆਂ, 2 ਫਰਵਰੀ (ਰਾਜਨ ਸ਼ਰਮਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹਲਕਾ ਫਤਹਿਗੜ੍ਹ ਪਿੰਡ ਖੋਦੇ ਬਾਂਗਰ ਤੋਂ ਸਰਪੰਚ ਗੁਰਪ੍ਰੀਤ ਸਿੰਘ ਨੇ 2027 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੁਬਾਰਾ ਬਣਨ ਦਾ ਦਾਅਵਾ ਕੀਤਾ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਿੰਡ ਖੋਦੇ ਬਾਂਗਰ ਦੇ ਸਰਪੰਚ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰੇਕ ਵਰਗ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਵਚਨਬੱਧ ਹੈ।ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਅਨੇਕਾਂ ਸਹੂਲਤਾਂ ਜਿਵੇਂ ਕਿ ਮੁਫਤ ਬਿਜਲੀ, 10 ਲੱਖ ਤੱਕ ਦਾ ਸਿਹਤ ਬੀਮਾ ਯੋਜਨਾ, ਨੌਜਵਾਨਾਂ ਨੂੰ ਨੌਕਰੀਆਂ ਦੇਣਾ ਤੇ ਪਿੰਡਾਂ ਵਿੱਚ ਵਿਕਾਸ ਕਾਰਜ ਕਰਨਾ ਸਰਕਾਰ ਦੇ ਮੁੱਖ ਉਦੇਸ਼ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੰਨੀਆਂ ਵੀ ਗਰੰਟੀਆਂ ਦਿੱਤੀਆਂ ਗਈਆਂ ਸਨ।ਉਹ ਸਭ ਪੂਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਹਲਕੇ ਵਿੱਚ ਪਾਰਟੀ ਵਰਕਰਾਂ ਤੇ ਸੀਨੀਅਰ ਆਗੂਆਂ ਵੱਲੋਂ ਕੀਤੀ ਜਾ ਰਹੀ ਮਿਹਨਤ ਸਦਕਾ ਲੋਕ ਰਿਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

# ਮੈਰੀਟੋਰੀਅਸ ਸਕੂਲ ਦੇ ਸਾਰੇ ਵਿਦਿਆਰਥੀਆਂ ਦੀ ਸਿਹਤ ਠੀਕ: ਪ੍ਰਿੰਸੀਪਲ ਰਾਜੀਵ ਮਹਾਜਨ

## ☛7 ਵਿਦਿਆਰਥੀਆਂ ਦੀ ਆਇਰਨ ਦੀ ਗੋਲੀ ਖਾਣ ਨਾਲ ਹਾਲਤ ਵਿਗੜਨ ਤੋਂ ਬਾਅਦ ਸਿਵਲ ਹਸਪਤਾਲ 'ਚ ਕਰਵਾਈ ਸੀ ਮੁੱਢਲੀ ਜਾਂਚ



ਗੁਰਦਾਸਪੁਰ, 2 ਫਰਵਰੀ (ਜਗੀਰ ਸਿੰਘ ਮੰਡ/ਨਾਹਰ): ਗੁਰਦਾਸਪੁਰ ਮੈਰੀਟੋਰੀਅਸ ਸਕੂਲ ਦੇ ਪ੍ਰਿੰਸੀਪਲ ਰਾਜੀਵ ਮਹਾਜਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 01 ਫਰਵਰੀ ਨੂੰ ਸਕੂਲ ਦੇ 7 ਵਿਦਿਆਰਥੀ ਬਿਮਾਰ ਹੋਏ ਸਨ।ਜਿਨ੍ਹਾਂ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਲਿਜਾਇਆ ਗਿਆ ਸੀ, ਸਬੰਧਤ ਵਿਦਿਆਰਥੀਆਂ ਨੂੰ ਮੌਕੇ 'ਤੇ ਸਿਵਲ ਹਸਪਤਾਲ ਦੀ ਟੀਮ ਵੱਲੋਂ ਲੋੜੀਂਦੀ ਮੁੱਢਲੀ ਜਾਂਚ ਤੇ ਦਵਾਈਆਂ ਦੇਣ ਤੋਂ ਬਾਅਦ ਸਕੂਲ ਹੋਸਟਲ ਵਿਖੇ ਭੇਜ ਦਿੱਤਾ ਗਿਆ ਸੀ, ਸਾਰੇ ਬੱਚੇ ਬਿਲਕੁਲ ਠੀਕ ਹਨ।ਉਨ੍ਹਾਂ ਦੱਸਿਆ ਕਿ ਬੀਤੇ ਕੱਲ੍ਹ ਬੱਚਿਆਂ ਨੂੰ ਫੋਲੀਐਸਿਡ ਆਇਰਨ ਦੀਆਂ ਗੋਲੀਆਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ 6-7 ਬੱਚਿਆਂ ਨੂੰ ਘਬਰਾਹਟ ਤੇ ਪੇਟ ਵਿੱਚ ਦਰਦ ਹੋਇਆ ਸੀ, ਜਿਸ ਕਾਰਨ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ ਤੇ ਡਾਕਟਰਾਂ ਵੱਲੋਂ ਮੁੱਢਲੀ ਜਾਂਚ ਉਪਰੰਤ ਬੱਚਿਆਂ ਨੂੰ ਵਾਪਸ ਹੋਸਟਲ ਭੇਜ ਦਿੱਤਾ ਗਿਆ ਹੈ ਤੇ ਸਾਰੇ ਬੱਚਿਆਂ ਦੀ ਸਿਹਤ ਠੀਕ ਹੈ।ਪ੍ਰਿੰਸੀਪਲ ਰਾਜੀਵ ਮਹਾਜਨ ਨੇ ਦੱਸਿਆ ਕਿ ਸਬੰਧਤ ਵਿਦਿਆਰਥੀਆਂ ਨੂੰ ਸਬ-ਡਵੀਜ਼ਨਲ ਮੈਜਿਸਟਰੇਟ, ਗੁਰਦਾਸਪੁਰ ਸਿਵਲ ਸਰਜਨ ਦੀ ਟੀਮ ਤੇ ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਗੁਰਦਾਸਪੁਰ ਵੱਲੋਂ ਵੀ ਵਿਦਿਆਰਥੀਆਂ ਨੂੰ ਮਿਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਸਿਵਲ ਸਰਜਨ ਗੁਰਦਾਸਪੁਰ ਦੀ ਟੀਮ ਵੱਲੋਂ ਸਬੰਧਤ ਵਿਦਿਆਰਥੀਆਂ ਨੂੰ ਚੈਕ ਕਰਨ ਉਪਰੰਤ ਤੰਦਰੁਸਤ ਪਾਇਆ ਗਿਆ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਹੁਣ ਕਿਸੇ ਕਿਸਮ ਦੀ ਕੋਈ ਵੀ ਸਮੱਸਿਆ ਨਹੀਂ ਹੈ।

# ਆਯੂਸ਼ਮਾਨ ਅਰੋਗਿਆ ਕੇਂਦਰ ਪਿੰਡ ਮਸਾਣੀਆਂ ਵਿਖੇ ਫ੍ਰੀ ਆਯੁਰਵੈਦਿਕ ਤੇ ਹੋਮਿਓਪੈਥਿਕ ਕੈਂਪ ਲਗਾਇਆ



ਬਟਾਲਾ, 2 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਡਾਇਰੈਕਟਰ ਆਯੁਰਵੇਦ ਪੰਜਾਬ, ਡਾ. ਰਮਨ ਖੰਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੂਸ਼ ਆਰੋਗਿਆ ਕੇਂਦਰ ਪਿੰਡ ਮਸਾਣੀਆਂ, (ਜ਼ਿਲ੍ਹਾ ਗੁਰਦਾਸਪੁਰ) ਵਿਖੇ ਮੁਫ਼ਤ ਕੈਂਪ ਲਗਾਇਆ ਗਿਆ। ਡੀ.ਡੀ.ਓ., ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਦਫ਼ਤਰ, ਡਾ. ਹਰਿੰਦਰ ਸਿੰਘ ਨੇ ਭਗਵਾਨ ਧਨਵੰਤਰੀ ਅੱਗੇ ਦੀਪ ਜਲਾ ਕੇ ਇਸ ਕੈਂਪ ਦੀ ਸ਼ੁਰੂਆਤ ਕੀਤੀ।ਇਸ ਕੈਂਪ ਦਾ ਆਯੋਜਨ ਆਯੁਰਵੈਦਿਕ ਮੈਡੀਕਲ ਅਫਸਰ ਡਾ. ਮੰਜੂ ਦੀ ਰਹਿਨੁਮਾਈ ਵਿੱਚ ਕੀਤਾ ਗਿਆ।ਆਯੁਰਵੈਦਿਕ ਡਾ. ਮਨਦੀਪ ਕੌਰ ਤੇ ਡਾ. ਪ੍ਰਨੀਤ ਕੌਰ ਵੱਲੋਂ ਕੁੱਲ 456 ਮਰੀਜ਼ਾਂ ਦਾ ਚੈਕਅੱਪ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਹੋਮਿਓਪੈਥਿਕ ਮੈਡੀਕਲ ਅਫ਼ਸਰ ਡਾ. ਰੁਪਿੰਦਰ ਕੌਰ ਤੇ ਡਾ. ਹਰਜਿੰਦਰ ਕੌਰ ਵੱਲੋਂ ਕੁੱਲ 218 ਮਰੀਜ਼ਾਂ ਦੀ ਜਾਂਚ ਕੀਤੀ ਗਈ।ਇਸ ਤਰ੍ਹਾਂ ਕੁੱਲ 674 ਮਰੀਜ਼ਾਂ ਨੇ ਇਸ ਕੈਂਪ ਦਾ ਲਾਭ ਉਠਾਇਆ।ਡਾ. ਮੰਜੂ ਨੇ ਦੱਸਿਆ ਕਿ ਪ੍ਰਾਚੀਨ ਚਕਿਤਸਾ ਪੱਧਤੀਆਂ ਨਾਲ ਬਿਮਾਰੀ ਨੂੰ ਸਿਰਫ ਰੋਕਿਆ ਨਹੀਂ ਜਾਂਦਾ, ਸਗੋਂ ਜੜ੍ਹ ਤੋਂ ਖ਼ਤਮ ਕੀਤਾ ਜਾਂਦਾ ਹੈ।ਆਯੂਸ਼ ਵਿਭਾਗ ਦੇ ਅਜਿਹੇ ਉਪਰਾਲਿਆਂ ਨਾਲ ਯਕੀਨਨ ਲੋਕ ਪ੍ਰਾਚੀਨ ਚਕਿਤਸਾ ਪੱਧਤੀਆਂ ਵੱਲ ਹੋਰ ਜਾਗਰੂਕ ਹੋਣਗੇ।ਇਸ ਕੈਂਪ ਵਿੱਚ ਉਪਵੈਦ ਸੁਰਈਆ, ਸੰਦੀਪ ਕੁਮਾਰ, ਮਹਿਕਦੀਪ ਸਿੰਘ, ਸੀਮਾ ਤੇ ਸੁਨੀਤਾ ਜੋਸ਼ੀ ਵੱਲੋਂ ਸੇਵਾ ਨਿਭਾਈ ਗਈ।ਪਿੰਡ ਦੇ ਸਰਪੰਚ ਪ੍ਰਭਸਿਮਰਨ ਜੀਤ ਸਿੰਘ ਵੱਲੋਂ ਇਸ ਕੈਂਪ ਵਿੱਚ ਪੂਰਨ ਸਹਿਯੋਗ ਦਿੱਤਾ ਗਿਆ।

# ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਏ.ਐੱਸ ਕਾਲਜ 'ਚ ਪ੍ਰੋ. ਗਗਨਦੀਪ ਸ਼ਰਮਾ ਨਾਲ ਰੂ-ਬ-ਰੂ ਸਮਾਗਮ



ਲੁਧਿਆਣਾ, 2 ਫਰਵਰੀ (ਵਿਸ਼ਾਲ ਸ਼ਰਮਾ): ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਵਿਭਾਗ ਦੁਆਰਾ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕ ਉਪਰਾਲੇ ਕੀਤੇ ਜਾ ਰਹੇ ਹਨ।

ਇਸੇ ਕੜੀ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ,ਲੁਧਿਆਣਾ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਏ.ਐੱਸ ਕਾਲਜ ਖੰਨਾ ਦੇ ਸਾਂਝੇ ਉਪਰਾਲੇ ਵਜੋਂ ਕਾਲਜ ਵਿਖੇ ਪ੍ਰੋ. ਗਗਨਦੀਪ ਸ਼ਰਮਾ ਦਾ ਰੂ-ਬ-ਰੂ ਸਮਾਗਮ ਕਰਵਾਇਆ ਗਿਆ। ਪੰਜਾਬੀ ਅਤੇ ਹਿੰਦੀ ਕਵਿਤਾ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਣ ਵਾਲੇ ਪ੍ਰੋ. ਗਗਨਦੀਪ ਸ਼ਰਮਾ ਇਸ ਸਮੇਂ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਨਵੀਂ ਦਿੱਲੀ ਵਿਖੇ ਮੈਨੇਜਮੈਂਟ ਸਟੱਡੀਜ਼ ਦੇ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਏ.ਐੱਸ ਕਾਲਜ ਖੰਨਾ ਦੇ ਕਾਮਰਸ ਵਿਭਾਗ ਦੇ ਵਿਦਿਆਰਥੀ ਵੀ ਰਹੇ ਹਨ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਵਿਦਿਆਰਥੀਆਂ ਨਾਲ ਪ੍ਰੋ. ਗਗਨਦੀਪ ਸ਼ਰਮਾ ਦੇ ਜੀਵਨ ਸਬੰਧੀ ਸਾਂਝ ਪੁਆਉਂਦਿਆਂ ਕਿਹਾ ਕਿ ਪੰਜਾਬ ਦੇ ਇੱਕ ਪਿੰਡ ਰਾਮਪੁਰ ਤੋਂ ਸਫ਼ਰ ਸ਼ੁਰੂ ਕਰਕੇ ਉਹਨਾਂ ਨੇ ਕੌਮਾਂਤਰੀ ਪੱਧਰ ਉੱਤੇ ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਆਪਣਾ ਨਾਮ ਰੌਸ਼ਨ ਕੀਤਾ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦਾ ਕਿਸੇ ਵੱਡੇ ਮੁਕਾਮ ਉੱਤੇ ਪਹੁੰਚ ਕੇ ਇਸ ਤਰ੍ਹਾਂ ਕਾਲਜ ਦੇ ਵਿਹੜੇ ਆਉਣਾ ਸ਼ੁਭ ਸ਼ਗਨ ਹੈ। ਪ੍ਰੋ. ਗਗਨਦੀਪ ਸ਼ਰਮਾ ਨੇ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਆਪਣੇ ਜੀਵਨ ਦੇ ਅਨੁਭਵ ਸਾਂਝੇ ਕੀਤੇ। ਉਹਨਾਂ ਕਿਹਾ ਕਿ ਇਹ ਵੱਡੀ ਤਰੱਕੀ ਲਈ ਵੱਡੀਆਂ ਤੇ ਮਹਿੰਗੀਆਂ ਸੰਸਥਾਵਾਂ ਵਿੱਚ ਪੜ੍ਹਾਈ ਕਰਨ ਤੋਂ ਜ਼ਿਆਦਾ ਮਹੱਤਵਪੂਰਨ ਮਨ ਵਿੱਚ ਲੀਕ ਤੋਂ ਹਟ ਕੇ ਜ਼ਿੰਦਗੀ ਜਿਊਣ ਦਾ ਜਜ਼ਬਾ ਹੋਣਾ ਜ਼ਰੂਰੀ ਹੈ। ਉਨ੍ਹਾਂ ਆਪਣੇ ਨਿੱਜੀ ਅਨੁਭਵ ਦੇ ਹਵਾਲੇ ਨਾਲ ਦੱਸਿਆ ਕਿ ਕਿਵੇਂ ਇੱਕ ਸਧਾਰਨ ਵਿਦਿਆਰਥੀ ਹੋਣ ਦੇ ਬਾਵਜੂਦ ਇਸੇ ਜਜ਼ਬੇ ਕਾਰਨ ਦੁਨੀਆਂ ਭਰ ਵਿੱਚ ਆਤਮ-ਵਿਸ਼ਵਾਸ ਅਤੇ ਕਾਮਯਾਬੀ ਨਾਲ ਵਿਚਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਵੇਲੇ ਉਹ ਹੰਗਰੀ, ਪੋਲੈਂਡ ਤੇ ਮਲੇਸ਼ੀਆ ਵਰਗੀਆਂ ਯੂਨੀਵਰਸਿਟੀਆਂ ਵਿੱਚ, ਵਿਜ਼ਟਿੰਗ ਪ੍ਰੋਫ਼ੈਸਰ ਵਜੋਂ ਵੀ ਕਾਰਜ ਕਰ ਰਹੇ ਹਨ। ਪ੍ਰੋ. ਗਗਨਦੀਪ ਸ਼ਰਮਾ ਨੇ ਅੱਗੇ ਕਿਹਾ ਕਿ ਘਰ ਦੇ ਮਾਹੌਲ ਕਰਕੇ ਉਹ ਕਾਮਰਸ ਦੇ ਵਿਦਿਆਰਥੀ ਹੁੰਦੇ ਹੋਏ ਵੀ ਸਾਹਿਤ ਅਤੇ ਸਿਰਜਣਾ ਨਾਲ ਜੁੜੇ ਰਹੇ। ਉਹਨਾਂ ਨੇ ਇਨ੍ਹਾਂ ਹਵਾਲਿਆਂ ਨਾਲ ਆਪਣੀਆਂ ਕੁਝ ਗ਼ਜ਼ਲਾਂ ਤੇ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ। ਮੰਚ ਸੰਚਾਲਨ ਦੀ ਭੂਮਿਕਾ ਲਵਪ੍ਰੀਤ ਸਿੰਘ ਨੇ ਨਿਭਾਈ। ਇਸ ਮੌਕੇ ਪੰਜਾਬੀ ਵਿਭਾਗ ਤੋਂ ਡਾ.ਮਨਦੀਪ ਕੌਰ ,ਪ੍ਰੋ. ਹਰਜੋਤ ਕੌਰ, ਪ੍ਰੋ. ਰਮਨਦੀਪ ਕੌਰ ਅਤੇ ਹੋਰ ਵਿਭਾਗਾਂ ਪ੍ਰੋ. ਰਵਿੰਦਰਜੀਤ ਸਿੰਘ, ਡਾ.ਸਿਵ ਕੁਮਾਰ ,ਪ੍ਰੋ. ਮਨੂ ਵਰਮਾ,ਡਾ. ਮੋਹਿਤ ਕੁਮਾਰ, ਡਾ.ਯਾਸ਼ਮੀਨ ਸੋਫਤ, ਪ੍ਰੋ. ਰਜਨੀ ਕਾਂਤ ਸ਼ਰਮਾ, ਪ੍ਰੋ.ਦਿਸ਼ਾ, ਡਾ. ਹਰਮਨਜੋਤ ਕੌਰ ਭੱਟੀ, ਡਾ.ਅਰੁਣ ਕੁਮਾਰ ਸ਼ਰਮਾ, ਡਾ. ਪ੍ਰਿੰਸਪਾਲ ਮੁਖੀਜਾ , ਡਾ.ਸ਼ਸ਼ੀ ਸ਼ਰਮਾ,ਪ੍ਰੋ.ਸੌਰਵ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਸ਼ਾਮਲ ਹੋਏ।

# ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਵਿਖੇ ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ



ਲੁਧਿਆਣਾ, 2 ਫ਼ਰਵਰੀ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਹਾਉਸਿੰਗ ਬੋਰਡ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਉਸਿੰਗ ਬੋਰਡ ਕਲੋਨੀ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸਤਿਸੰਗ ਸਭਾ ਹਾਉਸਿੰਗ ਬੋਰਡ ਕਲੋਨੀ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੱਚਿਆਂ ਅਤੇ ਸੰਗਤਾਂ ਵੱਲੋਂ ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਬੱਚਿਆਂ ਅਤੇ ਸੰਗਤਾਂ ਨੇ ਵੱਡੀ ਗਿਣਤੀ 'ਚ ਭਾਗ ਲਿਆ। ਗੁਰਦੁਆਰਾ ਸਾਹਿਬ ਜੀ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਲੀਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ, ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਸਰਬਜੀਤ ਸਿੰਘ ਔਲਖ ਅਤੇ ਕੁਲਦੀਪ ਸਿੰਘ ਰੂਪ ਨਿਸਾਨ ਆਲਮਗੀਰ ਵਾਲੇ ਨੂੰ ਅਤੇ ਸੰਗਤਾਂ ਜੀ ਆਇਆਂ ਕਿਹਾ ਤੇ ਪ੍ਰਕਾਸ਼ ਪੁਰਬ ਸਮੂਹ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਯਤਨਸ਼ੀਲ ਹੈ ਕਿ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਅਤੇ ਸਿੱਖ ਵਿਰਸੇ ਨਾਲ ਜੋੜਿਆ ਜਾ ਸਕੇ। ਇਸ ਸਮੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਚਾਰਕ ਭਾਈ ਸਰਬਜੀਤ ਸਿੰਘ ਜੀ ਜੋਹਲ, ਭਾਈ ਕੁਲਦੀਪ ਸਿੰਘ ਰੂਪ ਨਿਸਾਨ ਵੱਲੋਂ ਬੱਚਿਆਂ ਅਤੇ ਸੰਗਤਾਂ ਨੂੰ ਸਿੱਖ ਇਤਿਹਾਸ 'ਤੇ ਸਵਾਲ ਕੀਤੇ ਬੱਚਿਆਂ ਅਤੇ ਸੰਗਤਾਂ ਨੇ ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ ਲਈ ਉਤਸ਼ਾਹ ਦਿਖਾਇਆ ਤੇ ਇਕ ਦੂਜੇ ਤੋਂ ਪਹਿਲਾਂ ਸਵਾਲਾਂ ਦੇ ਜਵਾਬ ਦਿੱਤੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਨੂੰ ਰਜਿਸਟਰ, ਪਿੰਨ , ਪੈਨਸਲ , ਕਲਰ ਤੇ ਜਮੈਟਰੀ-ਬਕਸ ਦਿੱਤੇ ਗਏ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਬੱਚੇ ਅਤੇ ਸੰਗਤਾਂ ਨੂੰ ਸਰਟੀਫਿਕੇਟ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪ੍ਰਧਾਨ ਜਥੇਦਾਰ ਨਛੱਤਰ ਸਿੰਘ ਸਿੱਧੂ, ਗੁਰਦੀਪ ਸਿੰਘ ਲੀਲ, ਗੁਰਦੀਪ ਸਿੰਘ ਘੁਮਾਣ, ਜਗਦੀਪ ਸਿੰਘ ਭੱਠਲ, ਭਾਈ ਗੁਰਜੀਤ ਸਿੰਘ, ਮਾਸਟਰ ਬਲਰਾਜ ਸਿੰਘ, ਗੁਰਮੀਤ ਸਿੰਘ ਕੋਚਰ, ਪਰਵੀਨਪਾਲ ਸਿੰਘ, ਨਰਿੰਦਰ ਸਿੰਘ ਲਵਲੀ , ਬੂਟਾ ਸਿੰਘ, ਕਮਲਜੀਤ ਸਿੰਘ ਕੋਚਰ , ਗੁਰਬਖਸ ਸਿੰਘ ਰਾਜਾ, ਮਨਪ੍ਰੀਤ ਸਿੰਘ, ਦਵਿੰਦਰ ਸਿੰਘ ਮਾਨ, ਸੁਰਜੀਤ ਸਿੰਘ ਬਰਨਾਲਾ, ਸਤਪਾਲ ਸਿੰਘ, ਸਿਮਰਨਜੀਤ ਸਿੰਘ ਆਦਿ ਹਾਜ਼ਰ ਸਨ

# ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਉਸਾਰਿਆ ਕਵਿਤਾ ਭਵਨ, ਪੰਜਾਬੀ ਭਾਸ਼ਾ ਦੇ ਪੰਜ ਨਾਮਵਰ ਕਵੀਆਂ ਦਾ ਹੋਵੇਗਾ ਸਮਰਪਤ



ਮੁੱਲਾਂਪੁਰ ਦਾਖਾ, 2 ਫਰਵਰੀ (ਦਵਿੰਦਰ ਸਿੰਘ ਲੰਮੇ) : ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ ਵਿਖੇ ਹਰਬਖਸ਼ ਸਿੰਘ ਸਰੋਆ ਵੱਲੋਂ ਆਪਣੀ ਮਿਹਨਤ ਦੀ ਕਮਾਈ ਨਾਲ ਉਸਾਰੇ ਗਏ ਇੱਕ ਹਾਲ ਕਮਰੇ ਦੇ ਨਾਮਕਰਨ ਲਈ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲੋਕ ਕਲਾ ਮੰਚ ਰਜਿ ਮੰਡੀ ਮੁੱਲਾਂਪੁਰ ਦੇ ਸੱਦੇ 'ਤੇ ਕੈਲਗਰੀ ਨਿਵਾਸੀ ਸਰਦਾਰ ਹਰਬਖਸ਼ ਸਿੰਘ ਸਰੋਆ, ਸੂਰੀਆ ਪ੍ਰਤਾਪ ਸਿੰਘ, ਜਰਨੈਲ ਤੱਗੜ ਅਤੇ ਅਵਤਾਰ ਤੱਗੜ ਹੋਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਹਰਬਖਸ਼ ਸਿੰਘ ਸਰੋਆ ਵੱਲੋਂ ਆਪਣੀ ਕਿਰਤ ਕਮਾਈ ਨਾਲ ਉਸਾਰੇ ਗਏ ਹਾਲ ਦਾ ਨਾਮਕਰਨ ਕੀਤਾ ਗਿਆ।ਇਸ ਹਾਲ ਨੂੰ 'ਕਵਿਤਾ ਭਵਨ' ਦਾ ਨਾਂ ਦਿੱਤਾ ਗਿਆ ਹੈ।ਇਸ ਹਾਲ ਵਿੱਚ ਕਵੀ ਦਰਬਾਰ ਕਰਵਾਏ ਜਾਇਆ ਕਰਨਗੇ ਅਤੇ ਇਹ ਹਾਲ ਪੰਜਾਬੀ ਮਾਤ ਭਾਸ਼ਾ ਦੇ ਪੰਜ ਨਾਮਵਰ ਕਵੀਆਂ ਨੂੰ ਸਮਰਪਿਤ ਹੋਵੇਗਾ।ਇਸ ਮੌਕੇ ਰਵਨੀਤ ਕੌਰ ਲੈਕਚਰਾਰ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਆਪਣੀ ਕਵਿਤਾ ਪੇਸ਼ ਕੀਤੀ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਮੰਚ ਦੇ ਕਾਰਜਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਮਾਸਟਰ ਭਜਨ ਸਿੰਘ ਦੀ ਪ੍ਰੇਰਨਾ ਸਦਕਾ ਹੀ ਸਰੋਆ ਪਰਿਵਾਰ ਨੇ ਭਵਨ ਵਿਖੇ ਹਾਲ ਕਮਰੇ ਦੀ ਉਸਾਰੀ ਕਰਵਾਈ ਹੈ। ਉਨ੍ਹਾਂ ਕਿਹਾ ਕਿ ਅਸੀਂ ਦੇਸ਼ ਭਗਤ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਬਣਾਉਣਾ ਚਾਹੁੰਦੇ ਹਾਂ।ਉੱਘੇ ਲੇਖਕ ਅਮਰੀਕ ਤਲਵੰਡੀ ਨੇ ਸੁੱਚੀ ਕਿਰਤ ਕਮਾਈ ਨਾਲ ਉਸਾਰੇ ਹਾਲ ਲਈ ਸਰੋਆ ਪਰਿਵਾਰ ਦੀ ਸ਼ਲਾਘਾ ਕੀਤੀ। ਸਮਾਗਮ ਨੂੰ ਇਕਬਾਲ ਸਿੰਘ ਪੂੜੈਣ ਨੇ ਵੀ ਸੰਬੋਧਨ ਕੀਤਾ।ਪ੍ਰਿੰਸੀਪਲ ਰਾਜਿੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ 'ਲੋਕ ਕਲਾ ਮੰਚ' ਦਾ ਸਮਾਜ ਅੰਦਰ ਵੱਡਾ ਯੋਗਦਾਨ ਹੈ ਅਤੇ ਉਹ ਨਾਟਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦਾ ਸ਼ਲਾਘਾਯੋਗ ਉੱਦਮ ਕਰ ਰਿਹਾ ਹੈ।ਇਸ ਮੌਕੇ ਜਰਨੈਲ ਤੱਗੜ ਨੇ ਲੋਕ ਕਲਾ ਮੰਚ ਨਾਲ ਪਿਛਲੇ ਤੇਰਾਂ ਸਾਲ ਪੁਰਾਣੀ ਸਾਂਝ ਦਾ ਜ਼ਿਕਰ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਹਰਬਖਸ਼ ਸਰੋਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੇਰੀ ਗੁਰਸ਼ਰਨ ਸਿੰਘ ਭਾਅ ਜੀ ਨਾਲ ਗੂੜ੍ਹੀ ਸਾਂਝ ਸੀ ਅਤੇ ਉਹ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕੰਮ ਤੋਂ ਪ੍ਰਭਾਵਿਤ ਹਨ ਅਤੇ ਮਾਸਟਰ ਭਜਨ ਸਿੰਘ ਨੇ ਮੈਨੂੰ ਇਸ ਥਾਂ ਤੋਂ ਵਾਕਿਫ਼ ਕਰਵਾਇਆ ਸੀ।ਇੱਥੇ ਆ ਕੇ ਮੈਨੂੰ ਖੁਸ਼ੀ ਹੁੰਦੀ ਹੈ।ਇਸ ਮੌਕੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਦੀਪਕ ਰਾਏ ਨੇ ਬਾਖੂਬੀ ਨਿਭਾਈ। ਅੰਜੂ ਚੌਧਰੀ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੋਈ ਇਕੱਲਾ ਵਿਅਕਤੀ ਕੁੱਝ ਨਹੀਂ ਕਰ ਸਕਦਾ ਹੈ। ਅਸੀਂ ਸਾਰੇ ਰਲ ਕੇ ਸੋਚਦੇ ਹਾਂ ਅਤੇ ਸਮਾਜ ਬਦਲੀ ਲਈ ਕੰਮ ਕਰਦੇ ਹਾਂ।ਇਸ ਮੌਕੇ ਮਾਸਟਰ ਉਜਾਗਰ ਸਿੰਘ, ਅਵਤਾਰ ਕੌਰ ਤੱਗੜ, ਐਡਵੋਕੇਟ ਗੁਰਚਰਨਜੀਤ, ਮਾਸਟਰ ਲਖਿੰਦਰ ਸਿੰਘ, ਲੈਕਚਰਾਰ ਪ੍ਰਗਟ ਸਿੰਘ, ਹਰਦੀਪ ਸਿੰਘ ਨੂਰਪੁਰਾ, ਸੂਰੀਆ ਪ੍ਰਤਾਪ ਸਿੰਘ, ਲੈਕਚਰਾਰ ਅਰਵਿੰਦ ਕੌਰ, ਕਮਲਜੀਤ ਮੋਹੀ, ਪ੍ਰਦੀਪ ਕੌਰ, ਨੈਨਾ ਸ਼ਰਮਾਂ, ਭਾਗ ਸਿੰਘ, ਲਖਵੀਰ ਸਿੰਘ, ਮਾਸਟਰ ਗੁਰਜੀਤ ਸਿੰਘ, ਅਭਿਨੈ ਬਾਂਸਲ ਅਤੇ ਕਿਰਨਦੀਪ ਕੌਰ ਆਦਿ ਹਾਜ਼ਰ ਸਨ।

# ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਮੌਕੇ ਵਿਧਾਇਕ ਗਰੇਵਾਲ ਹੋਏ ਨਤਮਸਤਕ



ਲੁਧਿਆਣਾ, 2 ਫਰਵਰੀ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਪੂਰਵੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਸਮੂਹ ਸੰਗਤਾਂ ਅਤੇ ਦੇਸ਼ ਵਾਸੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੂਰਬ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਮਾਜ ਚ ਬਰਾਬਰਤਾ ਦਾ ਹੱਕ ਲਿਆਉਣ ਲਈ ਗੁਰੂ ਸਾਹਿਬ ਨੇ ਹਮੇਸ਼ਾ ਤੋਂ ਹੀ ਬੀੜਾ ਚੁੱਕਿਆ। ਉਹਨਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਅਗਲੇ ਸਾਲ 650ਵਾਂ ਪ੍ਰਕਾਸ਼ ਪੂਰਬ ਮਨਾਉਣ ਲਈ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ । ਵਿਧਾਇਕ ਗਰੇਵਾਲ ਅੱਜ ਹਲਕਾ ਪੂਰਵੀ ਦੇ ਤਾਜਪੁਰ ਰੋਡ, ਟਿੱਬਾ ਰੋਡ , ਸੁਭਾਸ਼ ਨਗਰ ਅਤੇ ਬਸਤੀ ਜੋਧੇਵਾਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ। ਜਿੱਥੇ ਪ੍ਰਬੰਧਕ ਕਮੇਟੀਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ । ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕਥਾ ਵਾਚਕਾਂ ਅਤੇ ਕੀਰਤਨੀ ਜਥਿਆਂ ਵੱਲੋਂ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੀ ਪਵਿੱਤਰ ਬਾਣੀ ਨਾਲ ਜੋੜ ਨਿਹਾਲ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਗਰੇਵਾਲ ਅਤੇ ਹੋਰਨਾਂ ਆਗੂਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ 'ਤੇ ਪਾਰਟੀ ਵਰਕਰਾਂ ਅਤੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਕੇਂਦਰੀ ਬਜਟ ਵਿੱਚ ਪੰਜਾਬ ਨਾਲ ਹਮੇਸ਼ਾ ਦੀ ਤਰ੍ਹਾਂ ਹੋਇਆ ਮਤਰੇਇਆ ਸਲੂਕ



ਲੁਧਿਆਣਾ, 2 ਫਰਵਰੀ (ਵਿਸ਼ਾਲ ਸ਼ਰਮਾ): ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਕੇਂਦਰੀ ਬਜਟ 2026-27 ਪੰਜਾਬ ਦੇ ਹਿੱਤਾਂ ਨਾਲ ਸਿੱਧਾ ਧੋਖਾ ਹੈ। ਇਸ ਬਜਟ ਵਿੱਚ ਪੰਜਾਬ ਲਈ ਨਾ ਹੀ ਕੋਈ ਵਿਸ਼ੇਸ਼ ਪੈਕੇਜ ਹੈ ਅਤੇ ਨਾ ਹੀ ਇੱਥੋਂ ਦੇ ਮਜ਼ਦੂਰਾਂ, ਕਿਸਾਨਾਂ ਅਤੇ ਨੌਜਵਾਨਾਂ ਲਈ ਕੋਈ ਰਾਹਤ। ਇਹ ਬਜਟ ਸਾਫ਼ ਤੌਰ 'ਤੇ ਦੱਸਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਨਾਲ ਸੌਤੇਲਾ ਵਤੀਰਾ ਅਪਨਾ ਰਹੀ ਹੈ।

ਪੰਜਾਬ ਜੋ ਦੇਸ਼ ਦੀ ਅੰਨ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹੈ, ਉਸ ਨੂੰ ਇਸ ਬਜਟ ਵਿੱਚ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਕਿਸਾਨ ਅੱਜ ਵੀ ਕਰਜ਼ੇ, ਮਹਿੰਗਾਈ ਅਤੇ ਘੱਟ ਫ਼ਸਲੀ ਕੀਮਤਾਂ ਨਾਲ ਪਰੇਸ਼ਾਨ ਹਨ, ਪਰ ਬੀਜੇਪੀ ਸਰਕਾਰ ਨੇ ਨਾ ਤਾਂ ਘੱਟੋ-ਘੱਟ ਸਮਰਥਨ ਮੁੱਲ ਬਾਰੇ ਕੋਈ ਠੋਸ ਫੈਸਲਾ ਕੀਤਾ ਅਤੇ ਨਾ ਹੀ ਖੇਤੀ ਦੀ ਲਾਗਤ ਘਟਾਉਣ ਲਈ ਕੋਈ ਵੱਡੀ ਯੋਜਨਾ ਦਿੱਤੀ। ਇਸ ਨਾਲ ਪੰਜਾਬ ਦੇ ਕਿਸਾਨਾਂ ਦੀ ਮੁਸ਼ਕਲ ਹੋਰ ਵੱਧਣੀ ਪੱਕੀ ਹੈ। ਇਸੇ ਤਰ੍ਹਾਂ ਮਜ਼ਦੂਰ ਵਰਗ ਲਈ ਵੀ ਇਹ ਬਜਟ ਨਿਰਾਸ਼ਾ ਭਰਿਆ ਹੋਇਆ ਹੈ। ਦਿਹਾੜੀਦਾਰ, ਫੈਕਟਰੀ ਵਰਕਰ, ਟਰਾਂਸਪੋਰਟ ਅਤੇ ਨਿਰਮਾਣ ਖੇਤਰ ਨਾਲ ਜੁੜੇ ਲੱਖਾਂ ਪੂਰਵਾਂਚਲੀ ਮਜ਼ਦੂਰਾਂ ਲਈ ਕੋਈ ਸਿੱਧੀ ਰਾਹਤ ਨਹੀਂ ਦਿੱਤੀ ਗਈ। ਨਾ ਤਨਖਾਹ ਵਧਾਉਣ ਦੀ ਗੱਲ ਹੈ ਅਤੇ ਨਾ ਹੀ ਮਹਿੰਗਾਈ ਦੇ ਮੁਕਾਬਲੇ ਜੀਵਨ ਚਲਾਉਣ ਲਈ ਕੋਈ ਸਹਾਇਤਾ। ਇਸ ਨਾਲ ਮਜ਼ਦੂਰ ਵਰਗ ਦੀ ਆਰਥਿਕ ਹਾਲਤ ਹੋਰ ਕਮਜ਼ੋਰ ਹੋਵੇਗੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ, ਪਰ ਬੀਜੇਪੀ ਦੀ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਇਹ ਬਜਟ ਸੂਬਿਆਂ ਦੇ ਹੱਕਾਂ ਨੂੰ ਕਮਜ਼ੋਰ ਕਰਨ ਵਾਲਾ ਹੈ। ਪੰਜਾਬ ਵਰਗੇ ਸੂਬਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰਕੇ ਕੇਂਦਰ ਸਰਕਾਰ ਆਪਣੀ ਰਾਜਨੀਤੀ ਚਲਾ ਰਹੀ ਹੈ। ਆਮ ਆਦਮੀ ਪਾਰਟੀ ਦੇ ਆਗੂ ਅਤੇ ਕਿਰਤ ਵਿਭਾਗ ਦੇ ਮੈਂਬਰ ਅਜੈ ਮਿੱਤਲ ਨੇ ਕਿਹਾ ਕੇਂਦਰ ਸਰਕਾਰ ਨੇ ਇਸ ਬਜਟ ਵਿੱਚ ਪੰਜਾਬ ਨੂੰ ਫਿਰ ਨਜ਼ਰਅੰਦਾਜ਼ ਕਰ ਦਿੱਤਾ ਹੈ। ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਹੈ। ਇਹ ਬਜਟ ਗਰੀਬਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ। ਨਾ ਹੀ ਕੋਈ ਇਨਕਮ ਟੈਕਸ ਦੀ ਸਲੈਬ ਘਟੀ, ਨਾ ਹੀ ਕੋਈ ਨਗਦ ਸਮਰਥਨ ਦੀ ਕੋਈ ਗਲ। ਆਮ ਆਦਮੀ ਪਾਰਟੀ ਇਸ ਪੰਜਾਬ ਵਿਰੋਧੀ ਬਜਟ ਦਾ ਡਟ ਕੇ ਵਿਰੋਧ ਕਰੇਗੀ ਅਤੇ

# ਜ਼ਿਲ੍ਹਾ ਵਾਸੀਆਂ ਦੀ ਸੁਰੱਖਿਆ ਲਈ ਪੁਲਿਸ 24 ਘੰਟੇ ਚੌਕਸ : ਐਸ.ਐਸ.ਪੀ. ਸਰਤਾਜ ਸਿੰਘ ਚਾਹਲ



ਧੂਰੀ, 2 ਫ਼ਰਵਰੀ (ਰਾਜੇਸ਼ਵਰ ਪਿੰਟੂ) ਜਿਲ੍ਹਾ ਪੁਲਿਸ ਮੁਖੀ ਸੰਗਰੂਰ ਸ੍ਰੀ ਸਰਤਾਜ ਸਿੰਘ ਚਾਹਲ ਨੇ ਜਨਵਰੀ ਮਹੀਨੇ ਦੌਰਾਨ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਅਤੇ 'ਪਿੰਡਾਂ ਦੇ ਪਹਿਰੇਦਾਰ' ਮੁਹਿੰਮਾਂ ਤਹਿਤ ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰਾਂ ਅਤੇ ਗੈਰਕਾਨੂੰਨੀ ਸਰਗਰਮੀਆਂ ਵਿੱਚ ਲਿਪਤ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਜਨਵਰੀ ਮਹੀਨੇ ਦੌਰਾਨ ਨਸ਼ਿਆਂ ਸਬੰਧੀ 82 ਮੁਕੱਦਮੇ ਦਰਜ ਕਰਕੇ 117 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੌਰਾਨ 787 ਗ੍ਰਾਮ ਹੈਰੋਇਨ, 205 ਗ੍ਰਾਮ ਅਫੀਮ, 93 ਕਿੱਲੋ ਭੁੱਕੀ ਚੂਰਾ ਪੋਸਤ, 688 ਗ੍ਰਾਮ ਸੁਲਫ਼ਾ, 31 ਨਸ਼ੀਲੇ ਟੀਕੇ ਅਤੇ 1835 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਇਸ ਤੋਂ ਇਲਾਵਾ ਗੈਰਕਾਨੂੰਨੀ ਸ਼ਰਾਬ ਦੇ ਧੰਦੇ ਖ਼ਿਲਾਫ਼ 25 ਮੁਕੱਦਮੇ ਦਰਜ ਕਰਕੇ 26 ਦੋਸ਼ੀ ਕਾਬੂ ਕੀਤੇ ਗਏ ਅਤੇ ਵੱਡੀ ਮਾਤਰਾ ਵਿੱਚ ਦੇਸੀ, ਅੰਗਰੇਜ਼ੀ ਅਤੇ ਨਜਾਇਜ਼ ਸ਼ਰਾਬ ਸਮੇਤ ਲਾਹਣ ਬਰਾਮਦ ਹੋਈ। ਐਸ.ਐਸ.ਪੀ. ਨੇ ਦੱਸਿਆ ਕਿ ਅਸਲਾ ਕਾਨੂੰਨ ਤਹਿਤ ਦੋ ਮੁਕੱਦਮੇ ਦਰਜ ਕਰਕੇ ਤਿੰਨ ਪਿਸਟਲ ਅਤੇ ਜਿੰਦਾ ਕਾਰਤੂਸ ਬਰਾਮਦ ਕੀਤੇ ਗਏ। ਜੂਆ ਕਾਨੂੰਨ ਅਧੀਨ 13 ਮੁਕੱਦਮੇ ਦਰਜ ਕਰਕੇ 49 ਦੋਸ਼ੀਆਂ ਪਾਸੋਂ ਨਕਦੀ ਬਰਾਮਦ ਕੀਤੀ ਗਈ। ਇਸ ਅਰਸੇ ਦੌਰਾਨ 25 ਭਗੌੜੇ ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਕਈ ਅੰਨ੍ਹੇ ਕਤਲ ਕੇਸ ਟਰੇਸ ਕਰਕੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਗਿਆ। ਨਾਲ ਹੀ ਚੋਰੀਆਂ ਅਤੇ ਲੁੱਟਾਂ-ਖੋਹਾਂ ਵਿੱਚ ਸ਼ਾਮਲ ਅਨਸਰਾਂ ਖ਼ਿਲਾਫ਼ ਕਾਰਵਾਈ ਕਰਕੇ ਚੋਰੀਸ਼ੁਦਾ ਸਮਾਨ ਬਰਾਮਦ ਕੀਤਾ ਗਿਆ। ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਾ ਵਿਰੋਧੀ ਮੁਹਿੰਮ ਵਿੱਚ ਪੁਲਿਸ ਦਾ ਸਹਿਯੋਗ ਕਰਨ। ਉਨ੍ਹਾਂ ਦੱਸਿਆ ਕਿ ਜਨਵਰੀ ਮਹੀਨੇ ਦੌਰਾਨ 173 ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਲੋਕ ਜਾਗਰੂਕਤਾ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸੂਚਿਤ ਕੀਤਾ ਗਿਆ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਜੰਗ ਲਗਾਤਾਰ ਜਾਰੀ ਰਹੇਗੀ ਅਤੇ ਸੰਗਰੂਰ ਪੁਲਿਸ ਹਰੇਕ ਨਾਗਰਿਕ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਸ਼੍ਰੋਮਣੀ ਲਿਖਾਰੀ ਬੋਰਡ ਨੇ ਸਾਹਿਤਕ ਮਿਲਣੀ ਕਰਵਾਈ



ਲੁਧਿਆਣਾ, 2 ਫਰਵਰੀ ( ਰਵਿੰਦਰ ਸਿੰਘ ਨਿੱਝਰ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਨੂੰ ਵੀ ਖੋਜ ਦੀ ਭਾਸ਼ਾ ਬਣਾਏ ਜਾਣ ਦੀ ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ ਰਜਿ. ਵੱਲੋਂ ਇਕ ਮਤਾ ਪਾਸ ਕਰ ਕੇ ਭਰਪੂਰ ਸ਼ਲਾਘਾ ਕੀਤੀ ਗਈ। ਕੱਲ੍ਹ ਸ਼ਾਮ ਸਥਾਨਕ ਗਿੱਲ ਰੋਡ ਸਥਿਤ ਕੈਰੀਅਰ ਕਾਲਜ ਦੇ ਦਫਤਰ ਵਿਖੇ ਬੋਰਡ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮਹੀਨਾਵਾਰ ਸਾਹਿਤਕ ਮਿਲਣੀ ਦੌਰਾਨ ਇਹ ਮਤਾ ਉਚੇਚੇ ਤੌਰ 'ਤੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ, ਜਿਸ ਵਿਚ ਗੀਤਕਾਰਾਂ, ਕਵੀਆਂ ਅਤੇ ਕਹਾਣੀਕਾਰਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਦੱਸਿਆ ਕਿ ਮਾਣਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉੱਚ ਸਿੱਖਿਆ ਦੇ ਖੇਤਰ ਵਿੱਚ ਇਕ ਇਤਿਹਾਸਕ ਕਦਮ ਚੁੱਕਦਿਆਂ ਪੰਜਾਬੀ-ਪਹਿਲ ਸਿੱਖਿਆ, ਖੋਜ ਅਤੇ ਪ੍ਰਸ਼ਾਸਨ ਨੀਤੀ 2026 ਨੂੰ ਮਨਜ਼ੂਰੀ ਦੇ ਦਿੱਤੀ ਹੈ। ਉੱਘੇ ਲੇਖਕ ਪੰਮੀ ਹਬੀਬ ਨੇ ਆਪਣੀ ਮਿੰਨੀ ਕਹਾਣੀ ਝੋਲੀ ਫ਼ਲ ਰਾਹੀਂ ਡੇਰਾਵਾਦ ਵਿਚ ਫੈਲੇ ਪਖੰਡ ਦਾ ਬੜੇ ਸੰਤੁਲਿਤ ਸ਼ਬਦਾਂ ਨਾਲ ਜ਼ਿਕਰ ਕੀਤਾ । ਪ੍ਰਮਿੰਦਰ ਸਿੰਘ ਅਲਬੇਲਾ ਨੇ ਜ਼ਿੰਦਗੀ ਦੀ ਅਟੱਲ ਸਚਾਈ ਦਰਸਾਉਂਦਾ ਕੁਦਰਤ ਦੀ ਮਾਰ ਅਜਿਹਾ ਗੀਤ ਗਾਇਆ ਕਿ ਪਲ ਭਰ ਲਈ ਸਭ ਜਜ਼ਬਾਤੀ ਹੋ ਗਏ ਜਦਕਿ ਗੀਤਕਾਰ ਸੁਖਬੀਰ ਸੰਧੇ ਨੇ ਟੈਂਸ਼ਨ ਨਾਂ ਦੀ ਹਾਸ ਵਿਅੰਗ ਅਤੇ ਸਿਰਮੌਰ ਕਵੀ ਐਡਵੋਕੇਟ ਦੀਪ ਲੁਧਿਆਣਵੀਂ ਨੇ 'ਤੂੰ ਹੱਸਿਆ ਕਰ' ਸੁਣਾ ਕੇ ਮਹਿਫ਼ਿਲ ਦਾ ਮਹੌਲ ਖੁਸ਼ਗਵਾਰ ਬਣਾ ਦਿੱਤਾ। ਹਰਦੇਵ ਸਿੰਘ ਕਲਸੀ ਅਤੇ ਚਰਨਜੀਤ ਸਿੰਘ ਚੰਨ ਨੇ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਕਵਿਤਾਵਾਂ ਪੜ੍ਹੀਆਂ ਜਦਕਿ ਜਗਪਾਲ ਸਿੰਘ ਜੱਗਾ ਜਮਾਲਪੁਰੀ ਨੇ ਗੀਤ ਪੇਸ਼ ਕੀਤਾ । ਗਜ਼ਲ-ਗੋ ਜ਼ੋਰਾਵਰ ਸਿੰਘ ਪੰਛੀ ਨੇ ਤਰੰਨੁਮ ਵਿੱਚ ਗਾ ਕੇ ਚਿੜੀਆਂ ਦੀ ਡਾਰ ਰਾਹੀਂ ਖੂਬ ਰੰਗ ਬੰਨ੍ਹਿਆ। ਬੋਰਡ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਆਪਣੇ ਸੂਰ. ਦਾਦਾ ਕਾਮਿਲ ਜਿਹਲਮੀ ਦੀ ਗੁਰਬਾਣੀ ਬਾਰੇ ਲਿਖੀ ਕਵਿਤਾ ਪੜ੍ਹਨ ਉਪਰੰਤ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਮੈਡਮ ਅਮਰਪ੍ਰੀਤ ਕੌਰ ਅਤੇ ਸਹਾਇਕ ਵਿਜੇ ਕਲਿਆਣ ਨੇ ਸ਼ਲਾਘਾਯੋਗ ਇੰਤਜ਼ਾਮ ਕੀਤਾ ਹੋਇਆ ਸੀ ।

# ਵਿਸ਼ਵਕਰਮਾ ਭਵਨ ਵਿਖੇ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ



ਲੁਧਿਆਣਾ, 2 ਫਰਵਰੀ (ਰਵਿੰਦਰ ਸਿੰਘ ਨਿੱਝਰ): ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਗੁਰਦੁਆਰਾ ਬਾਬਾ ਵਿਸ਼ਵਕਰਮਾ ਭਵਨ ਸ਼ਿਮਲਾਪੁਰੀ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਦਵਿੰਦਰ ਸਿੰਘ ਵਰੋਸਾਏ ਰਾੜਾ ਸਾਹਿਬ ਵਾਲਿਆਂ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਇਸ ਮੌਕੇ ਉਹਨਾਂ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਆਪਾਂ ਪ੍ਰਣ ਕਰੀਏ ਕਿ ਆਪਾਂ ਵਖਰੇਵਿਆਂ 'ਚੋਂ ਨਿੱਕਲ ਕੇ ਗੁਰੂ ਸਾਹਿਬਾਨਾਂ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰੀਏ ਅਤੇ ਬਾਣੀ ਬਾਣੇ ਨਾਲ ਜੁੜੀਏ। ਸੰਗਤਾਂ ਦਾ ਧੰਨਵਾਦ ਕਰਦੇ ਹਾਂ ਪ੍ਰਧਾਨ ਬਲਬੀਰ ਸਿੰਘ ਕਲਸੀ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖਤਾ ਨੂੰ ਬਰਾਬਰੀ, ਆਪਸੀ ਭਾਈਚਾਰੇ ਅਤੇ ਸੱਚ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੰਦੀ ਹੈ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਮਨੁੱਖਤਾ ਲਈ ਚਾਨਣ ਮੁਨਾਰਾ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਸਕੱਤਰ ਗੁਰਮੀਤ ਸਿੰਘ ਚਾਨਾ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਪ੍ਰਬੰਧਕ ਵੱਲੋਂ ਭਾਈ ਦਵਿੰਦਰ ਸਿੰਘ ਅਤੇ ਉਨ੍ਹਾਂ ਦੇ ਜਥੇ ਅਤੇ ਸੇਵਾਦਾਰਾ ਦਾ ਸਿਰੋਪਾਓ ਪਾ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਬਲਦੇਵ ਸਿੰਘ ਲੁਹਾਰਾ, ਇੰਸਪੈਕਟਰ ਮੀਤ ਰਾਮ ਸਿੰਘ, ਤ੍ਰਿਸਨ ਸਿੰਘ ਸੱਲ, ਰਘਬੀਰ ਸਿੰਘ ਬਰਨਾਲਾ, ਰਾਜਿੰਦਰ ਸਿੰਘ ਬੇਦੀ, ਕੰਵਲਜੀਤ ਸਿੰਘ, ਭੁਪਿੰਦਰ ਸਿੰਘ ਮਠਾੜੂ, ਤ੍ਰਿਲੋਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸਲਾਨਾ ਸਮਾਗਮ ਮੌਕੇ ਨਵੀਂ ਬਣੀ ਫਿਜਿਕਸ ਅਤੇ ਕਮਿਸਟਰੀ ਲੈਬ ਦਾ ਕੀਤਾ ਗਿਆ ਉਦਘਾਟਨ ਅਤੇ ਨਾਲ ਹੀ ਸਕੂਲ ਮੈਗਜ਼ੀਨ ਦਾ ਪੰਜਵਾਂ ਅੰਕ 'ਅੱਧਘੜੀਆਂ ਕਲਮਾਂ' ਰੀਲੀਜ਼ ਕੀਤਾ ਗਿਆ



ਬਠਿੰਡਾ 2 ਫਰਵਰੀ (ਇੰਦਰਪਾਲ ਬਾਂਸਲ) : ਪੀ.ਐਮ. ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਮੰਡੀ ਜ਼ਿਲਾ ਬਠਿੰਡਾ ਦਾ ਸਲਾਨਾ ਸਮਾਰੋਹ ਬਹੁਤ ਧੂਮ ਧਾਮ ਨਾਲ ਕਰਵਾਇਆ ਗਿਆ। ਸਮਾਗਮ ਵਿੱਚ ਹਲਕਾ ਰਾਮਪੁਰਾ ਫੂਲ ਦੇ ਐਮ.ਐਲ.ਏ ਬਲਕਾਰ ਸਿੰਘ ਸਿੱਧੂ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਸਮਾਗਮ ਦੀ ਪ੍ਰਧਾਨਗੀ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ, ਬਠਿੰਡਾ ਮਮਤਾ ਖੁਰਾਣਾ ਸੇਠੀ ਅਤੇ ਉਪ ਜਿਲਾ ਸਿੱਖਿਆ ਅਫ਼ਸਰ ਚਮਕੌਰ ਸਿੰਘ ਸਿੱਧੂ ਵੱਲੋਂ ਕੀਤੀ ਗਈ। ਰਾਮਪੁਰਾ ਫੂਲ ਨਗਰ ਕੌਂਸਲ ਦੇ ਪ੍ਰਧਾਨ ਕਿਰਨਦੀਪ ਕੌਰ ਅਤੇ ਆਮ ਆਦਮੀ ਪਾਰਟੀ ਦੇ ਉੱਘੇ ਆਗੂ ਰੌਬੀ ਬਰਾੜ ਨੇ ਆਪਣੀ ਪੂਰੀ ਟੀਮ ਨਾਲ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਮਾਗਮ ਦੇ ਲਈ ਸਕੂਲ ਵਿਦਿਆਰਥੀਆਂ ਵੱਲੋਂ ਬਹੁਤ ਖੂਬਸੂਰਤ ਸਜਾਵਟ ਕੀਤੀ ਗਈ ਸੀ, ਬੇਹਦ ਆਕਰਸ਼ਕ ਰੰਗੋਲੀ ਬਣਾਈ ਗਈ ਸੀ। ਵਿਦਿਆਰਥੀਆਂ ਵੱਲੋਂ ਤਿਆਰ ਕੀਤੀ ਗਈ ਕਲਾ ਸਮੱਗਰੀ ਦੀ ਪ੍ਰਦਰਸ਼ਨੀ ਜੋ ਹਰ ਇੱਕ ਦਾ ਦਿਲ ਮਨ ਮੋਹ ਰਹੀ ਸੀ। ਸਮਾਗਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕੀਤੀ ਗਈ, ਇਸ ਉਪਰੰਤ ਵਿਦਿਆਰਥੀਆਂ ਵੱਲੋਂ ਸਟੇਜ ਤੇ ਵੱਖ ਵੱਖ ਵੰਨਗੀਆਂ ਪੇਸ਼ ਕੀਤੀਆਂ ਗਈਆਂ ਜਿਨਾਂ ਵਿੱਚ ਪੰਜਾਬ ਤੋਂ ਇਲਾਵਾ ਬਾਕੀ ਸੂਬਿਆਂ ਦੇ ਨਾਚ, ਸਾਡੇ ਸਮਾਜ ਦੇ ਬਜ਼ੁਰਗਾਂ ਨੂੰ ਸਤਿਕਾਰ ਦੇਣ ਦਾ ਸੁਨੇਹਾ ਦਿੰਦੀ ਕੋਰੀਓਗ੍ਰਾਫੀ, ਨਾਰੀ ਸ਼ਕਤੀ ਨੂੰ ਜਾਗਰੂਕ ਕਰਦੀ ਝਾਕੀ, ਸਾਡੇ ਆਜ਼ਾਦੀ ਸੰਘਰਸ਼ ਦੀ ਨਾਇਕਾ ਗੁਲਾਬ ਕੌਰ ਦੀ ਜ਼ਿੰਦਗੀ ਤੇ ਨਾਟਕ, ਪੰਜਾਬ ਦੇ ਵੱਖ-ਵੱਖ ਲੋਕ ਗੀਤ ਵੰਨਗੀਆਂ ਨੂੰ ਸਮੇਟ ਕੇ ਤਿਆਰ ਕੀਤਾ ਗਿਆ ਸਮੂਹ ਗਾਣ ਆਦਿ ਪੇਸ਼ਕਾਰੀਆਂ ਨਾਲ ਚੱਲਦਾ ਹੋਇਆ ਭੰਗੜੇ ਅਤੇ ਗਿੱਧੇ ਨਾਲ ਸਮਾਪਤ ਹੋਇਆ। ਸਕੂਲ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਤਿਆਰ ਇੱਕ ਗੈਸਟ ਆਈਟਮ ਜਿਸ ਵਿੱਚ ਉਹਨਾਂ ਨੇ ਆਪਣੇ ਅਧਿਆਪਕਾਂ ਦਾ ਧੰਨਵਾਦ ਕੀਤਾ, ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ। ਵਿਦਿਆਰਥੀਆਂ ਦੀਆਂ ਰਚਨਾਵਾਂ ਨਾਲ ਤਿਆਰ ਕੀਤਾ ਗਿਆ ਸਕੂਲ ਮੈਗਜ਼ੀਨ @ਅੱਧਘੜੀਆਂ ਕਲਮਾਂ@ ਜਾਰੀ ਕੀਤਾ ਗਿਆ। ਇਸ ਮੌਕੇ ਆਪਣੇ ਸੰਦੇਸ਼ ਵਿੱਚ ਬਲਕਾਰ ਸਿੰਘ ਸਿੱਧੂ ਐਮ ਐਲ ਏ ਰਾਮਪੁਰਾ ਫੂਲ ਨੇ ਜਿੱਥੇ ਵਿਦਿਆਰਥੀਆਂ@ ਦੀਆਂ ਪੇਸ਼ਕਾਰੀਆਂ ਨੂੰ ਸਲਾਹਿਆ ਉੱਥੇ ਸਕੂਲ ਦੁਆਰਾ ਕੀਤੇ ਜਾ ਰਹੇ ਉਪਰਾਲਿਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ। ਉਹਨਾਂ ਨੇ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਭਲਾਈ ਲਈ ਕੀਤੇ ਜਾ ਰਹੇ ਵੱਖ ਵੱਖ ਯਤਨਾਂ ਨੂੰ ਵੀ ਮਾਤਾ ਪਿਤਾ ਨਾਲ ਸਾਂਝਾ ਕੀਤਾ ਅਤੇ ਭਵਿੱਖ ਵਿੱਚ ਇਹ ਯਤਨ ਜਾਰੀ ਰੱਖਣ ਦਾ ਵਾਅਦਾ ਵੀ ਕੀਤਾ। ਉਨਾਂ ਵੱਲੋਂ ਸਕੂਲ ਵਿੱਚ ਨਵੀਆਂ ਤਿਆਰ ਕੀਤੀਆਂ ਗਈਆਂ ਆਧੁਨਿਕ ਫਿਜਿਕਸ ਅਤੇ ਕਮਿਸਟਰੀ ਲੈਬਜ਼ ਦਾ ਉਦਘਾਟਨ ਵੀ ਕੀਤਾ ਗਿਆ। ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਮਮਤਾ ਖੁਰਾਣਾ ਸੇਠੀ ਜੀ ਵੱਲੋਂ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਗਿਆ ਅਤੇ ਸਕੂਲ ਦੀਆਂ ਪ੍ਰਾਪਤੀਆਂ ਵੱਲ ਝਾਤ ਮਰਵਾਉਂਦੇ ਹੋਏ ਉਹਨਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਹ ਸਕੂਲ ਪੰਜਾਬ ਦੇ ਉੱਤਮ ਸਕੂਲਾਂ ਵਿੱਚ ਸ਼ਾਮਿਲ ਹੋਵੇਗਾ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਚਮਕੌਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਦੀਆਂ ਲੁਕੀਆਂ ਹੋਈਆਂ ਖੂਬੀਆਂ ਨੂੰ ਸਾਹਮਣੇ ਲਿਆਉਣ ਲਈ ਸਮੁੱਚੇ ਸਕੂਲ ਸਟਾਫ ਦੀ ਪ੍ਰਸ਼ੰਸਾ ਕੀਤੀ।

# ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਦੀ ਮੰਗ



ਲੁਧਿਆਣਾ, 2 ਫਰਵਰੀ ( ਰਵਿੰਦਰ ਸਿੰਘ ਨਿੱਝਰ): ਤਰਕਸ਼ੀਲ ਸੋਸਾਇਟੀ ਪੰਜਾਬ ਦੇ ਮੀਡੀਆ ਵਿਭਾਗ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਸੁਸਾਇਟੀ ਦੇ ਲੁਧਿਆਣਾ ਜ਼ੋਨ ਦੇ ਦਫ਼ਤਰ ਵਿਖੇ ਹੋਈ, ਜਿਸ ਵਿੱਚ 'ਅਜੋਕੇ ਦੌਰ ਵਿੱਚ ਮੀਡੀਆ ਦੀ ਭੂਮਿਕਾ ਅਤੇ ਸਮੱਸਿਆਵਾਂ' ਸਬੰਧੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਕਿਸੇ ਵੀ ਜਥੇਬੰਦੀ ਦਾ ਮੀਡੀਆ ਵਿਭਾਗ ਉਸ ਦੀ ਰੀੜ੍ਹ ਦੀ ਹੱਡੀ ਵਾਂਗ ਹੁੰਦਾ ਹੈ, ਜਿਸਨੇ ਜਥੇਬੰਦੀ ਦੀ ਵਿਚਾਰਧਾਰਾ ਅਤੇ ਵੱਖ ਵੱਖ ਪੱਧਰ ਦੀਆਂ ਸਰਗਰਮੀਆਂ ਨੂੰ ਸਮਾਜ ਦੇ ਹਰ ਖੇਤਰ ਅਤੇ ਵਰਗਾਂ ਦੇ ਲੋਕਾਂ ਤੱਕ ਲਗਾਤਾਰ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੋਸਾਇਟੀ ਪੰਜਾਬ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐੱਚ) ਤਹਿਤ ਪਿਛਲੇ 42 ਸਾਲਾਂ ਤੋਂ ਆਪਣੇ ਸੀਮਤ ਵਿੱਤੀ ਸਾਧਨਾਂ ਅਤੇ ਮੀਡੀਆ ਦੇ ਸਹਿਯੋਗ ਰਾਹੀਂ ਸਮਾਜ ਦੇ ਵਿਸ਼ਾਲ ਦਾਇਰੇ ਤੱਕ ਵਿਗਿਆਨਕ ਸੋਚ ਅਤੇ ਇਨਸਾਨੀਅਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਗਾਤਾਰ ਜਦੋਜਹਿਦ ਕਰਦੀ ਆ ਰਹੀ ਹੈ ਅਤੇ ਇਸ ਸਬੰਧੀ ਮੀਡੀਆ ਵਿਭਾਗ ਨੂੰ ਹੋਰ ਵੱਧ ਸਰਗਰਮ ਕਰਨ ਲਈ ਅਗਲੇ ਦੋ ਮਹੀਨਿਆਂ ਵਿੱਚ ਸੂਬਾ ਕਮੇਟੀ ਵੱਲੋਂ ਕਾਰਜ ਵਿਉਂਤਬੰਦੀ ਉਲੀਕ ਕੇ ਜ਼ੋਨ ਅਤੇ ਇਕਾਈ ਪੱਧਰ 'ਤੇ ਲਾਗੂ ਕੀਤਾ ਜਾਵੇਗਾ।

ਇਸ ਮੌਕੇ ਜ਼ੋਨ ਮੀਡੀਆ ਮੁਖੀਆਂ ਰਾਮ ਸਿੰਘ ਬੰਗ ਪਟਿਆਲਾ,ਹਰਚੰਦ ਭਿੰਡਰ ਲੁਧਿਆਣਾ, ਸੀਤਾ ਰਾਮ ਬਾਲਦ ਕਲਾਂ ਬਰਨਾਲਾ,ਵਿਜੇ ਰਾਹੀ ਜਲੰਧਰ, ਰਾਮ ਸਿੰਘ ਨਿਰਮਾਣ ਬਠਿੰਡਾ, ਨਿੰਦਰ ਮਾਈਦਿੱਤਾ ਅਤੇ ਬਲਜਿੰਦਰ ਸ਼ਾਹਬਾਜ਼ਪੁਰੀ ਨਵਾਂ ਸ਼ਹਿਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਜੋਕੇ ਪ੍ਰਿੰਟ ਅਤੇ ਬਿਜਲਈ ਮੀਡੀਆ ਉੱਤੇ ਕਾਰਪੋਰੇਟ ਅਦਾਰਿਆਂ ਤੇ ਸਾਮਰਾਜੀ ਹਕੂਮਤਾਂ ਦੇ ਦਬਾਅ ਕਾਰਨ ਅੰਧ ਵਿਸ਼ਵਾਸ, ਅਖੌਤੀ ਚਮਤਕਾਰ ਅਤੇ ਫਿਰਕਾਪ੍ਰਸਤੀ ਫੈਲਾਉਣ ਵਾਲੇ ਪਾਖੰਡੀ ਬਾਬਿਆਂ, ਸਾਧਾਂ,ਜੋਤਸ਼ੀਆਂ, ਡੇਰਾਵਾਦੀਆਂ ਦਾ ਗੁੰਮਰਾਹਕੁੰਨ ਅਤੇ ਗੈਰ ਵਿਗਿਆਨਕ ਪ੍ਰਚਾਰ ਵੱਧ ਰਿਹਾ ਹੈ ਜਿਸ ਕਾਰਨ ਤਰਕਸ਼ੀਲ ਕਾਰਕੁਨਾਂ ਨੂੰ ਮੀਡੀਆ ਵਿੱਚ ਸੋਸਾਇਟੀ ਦੀਆਂ ਸਰਗਰਮੀਆਂ ਅਤੇ ਵਿਗਿਆਨਕ ਸੋਚ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਜ਼ੋਨ ਪੱਧਰ 'ਤੇ ਸਿਖਲਾਈ ਵਰਕਸ਼ਾਪਾਂ/ ਸੈਮੀਨਾਰ ਕਰਵਾਉਣ ਅਤੇ ਸੂਬਾਈ ਅਤੇ ਜ਼ਿਲਾ ਪੱਧਰ 'ਤੇ ਲੋਕ ਪੱਖੀ ਮੀਡੀਆ ਅਦਾਰਿਆਂ ਨੂੰ ਮਿਲ ਕੇ ਉਨ੍ਹਾਂ ਦਾ ਵੱਧ ਤੋਂ ਵੱਧ ਸਹਿਯੋਗ ਲੈਣ ਦੇ ਵਿਸ਼ੇਸ਼ ਯਤਨ ਜੁਟਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।

ਇਸ ਮੌਕੇ ਇਕਾਈ ਆਗੂਆਂ ਸਤੀਸ਼ ਸਚਦੇਵਾ, ਧਰਮਪਾਲ ਸਿੰਘ,ਪੂਰਨ ਸਿੰਘ ਗੁਜਰਾਂ,ਜਗਤਾਰ ਦੋਰਾਹਾ,ਕਮਲਜੀਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ,ਕੇਬਲ ਟੈਲੀਵਿਜ਼ਨ ਨੈੱਟਵਰਕ ਰੂਲਜ਼ 1994 ਅਤੇ ਡਰੱਗਜ਼ ਤੇ ਮੈਜਿਕ ਰੈਮਡੀਜ਼ 'ਤੇ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਨਿਯਮ 1954 ਨੂੰ ਲਾਗੂ ਕਰਵਾਉਣ ਲਈ ਜਨਤਕ ਲਹਿਰ ਉਸਾਰਨ ਦੀ ਲੋੜ ਹੈ।ਇਸ ਮੌਕੇ ਤਰਕਸ਼ੀਲ ਆਗੂ ਸੁਰਿੰਦਰ ਉਪਲੀ, ਗੁਰਜੰਟ ਸਿੰਘ, ਗੁਰਦੀਪ ਲਹਿਰਾ ਅਤੇ ਇੰਦਰਜੀਤ ਕੌਰ ਵੀ ਸ਼ਾਮਿਲ ਸਨ।


SMFG Grihashakti
Nayi Asha. Naya Vishwas.

**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ, ਚੇਨਈ-600116, ਤਾਮਿਲਨਾਡੂ

ਅਚੱਲ ਸੰਪਤੀ ਦੇ ਲਈ ਵਿਕਰੀ ਸੂਚਨਾ

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9(1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਲਈ 15 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**

ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ (''ਸੁਰੱਖਿਅਤ ਅਸਾਸੇ''), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**(ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (''**ਸੁਰੱਖਿਅਤ ਕਰਜ਼ਦਾਤਾ**'') ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (†) ਅਤੇ ਜ਼ਾਮਨ (†) ਤੋਂ **ਐਸਐਮਐਚਐਫਸੀ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਭਰਪਾਈ ਦੀ ਮਿਤੀ ਤੱਕ ਨਿਮਨ ਦਰਸਾਏ ਬਕਾਇਆਂ ਅਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ ''**ਜਿਵੇਂ ਹੈ ਜਿਥੇ ਹੈ**'', ''**ਜਿਵੇਂ ਹੈ ਜੋ ਹੈ**'' ਅਤੇ ''**ਜੋ ਵੀ ਉਥੇ ਹੈ**'' 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(†)/ਜ਼ਾਮਨ (†) ਦਾ ਨਾਮ ਕਰਜ਼ ਖਾਤਾ ਨੰਬਰ | ਸੰਪਤੀਆਂ ਦੇ ਵੇਰਵੇ | ਰਾਖਵੀਂ ਕੀਮਤ (ਰੁ. 'ਚ) / ਬਿਆਨਾ ਰਕਮ ਜਮ੍ਹਾਂ (ਰੁ. 'ਚ) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | Lan No. - 610139511292545 1. ਓਮ ਸ਼ਾਹ ਸਪੁੱਤਰ ਬਿੰਦੇਸ਼ਵਰ ਸ਼ਾਹ 2. ਨੇਹਾ ਕੁਮਾਰੀ | ਖਸਰਾ ਨੰ: 21//21, 25, 22, 23, 24, 35//8, 9, ਖਾਤਾ ਨੰ: 68/74, 69/75, 70/76, 71/77, 72, 72/758/ਜਾਬੰਦੀ ਲਈ ਖਸਰਾ ਨੰ. ਸਾਲ 2008-09, ਪਿੰਡ ਭਾਮੀਆਂ ਕਲਾਂ ਆਬਾਦੀ ਭਾਮੀਆ ਕਲਾਂ ਵਿਖੇ ਸਥਿਤ ਐਚ.ਬੀ. ਨੰਬਰ 181, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਹੱਦ ਇਸ ਪ੍ਰਕਾਰ ਹੈ:- ਪੂਰਬ:-ਗੁਆਂਢੀ ਪ੍ਰਸ਼ਾਸਨ 51'-9" ਪੱਛਮ:- ਗਲੀ ਚੌੜੀ 20' ਪ੍ਰਸ਼ਾਸਨ 51'-9" ਉੱਤਰ:-ਨਦੀ ਸਾਈਡ ਸੜਕ ਪ੍ਰਸ਼ਾਸਨ 30'-0" ਦੱਖਣ:- ਗੁਆਂਢੀ ਪ੍ਰਸ਼ਾਸਨ 30'-0" | Rs. 19,40,000/- / Rs. 1,94,000/- | 23.02.2026 at 11.00 AM to 01.00 PM | 21.02.2026 |
| 2. | Lan No. - 610139211508367 1. ਤਿਲਕ ਰਾਜ ਸਪੁੱਤਰ ਗਿਆਨ ਚੰਦ 2. ਮੋਹਿਤ ਕੁਮਾਰ ਸਪੁੱਤਰ ਤਿਲਕ ਰਾਜ 3. ਸੀਮਾ, | ਇੱਕ ਪਲਾਟ ਨੰਬਰ 136, 48.38 ਵਰਗ ਗਜ਼ ਮਾਪਦਾ ਹੈ, ਜਿਸ ਵਿੱਚ ਖਸਰਾ ਨੰਬਰ 16//11, 16//12/1, 16//19/2, 16//20, 17//15/2, 17//16, 17//17, 17//24, 17//25/1, ਖਟਾ ਨੰਬਰ 127/142 ਜਮ੍ਹਾਂਬੰਦੀ 2013-14 ਦੇ ਅਨੁਸਾਰ, ਪਿੰਡ-ਰਾਜਪੁਰਾ@ ਹੁਸੈਨਪੁਰਾ, ਹੱਦਬਸਤ ਨੰਬਰ 99, ਗ੍ਰੀਨ ਸਿਟੀ, ਤਹਿਸੀਲ ਅਤੇ ਜ਼ਿਲ੍ਹਾ, ਲੁਧਿਆਣਾ ਵਿਖੇ ਸਥਿਤ ਹੈ ਅਤੇ ਹੱਦਾਂ ਜਿਵੇਂ ਕਿ ਅਧੀਨ:- ਪੂਰਬ- ਗਲੀ ਸਾਈਡ 13 ਫੁੱਟ, ਪੱਛਮ- ਪਲਾਟ ਨੰਬਰ 141 ਬਾਈ 13 ਫੁੱਟ, ਉੱਤਰ- ਪਲਾਟ ਨੰਬਰ 137 ਬਾਈ 33'6" ਅਤੇ ਦੱਖਣ- ਪਲਾਟ ਨੰਬਰ 135 ਬਾਈ 33'6" | Rs. 8,90,000/- / Rs. 89,000/- | 23.02.2026 at 11.00 AM to 01.00 PM | 21.02.2026 |
| 3. | Lan No. - 610139211683389 1. ਸ਼ੁਭਮ ਮਹੇ 2. ਹਰਦੀਸ਼ ਕੌਰ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ-8 ਮਰਲੇ ਦਾ ਇੱਕ ਘਰ, ਜਿਸ ਵਿੱਚ ਖਸਰਾ ਨੰਬਰ-6//23(7-2), ਖਾਤਾ ਨੰਬਰ-9/9, ਸਾਲ 2018-19 ਲਈ ਜਮ੍ਹਾਂਬੰਦੀ ਦੇ ਅਨੁਸਾਰ, ਹੱਦਬਸਤ ਨੰ-152, ਪਿੰਡ-ਗੜ੍ਹਾ, ਤਹਿਸੀਲ-ਫਿਲੌਰ, ਜ਼ਿਲ੍ਹਾ-ਜਲੰਧਰ ਵਿਖੇ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2024-25/180/1/143 ਮਿਤੀ 16-4-2024 ਅਨੁਸਾਰ ਹਰਦੀਸ਼ ਕੌਰ ਪਤਨੀ ਰੇਸ਼ਮ ਲਾਲ ਦੇ ਨਾਮ 'ਤੇ ਦਰਜ ਹੈ। ਅਧੀਨ:- ਪੂਰਬ-ਕਸ਼ਮੀਰੋ ਦਾ ਘਰ, ਪੱਛਮੀ-ਵਿਜੇ ਮੋਮੀ ਦਾ ਘਰ, ਉੱਤਰੀ-ਰਾਸਤਾ, ਦੱਖਣ-ਰਸਤਾ। | Rs. 13,60,000/- / Rs. 1,36,000/- | 23.02.2026 at 11.00 AM to 01.00 PM | 21.02.2026 |
| 4. | Lan No. - 609839211648605 1. ਬਬਲੂ ਕਾਲਿਕਾ ਪ੍ਰਸਾਦ ਸਪੁੱਤਰ ਕਾਲਿਕਾ ਪ੍ਰਸਾਦ 3. ਆਸ਼ਾ ਬਬਲੂ ਸੁਪਤਨੀ ਬਬਲੂ | ਰਿਹਾਇਸ਼ੀ ਫਲੈਟ ਨੰਬਰ-09 (ਦੂਜੀ ਮੰਜ਼ਿਲ), 0.66 ਮਰਲੇ ਦੀ ਸੰਪੱਤੀ ਦੇ ਸਾਰੇ ਟੁਕੜੇ ਅਤੇ ਪਾਰਸਲ, ਮਿਊਂਸਪਲ ਕੌਂਸਲ ਪ੍ਰਾਪਰਟੀ ਨੰਬਰ-ਬੀ-017/02531-09, ਖੇਵਟ/ਖਤੌਨੀ ਨੰਬਰ-1808/1934, ਖਸਰਾ/1808/1934, ਖਸਰਾ ਨੰਬਰ-1808/1934, ਖਸਰਾ ਵਿੱਚ ਸ਼ਾਮਲ ਹੈ।123/1/2(0-17), 23/1/3(0-13), ਕਿੱਤੇ 3 ਰਕਬਾ 5 ਕਨਾਲ 2 ਮਰਲੇ ਕਾ 20/3060 ਹਿਸਾ ਮਾਪਣਾ 0 ਕਨਾਲ 0.66 ਮਰਲੇ, ਸਾਲ 2016-17 ਲਈ ਜਮ ੍ਹਾਂਬੰਦੀ, ਆਦਰਸ਼ ਨਗਰ, ਪਿੰਡ 18, ਹੱਬੜ ਵਿਖੇ ਸਥਿਤ ਤਹਿਸੀਲ-ਖਰੜ, ਜ਼ਿਲ੍ਹਾ-ਸਾਸ ਨਗਰ ਮੋਹਾਲੀ ਪ੍ਰਤੀ ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2024-25/15/1/1748 ਮਿਤੀ 25-4-2024 ਨੂੰ ਬਬਲੂ ਪੁੱਤਰ ਕਾਲਿਕਾ ਪਰਸ਼ਾਦ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬੀ-ਫਲੈਟ ਨੰਬਰ-6 ਪਹਿਲੀ ਮੰਜ਼ਿਲ, ਪੱਛਮੀ-ਫਲੈਟ ਨੰਬਰ-12 ਪਹਿਲੀ ਮੰਜ਼ਿਲ, ਉੱਤਰ-ਮਾਲਕ ਹੋਰ, ਦੱਖਣੀ-ਰਾਸਤਾ। | Rs. 10,80,000/- / Rs. 1,08,000/- | 23.02.2026 at 11.00 AM to 01.00 PM | 21.02.2026 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਲਿੰਕ/ਵੈਬਸਾਈਟ ਪਤੇ (**https://BidDeal.in and https://www.grihashakti.com/pdf/E-Auction.pdf**) 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ। ਇੱਛੁਕ ਬੋਲੀਕਾਰ : ਸ੍ਰੀ ਹਨੂਵੰਤ ਸਿੰਘ ਨੂੰ ਉਨ੍ਹਾਂ ਦੇ ਮੋਬਾਇਲ ਨੰਬਰ 9988898312, ਈ-ਮੇਲ : **Hanuwant.Singh@grihashakti.com** ਅਤੇ ਸ੍ਰੀ ਨਿਲੋਏ ਡੇਅ ਨੂੰ ਉਨ੍ਹਾਂ ਦੇ ਮੋਬ. 8655619157, ਈ-ਮੇਲ : **Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ।

ਸਥਾਨ : ਲੁਧਿਆਣਾ, ਜਲੰਧਰ, ਐਸਏਐਸ ਨਗਰ ਮੋਹਾਲੀ, ਪੰਜਾਬ
ਮਿਤੀ : 02.02.2026

ਸਹੀ/-
ਅਧਿਕਾਰਤ ਅਧਿਕਾਰੀ,
ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ

# ਏਕ ਜੋਤ ਵਿਕਲਾਂਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਦੇ ਨਾਲ 251 ਰਜ਼ਾਈਆਂ ਦਾ ਇੱਕ ਟਰੱਕ ਜੰਮੂ-ਕਸ਼ਮੀਰ ਦੇ ਲਈ ਕੀਤਾ ਭੇਟ




ਲੁਧਿਆਣਾ 2 ਫਰਵਰੀ (ਕਰਨੈਲ ਸਿੰਘ ਐੱਮ.ਏ.) ਭਾਈ ਰਣਧੀਰ ਸਿੰਘ ਨਗਰ ਸਥਿਤ ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਵੱਲੋਂ 77ਵਾਂ ਗਣਤੰਤਰ ਦਿਵਸ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਕੇਸਰੀ ਗਰੁੱਪ ਦੇ ਮੁੱਖ ਸੰਪਾਦਕ ਸ਼੍ਰੀ ਵਿਜੇ ਚੋਪੜਾ ਜੀ ਸਨ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਤਵੰਤ ਕੌਰ ਅਤੇ ਮੈਨੇਜਰ ਕਰਨੈਲ ਸਿੰਘ ਨੇ ਬੁੱਕਾ ਭੇਟ ਕਰਕੇ ਸ੍ਰੀ ਵਿਜੇ ਚੋਪੜਾ ਜੀ ਦਾ ਨਿੱਘਾ ਸਵਾਗਤ ਕੀਤਾ। ਸ਼੍ਰੀ ਚੋਪੜਾ ਜੀ ਨੇ ਸ਼ਹਿਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਨਾਲ ਰਾਸ਼ਟਰੀ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਸਕੂਲ ਦੇ ਬੱਚਿਆਂ ਸੁਰਜੀਤ ਸਿੰਘ, ਰਵੀ, ਸਾਕਸ਼ੀ ਨੇ ਸੁਰੀਲੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਜੋ ਦੇਸ਼ ਲਈ ਏਕਤਾ, ਆਜ਼ਾਦੀ ਅਤੇ ਪਿਆਰ ਦੀਆਂ ਕਦਰਾਂ ਕੀਮਤਾਂ ਨੂੰ ਦਰਸਾਉਂਦੇ ਹਨ। ਵਿਜੇ ਚੋਪੜਾ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਵਿਕਲਾਂਗਾਂ ਅਤੇ ਲੋੜਵੰਦਾਂ ਦੀ ਨਿਰਸਵਾਰਥ ਸੇਵਾ ਹੀ ਸੱਚੀ ਭਗਤੀ ਹੈ। ਉਹਨਾਂ ਨੇ ਮੈਡਮ ਸਤਵੰਤ ਕੌਰ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜੇਕਰ ਹਰ ਵਿਅਕਤੀ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਵੇ ਤਾਂ ਕੋਈ ਵੀ ਲਾਚਾਰ ਨਹੀਂ ਰਹੇਗਾ। ਮੈਡਮ ਸਤਵੰਤ ਕੌਰ ਨੇ ਸਕੂਲ ਵਿੱਚ ਰਹਿ ਰਹੇ ਬੱਚਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਮੈਡੀਕਲ ਕੈਂਪ ਵੀ ਲਗਾਇਆ ਗਿਆ। ਜਿਸ ਵਿੱਚ ਡਾ: ਰਾਜੇਸ਼ ਅਰੋੜਾ ਦੀ ਟੀਮ ਨੇ 70 ਤੋਂ ਵੀ ਵੱਧ ਮਰੀਜ਼ਾਂ ਦੇ ਦੰਦਾਂ ਦਾ ਚੈੱਕਅਪ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਸੁਹਾਣਾ ਹਸਪਤਾਲ ਦੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ। ਸ਼੍ਰੀ ਵਿਜੇ ਚੋਪੜਾ ਜੀ ਨੇ 51 ਲੋੜਵੰਦ ਲੜਕੀਆਂ, ਔਰਤਾਂ ਨੂੰ ਐਨਕਾਂ ਤਕਸੀਮ ਕੀਤੀਆਂ। ਡਾ: ਕਮਲਜੀਤ ਕੌਰ, ਡਾ: ਸਤਨਾਮ ਕੌਰ, ਡਾ: ਕਮਲਜੀਤ ਸਿੰਘ, ਡਾ: ਅਮਰਿੰਦਰ ਸਿੰਘ ਨੇ ਮਰੀਜ਼ਾਂ ਦਾ ਬਲੱਡ ਪਰੈਸ਼ਰ, ਸ਼ੂਗਰ ਅਤੇ ਹੋਰ ਬਿਮਾਰੀਆਂ ਦੀ ਜਾਂਚ ਕਰਕੇ ਸਹੀ ਸਲਾਹ ਦਿੱਤੀ। ਮੈਡਮ ਸਤਵੰਤ ਕੌਰ ਅਤੇ ਉਨ੍ਹਾਂ ਦੀ ਟੀਮ (ਸੰਜੀਵਨੀ ਵੋਮੈਨ ਇੰਪਾਵਰਮੈਂਟ ਐਸੋਸੀਏਸ਼ਨ, ਅਰੋੜਾ ਮਹਾਂ ਸਭਾ ਲੁਧਿਆਣਾ, ਸਨੇਹ ਵੈਲਫੇਅਰ ਔਰਗੇਨਾਈਜੇਸ਼ਨ, ਏਕ ਨਵੀਂ ਉਡਾਨ) ਵੱਲੋਂ ਜੰਮੂ-ਕਸ਼ਮੀਰ ਦੇ ਲੋੜਵੰਦ ਪਰਿਵਾਰਾਂ ਦੇ ਲਈ 251 ਰਜ਼ਾਈਆਂ ਨਾਲ ਭਰਿਆ ਹੋਇਆ ਟਰੱਕ ਵਿਜੇ ਚੋਪੜਾ ਨੂੰ ਦਿੱਤਾ ਗਿਆ। ਵਿਜੇ ਚੋਪੜਾ ਜੀ ਨੇ ਸਮਾਜ ਸੇਵਾ ਵਿੱਚ ਅੱਗੇ ਵੱਧ ਕੇ ਕੰਮ ਕਰਨ ਵਾਲੇ ਪ੍ਰਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪਵਨ ਦੀਵਾਨ, ਜਗਮੋਹਨ ਸ਼ਰਮਾ, ਡਿੰਪਲ ਰਾਣਾ, ਅਸ਼ੋਕ ਥਾਪਰ, ਲੀਨਾ ਟਪਾਰੀਆ, ਟੋਨੀ ਕਪੂਰ, ਦਿਨੇਸ਼ ਮਰਵਾਹਾ, ਸੰਦੀਪ ਮਰਵਾਹਾ, ਕ੍ਰਿਸ਼ਨ ਕੁਮਾਰ ਬਾਵਾ, ਜਸਵੰਤ ਸਿੰਘ ਛਾਪਾ, ਰਾਸ਼ੀ ਅਗਰਵਾਲ, ਇੰਦਰਜੀਤ ਉਬਰਾਏ, ਕੀਰਤੀ ਗਰੋਵਰ, ਸੁਖਵਿੰਦਰ ਕੌਰ ਸੁੱਖੀ, ਰਿੰਪੀ ਜੌਹਰ, ਲਖਬੀਰ ਕੌਰ, ਮਨਜੀਤ ਕੌਰ, ਗੁਰਪ੍ਰੀਤ ਕੌਰ, ਸੁਰਜੀਤ ਕੌਰ, ਵਿਨੇ ਗੁਪਤਾ, ਅਲਕਾ ਰਾਮਪਾਲ ਭਾਰਦਵਾਜ, ਰਿਚਾ ਗੁਪਤਾ ਹਾਜ਼ਰ ਸਨ।

# ਦੁਸ਼ਹਿਰਾ ਗਰਾਊਂਡ ਖੰਨਾ ਵਿਖੇ ਸਖੀ ਸ਼ਕਤੀ ਮੇਲਾ 11 ਤੋਂ 17 ਫਰਵਰੀ ਤਕ



ਲੁਧਿਆਣਾ, 2 ਫਰਵਰੀ (ਵਿਸ਼ਾਲ ਸ਼ਰਮਾ) ਪੰਜਾਬ ਰਾਜ ਦਿਹਾਤੀ ਆਜੀਵਕਾ ਮਿਸ਼ਨ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ ਉਦਯੋਗ ਅਤੇ ਵਣਜ ਵਿਭਾਗ, ਪੰਜਾਬ ਵੱਲੋਂ ਪੰਜਾਬ ਦੀਆਂ ਬਹਾਦਰ, ਹੁਨਰਮੰਦ ਤੇ ਸਖ਼ਤ ਮਿਹਨਤੀ ਮਹਿਲਾਵਾਂ ਲਈ @ਰੈਂਪ ਸਕੀਮ ਅਧੀਨ@ ਇੱਕ ਉੱਚ ਪੱਧਰੀ ਈਵੈਂਟ, ÷ਪੰਜਾਬ ਸਖੀ ਸ਼ਕਤੀ ਮੇਲਾ- ਮਹਿਲਾ ਉੱਧਮੀਆਂ ਦਾ ਸਸ਼ਕਤੀਕਰਨ÷ ਦੇ ਰੂਪ ਵਿੱਚ 11 ਫਰਵਰੀ 2026 ਤੋਂ 17 ਫਰਵਰੀ 2026 ਤਕ, ਦੁਸ਼ਹਿਰਾ ਗਰਾਊਂਡ, ਖੰਨਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਜਿੱਥੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚੋਂ ਸ਼ਿਲਪਕਾਰ ਤੇ ਸੈੱਲਫ਼ ਹੈਲਪ ਗਰੁੱਪ ਆਪਣੇ ਉਤਪਾਦ ਲੈਕੇ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚ ਖਾਣ ਪੀਣ ਦੀਆਂ ਵਸਤਾਂ, ਕਪੜੇ ਅਤੇ ਫਰਨੀਚਰ ਦੀਆਂ ਸਟਾਲਾਂ ਵੀ ਸ਼ਾਮਲ ਹੋਣਗੀਆਂ। ਇਸ ਮੇਲੇ ਵਿੱਚ 200 ਤੋਂ ਵੱਧ ਸਟਾਲ ਲਗਾਏ ਜਾਣਗੇ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਅਮਰਜੀਤ ਬੈਂਸ ਨੇ ਸੋਮਵਾਰ ਨੂੰ ਗੋਲਡਨ ਗ੍ਰੀਨ ਕਲੱਬ, ਖੰਨਾ ਵਿਖੇ ਇਸ ਮੇਲੇ ਦੀਆਂ ਤਿਆਰੀਆਂ ਬਾਬਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਉਦਯੋਗਪਤੀਆਂ ਅਤੇ ਵੱਖ-ਵੱਖ ਐਸੋਸ਼ੀਏਸ਼ਨਾ ਦੇ ਨੁਮਾਇੰਦਿਆਂ ਦੀ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਇਕ ਉੱਚ ਪੱਧਰੀ ਉਪਰਾਲਾ ਹੈ, ਜਿੱਥੇ ਘਰੋਂ ਬਣੇ ਉਤਪਾਦ, ਰਵਾਇਤੀ ਕਲਾ ਅਤੇ ਆਧੁਨਿਕ ਹੈਂਡਮੇਡ ਡਿਜ਼ਾਈਨ ਅਤੇ ਬੇਮਿਸਾਲ ਕਲਾਕਾਰੀ ਖਿੱਚ ਦਾ ਕੇਂਦਰ ਹੋਵੇਗੀ। ਇਸ ਦੌਰਾਨ ਖਾਣ ਪੀਣ ਦੀਆਂ ਵਸਤਾਂ ਸਬੰਧੀ ਵਿਸ਼ੇਸ਼ ਫੂਡ ਕੋਰਟ ਬਣੇਗਾ ਅਤੇ ਰੋਜ਼ਾਨਾ ਸਵੇਰੇ ਨੂੰ 10 ਵਜੇ ਤੋਂ ਰਾਤ 10 ਵਜੇ ਤਕ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਹੋਇਆ ਕਰੇਗੀ। ਮੇਲੇ ਦੀ ਸ਼ੁਰੂਆਤ ਰੋਜ਼ਾਨਾ ਸਵੇਰੇ 10 ਵਜੇ ਤੋਂ ਹੋਇਆ ਕਰੇਗੀ। ਇਸ ਮੇਲੇ ਲਈ ਟਿਕਟ ਰੇਟ 20 ਰੁਪਏ ਰੱਖੀ ਗਈ ਹੈ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੇਲੇ ਵਿੱਚ ਦਾਖਲਾ ਮੁਫ਼ਤ ਇਹ ਮੇਲਾ ਸਿਰਫ਼ ਖਰੀਦਾਰੀ ਤਕ ਸੀਮਤ ਨਾ ਹੋ ਕੇ ਸਗੋਂ ਮਹਿਲਾ ਸ਼ਕਤੀ, ਪੰਜਾਬੀ ਸਿਰਜਣਾਤਮਕਤਾ ਅਤੇ ਆਪਣੇ ਸਥਾਨਕ ਹੁਨਰ ਨੂੰ ਆਲਮੀ ਪੱਧਰ @ਤੇ ਲੈ ਕੇ ਜਾਣ ਦੀ ਲਹਿਰ ਹੈ। ਇਸ ਲਈ ਸਮੂਹ ਵਿਭਾਗ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ। ਉਹਨਾਂ ਕਿਹਾ ਕਿ ਮੇਲੇ ਵਿੱਚ ਆਉਣ ਵਾਲੇ ਸ਼ਿਲਪਕਾਰਾਂ, ਕਲਾਕਾਰਾਂ ਸਮੇਤ ਸਾਰੇ ਲੋਕਾਂ ਲਈ ਲੋੜੀਂਦੇ ਪ੍ਰਬੰਧ ਸੁਚੱਜੇ ਢੰਗ ਨਾਲ ਕੀਤੇ ਜਾਣੇ ਯਕੀਨੀ ਬਣਾਏ ਜਾਣ। ਇਹ ਗੱਲ ਯਕੀਨੀ ਬਣਾਈ ਜਾਵੇ ਕਿ ਮੇਲੇ ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੁਰੱਖਿਆ ਸਬੰਧੀ ਪੁਖਤਾ ਪ੍ਰਬੰਧ ਕੀਤੇ ਜਾਣੇ ਯਕੀਨੀ ਬਣਾਏ ਜਾਣ। ਇਸ ਦੇ ਨਾਲ ਉਹਨਾਂ ਨੇ ਵੱਖ-ਵੱਖ ਵਿਭਾਗਾਂ ਨੂੰ ਪੀਣ ਵਾਲੇ ਸਾਫ ਪਾਣੀ, ਪਖਾਨਿਆਂ, ਸਾਫ ਸਫਾਈ, ਮੈਡੀਕਲ ਟੀਮਾਂ ਦੀ ਤਾਇਨਾਤੀ ਸਮੇਤ ਸਾਰੇ ਲੋੜੀਂਦੇ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ। ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਇਸ ਮੇਲੇ ਦਾ ਲਾਹਾ ਲਿਆ ਜਾਵੇ, ਜਿਸ ਨਾਲ ਜਿੱਥੇ ਸ਼ਿਲਪਕਾਰਾਂ ਨੂੰ ਵੱਡੇ ਪੱਧਰ ਉੱਤੇ ਲਾਭ ਹੋਵੇਗਾ ਤੇ ਉਹਨਾਂ ਦੀ ਹੌਸਲਾ ਅਫ਼ਜ਼ਾਈ ਹੋਵੇਗੀ, ਉੱਥੇ ਬੱਚਿਆਂ ਨੂੰ ਵੀ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਇਸ ਮੌਕੇ ਉਪ ਮੰਡਲ ਮੈਜਿਸਟਰੇਟ ਖੰਨਾ ਸਿਵਾਤੀ ਟਿਵਾਣਾ, ਉਪ ਮੰਡਲ ਮੈਜਿਸਟਰੇਟ ਪਾਇਲ ਪ੍ਰਦੀਪ ਬੈਂਸ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਉਦਯੋਗਪਤੀਆਂ ਅਤੇ ਵੱਖ-ਵੱਖ ਐਸੋਸ਼ੀਏਸ਼ਨਾ ਦੇ ਨੁਮਾਇੰਦਿਆਂ ਹਾਜ਼ਰ ਸਨ।

ਇੰਡੀਅਨ ਬੈਂਕ Indian Bank ਇਲਾਹਾਬਾਦ ALLAHABAD

## ਇੰਡੀਅਨ ਬੈਂਕ

ਜ਼ੋਨਲ ਦਫ਼ਤਰ : ਜਲੰਧਰ

**ਜ਼ਿਆਦਾ ਕਿਰਾਏ ਦੀ ਸੂਰਤ ਵਿੱਚ ਲਾਕਰ ਖੋਲ੍ਹਣ ਤੋਂ ਪਹਿਲਾਂ ਕਿਰਾਏਦਾਰਾਂ ਨੂੰ ਭੇਜਿਆ ਜਾਣ ਵਾਲਾ ਨੋਟਿਸ**

ਇਹ ਸਾਡੇ ਕੀਮਤੀ ਗਾਹਕਾਂ ਦੀ ਜਾਣਕਾਰੀ ਲਈ ਹੈ ਜਿਨ੍ਹਾਂ ਨੇ ਸਾਡੀ ਸ਼ਾਖਾ ਵਿੱਚ ਕਿਰਾਏ 'ਤੇ ਲਾਕਰ ਲਿਆ ਹੈ ਅਤੇ ਪ੍ਰਬੰਧ ਦੀ ਉਲੰਘਣਾ ਕੀਤੀ ਹੈ। ਆਰਬੀਆਈ ਬੈਂਕ / ਬੈਂਕਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਿਰਾਏਦਾਰਾਂ ਨੂੰ ਭੇਜਿਆ ਗਿਆ ਨੋਟਿਸ ਵਾਪਸ ਆ ਗਿਆ, ਕਿਉਂਕਿ ਉਨ੍ਹਾਂ ਦਾ ਦਰਜ ਕੀਤਾ ਪਤਾ ਨਹੀਂ ਮਿਲਿਆ ਜਾਂ ਛੱਡ ਦਿੱਤਾ ਗਿਆ ਸੀ ਜਾਂ ਉਨ੍ਹਾਂ ਦੀ ਮੌਤ ਹੋ ਗਈ ਸੀ। ਲਾਕਰ ਧਾਰਕਾਂ ਨਾਲ ਉਨ੍ਹਾਂ ਦੇ ਦਰਜ ਕੀਤੇ ਪਤੇ 'ਤੇ ਨਿੱਜੀ ਤੌਰ 'ਤੇ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਵੀ ਵਿਅਰਥ ਗਈਆਂ ਹਨ ਅਤੇ ਉਨ੍ਹਾਂ ਦੇ ਮੌਜੂਦਾ ਟਿਕਾਣੇ ਦਾ ਪਤਾ ਨਹੀਂ ਲਗਾਇਆ ਜਾ ਸਕਿਆ। ਕੋਈ ਵੀ ਦਾਅਵੇਦਾਰ ਦਾਅਵੇ ਲਈ ਅੱਗੇ ਨਹੀਂ ਆ ਰਿਹਾ ਹੈ। ਇਸ ਤਰ੍ਹਾਂ ਕੋਈ ਵਿਕਲਪ ਨਾ ਹੋਣ ਕਰਕੇ ਇਹ ਨੋਟਿਸ ਹੇਠਾਂ ਦਿੱਤੇ ਸਾਰੇ ਵਿਅਕਤੀਆਂ ਅਤੇ ਉਨ੍ਹਾਂ ਦੇ ਦਾਅਵੇਦਾਰਾਂ / ਨਾਮਜ਼ਦ ਵਿਅਕਤੀਆਂ ਨੂੰ ਸ਼ਾਖਾ ਨਾਲ ਸੰਪਰਕ ਕਰਨ ਅਤੇ 15 ਦਿਨਾਂ ਦੀ ਮਿਆਦ ਦੇ ਅੰਦਰ ਬੈਂਕ ਨੂੰ ਬਕਾਇਆ ਰਕਮ ਅਦਾ ਕਰਨ ਲਈ ਦਿੱਤਾ ਜਾਂਦਾ ਹੈ, ਨਹੀਂ ਤਾਂ ਬੈਂਕ ਆਪਣੀ ਕੀਮਤ, ਜੋਖਮ ਅਤੇ ਜ਼ਿੰਮੇਵਾਰੀ 'ਤੇ ਲਾਕਰ ਖੋਲ੍ਹਣ ਲਈ ਅੱਗੇ ਵਧੇਗਾ ਅਤੇ ਬੈਂਕ ਬਕਾਇਆ ਕਿਰਾਏ, ਲਾਗਤ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਆਪਣੇ ਅਧਿਕਾਰ ਦੀ ਵਰਤੋਂ ਕਰੇਗਾ:-

| ਲ. ਨੰ. | ਸ਼ਾਖਾ ਦਾ ਨਾਮ / ਲੀਜ਼ ਦਾ ਨਾਮ | ਲਾਕਰ ਨੰਬਰ | ਪਤਾ | ਬਕਾਇਆ ਰਕਮ |
|---|---|---|---|---|
| 1. | ਕਪੂਰਥਲਾ / ਪੂਨਮ ਮਰਵਾਹਾ ਅਤੇ ਵਿਸ਼ਾਲ ਮਰਵਾਹਾ | 13 | ਬੀ11/96, ਸ਼ੇਰਾਂ ਵਾਲਾ ਗੇਟ, ਕਪੂਰਥਲਾ ਪੰਜਾਬ | Rs. 17,494/- + ਵਿਆਜ ਅਤੇ ਹੋਰ ਵਾਧੂ ਖਰਚੇ |
| 2. | ਕਪੂਰਥਲਾ / ਅਵਤਾਰ ਕੌਰ | 193 | ਸੁਲਤਾਨਪੁਰ ਰੋਡ, ਕਪੂਰਥਲਾ, ਪੰਜਾਬ | Rs. 13,961/- + ਵਿਆਜ ਅਤੇ ਹੋਰ ਵਾਧੂ ਖਰਚੇ |
| 3. | ਕਪੂਰਥਲਾ / ਰੇਸ਼ਮ ਸਿੰਘ | 24 | ਪਿੰਡ ਤੇ ਡਾਕਖਾਨਾ ਨੂਰਪੁਰ ਲੁਬਾਣਾ ਕਪੂਰਥਲਾ, ਪੰਜਾਬ | Rs. 13,961/- + ਵਿਆਜ ਅਤੇ ਹੋਰ ਵਾਧੂ ਖਰਚੇ |
| 4. | ਕਪੂਰਥਲਾ / ਐਸਐਸ ਕੇ | 238 | ਸਰਕੁਲਰ ਰੋਡ, ਕਪੂਰਥਲਾ, ਪੰਜਾਬ | Rs. 6,957/- + ਵਿਆਜ ਅਤੇ ਹੋਰ ਵਾਧੂ ਖਰਚੇ |
| 5. | ਜੀਆਰਡੀਸੀ, ਜਲੰਧਰ / ਸ਼੍ਰੀ ਪ੍ਰਮੋਦ ਅਤੇ ਸ਼੍ਰੀਮਤੀ ਅਨੀਤਾ ਸੂਰ | 49 | ਮਕਾਨ ਨੰ. 332-ਏ, ਬੈਂਕ ਇਨਕਲੇਵ, ਜਲੰਧਰ, ਪੰਜਾਬ | Rs. 11,457/- + ਵਿਆਜ ਅਤੇ ਹੋਰ ਵਾਧੂ ਖਰਚੇ |
| 6. | ਰੰਧਾਵਾ ਮਸੰਦਾ, ਜਲੰਧਰ / ਸਵਿੰਦਰ ਕੌਰ, ਰਵਿੰਦਰ ਕੌਰ, ਮੇਜਰ ਸਿੰਘ | 48 | ਪਿੰਡ ਗਦਈਪੁਰ, ਡਾਕਖਾਨਾ ਰੰਧਾਵਾ ਮਸੰਦਾ, ਜਲੰਧਰ 144004 | Rs. 11,874/- + ਵਿਆਜ ਅਤੇ ਹੋਰ ਵਾਧੂ ਖਰਚੇ |
| 7. | ਰੰਧਾਵਾ ਮਸੰਦਾ, ਜਲੰਧਰ / ਦਲਜੀਤ ਸਿੰਘ ਅਤੇ ਸੁਖਦੀਪ ਕੌਰ | 123 | ਪਿੰਡ ਤੇ ਡਾਕਖਾਨਾ ਲਿੱਧੜਾਂ, ਜਲੰਧਰ 144008 | Rs. 7,449/- + ਵਿਆਜ ਅਤੇ ਹੋਰ ਵਾਧੂ ਖਰਚੇ |

ਸੰਪਰਕ ਨੰਬਰ : 98880 36970

ਮਿਤੀ : 02.02.2026 ਸਥਾਨ : ਜਲੰਧਰ ਸ਼ਾਖਾ ਮੁਖੀ

# ਕਾਂਗਰਸੀ ਕੌਂਸਲਰਾਂ ਨੇ ਨਗਰ ਨਿਗਮ ਦਫ਼ਤਰ ਦਾ ਕੀਤਾ ਘਿਰਾਓ



ਲੁਧਿਆਣਾ, 2 ਫਰਵਰੀ (ਵਿਸ਼ਾਲ ਸ਼ਰਮਾ): ਕਾਂਗਰਸੀ ਵਰਕਰਾਂ ਵੱਲੋਂ ਨਗਰ ਨਿਗਮ (ਲੁਧਿਆਣਾ) ਨੂੰ ਘੇਰਨ ਦੀਆਂ ਰਿਪੋਰਟਾਂ ਹਨ, ਦੱਸਿਆ ਜਾ ਰਿਹਾ ਹੈ ਕਾਂਗਰਸੀ ਵਰਕਰਾਂ ਅਤੇ ਸਥਾਨਕ ਨਿਵਾਸੀਆਂ ਨੇ ਅੱਜ ਨਗਰ ਨਿਗਮ ਦਫਤਰ ਦਾ ਘਿਰਾਓ ਕਰਕੇ ਵਿਰੋਧ ਪ੍ਰਦਰਸ਼ਨ ਕੀਤਾ। ਰਿਪੋਰਟਾਂ ਅਨੁਸਾਰ, ਅੱਜ ਪੰਜਾਬ ਦੇ ਲੁਧਿਆਣਾ ਵਿੱਚ ਕਾਂਗਰਸੀ ਵਰਕਰਾਂ ਅਤੇ ਸਥਾਨਕ ਨਿਵਾਸੀਆਂ ਨੇ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ। ਵਿਰੋਧ ਪ੍ਰਦਰਸ਼ਨ ਦੌਰਾਨ, ਗੁੱਸੇ ਵਿੱਚ ਆਏ ਨਿਵਾਸੀਆਂ ਨੇ ਜ਼ੋਨ ਡੀ ਦੇ ਮੁੱਖ ਗੇਟ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ। ਇਹ ਵਿਰੋਧ ਪ੍ਰਦਰਸ਼ਨ ਢੋਕਾਂ ਮੁਹੱਲਾ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਸੀਵਰੇਜ ਅਤੇ ਡਰੇਨੇਜ ਸਮੱਸਿਆਵਾਂ ਨੂੰ ਲੈ ਕੇ ਕੀਤਾ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਨਾਲਾ ਓਵਰਫਲੋ ਹੋ ਜਾਂਦਾ ਹੈ, ਜਿਸ ਕਾਰਨ ਦੂਸ਼ਿਤ ਪਾਣੀ ਲੋਕਾਂ ਦੇ ਘਰਾਂ ਵਿੱਚ ਦਾਖਲ ਹੋ ਜਾਂਦਾ ਹੈ ਜਿਸ ਨਾਲ ਬਿਮਾਰੀਆਂ ਦਾ ਖਤਰਾ ਪੈਦਾ ਹੁੰਦਾ ਹੈ।ਨਿਵਾਸੀਆਂ ਨੇ ਦੱਸਿਆ ਕਿ ਪਿਛਲੇ 10 ਦਿਨਾਂ ਤੋਂ ਸੀਵਰੇਜ ਦਾ ਪਾਣੀ ਘਰਾਂ ਦੇ ਬਾਹਰ ਓਵਰਫਲੋ ਹੋ ਰਿਹਾ ਹੈ, ਸੜਕਾਂ ਅਤੇ ਗਲੀਆਂ ਵਿੱਚ ਡੁੱਲ ਰਿਹਾ ਹੈ। ਇਸ ਨਾਲ ਨਾ ਸਿਰਫ਼ ਆਵਾਜਾਈ ਦੀ ਸਮੱਸਿਆ ਪੈਦਾ ਹੋ ਰਹੀ ਹੈ, ਸਗੋਂ ਘਰਾਂ ਵਿੱਚ ਦਾਖਲ ਹੋਣ ਵਾਲਾ ਪਾਣੀ ਘਰੇਲੂ ਸਮਾਨ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਬੱਚੇ ਬਿਮਾਰ ਹੋ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਮੁੱਦੇ ਬਾਰੇ ਨਗਰ ਨਿਗਮ ਨੂੰ ਕਈ ਵਾਰ ਜਾਣੂੰ ਕਰਵਾਇਆ ਹੈ, ਪਰ ਕੋਈ ਹੱਲ ਨਹੀਂ ਨਿੱਕਲਿਆ, ਜਿਸ ਕਾਰਨ ਉਨ੍ਹਾਂ ਨੂੰ ਅੱਜ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਮੱਸਿਆ ਦਾ ਜਲਦੀ ਹੱਲ ਨਾ ਹੋਇਆ ਤਾਂ ਵਿਰੋਧ ਪ੍ਰਦਰਸ਼ਨ ਹੋਰ ਤੇਜ਼ ਕੀਤੇ ਜਾਣਗੇ।

# 273 ਗ੍ਰਾਮ ਹੈਰੋਇਨ ਅਤੇ 61 ਗ੍ਰਾਮ ਆਈਸ ਅਤੇ 60,000 ਡਰੱਗ ਮਨੀ ਸਮੇਤ ਤਸਕਰ ਕਾਬੂ



ਸਾਹਨੇਵਾਲ,ਕੁਹਾੜਾ, 2 ਫਰਵਰੀ (ਕੁਲਦੀਪ ਸਿੰਘ ਕੁਹਾੜਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਪੁਲਿਸ ਕਮਿਸ਼ਨਰ ਲੁਧਿਆਣਾ ਸਵੱਪਨ ਸ਼ਰਮਾ ਆਈ.ਪੀ.ਐਸ. ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ 'ਤੇ ਮੁਸਤੈਦੀ ਦਿਖਾਉਂਦਿਆਂ ਥਾਣਾ ਕੂੰਮ ਕਲਾਂ ਅਧੀਨ ਪੈਂਦੀ ਪੁਲਿਸ ਚੌਕੀ ਕਟਾਣੀ ਕਲਾਂ ਵੱਲੋਂ ਜਸਕਰਨ ਸਿੰਘ ਤੇਜਾ ਪੀ.ਪੀ.ਐਸ., ਡਿਪਟੀ ਕਮਿਸ਼ਨਰ ਪੁਲਿਸ (ਦਿਹਾਤੀ), ਸ੍ਰੀ ਜਸ਼ਨਦੀਪ ਸਿੰਘ ਗਿੱਲ ਪੀ.ਪੀ.ਐਸ., ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜ਼ੋਨ-4, ਸ੍ਰੀ ਇੰਦਰਜੀਤ ਸਿੰਘ ਪੀ.ਪੀ.ਐਸ., ਸਹਾਇਕ ਕਮਿਸ਼ਨਰ ਪੁਲਿਸ ਇੰਡਸਟਰੀ ਏਰੀਆ-ਏ ਅਤੇ ਇੰਸਪੈਕਟਰ ਪਰਮਦੀਪ ਸਿੰਘ, ਮੁੱਖ ਅਫਸਰ ਥਾਣਾ ਕੂੰਮ ਕਲਾਂ ਦੀ ਅਗਵਾਈ ਹੇਠ ਥਾਣਾ ਕੂੰਮ ਕਲਾਂ ਅਧੀਨ ਪੈਂਦੀ ਚੌਕੀ ਕਟਾਣੀ ਕਲਾਂ ਦੀ ਪੁਲਿਸ ਟੀਮ ਵੱਲੋਂ ਇੱਕ ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ।ਲੰਘੀ 30 ਜਨਵਰੀ ਨੂੰ ਨਾਕਾਬੰਦੀ ਦੌਰਾਨ ਪੁਲਿਸ ਪਾਰਟੀ ਨੂੰ ਭਰੋਸੇਯੋਗ ਸੂਤਰਾਂ ਤੋਂ ਸੂਚਨਾ ਪ੍ਰਾਪਤ ਹੋਈ ਕਿ ਤਰਨਵੀਰ ਸਿੰਘ ਉਰਫ ਧੰਨਾ ਪੁੱਤਰ ਲੇਟ ਮੰਗਤ ਸਿੰਘ ਵਾਸੀ ਪਿੰਡ ਨੀਲੋਂ ਕਲਾਂ, ਥਾਣਾ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਜੋ ਨਸ਼ਾ ਵੇਚਣ ਦਾ ਆਦੀ ਹੈ, ਆਪਣੀ ਕਾਰ ਵਰਨਾ ਨੰਬਰ PB-10-HS-7707 (ਰੰਗ ਕਾਲਾ) ਵਿੱਚ ਸਵਾਰ ਹੋ ਕੇ ਮਾਛੀਵਾੜਾ ਰੋਡ ਤੋਂ ਕੁਹਾੜਾ ਚੌਂਕ ਲੁਧਿਆਣਾ ਵੱਲ ਨਸ਼ਾ ਵੇਚਣ ਲਈ ਆ ਰਿਹਾ ਹੈ।

ਸੂਚਨਾ ਦੇ ਆਧਾਰ 'ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਦੋਸ਼ੀ ਨੂੰ ਕਾਬੂ ਕਰਕੇ ਉਸਦੇ ਖ਼ਿਲਾਫ਼ ਮੁਕੱਦਮਾ ਨੰਬਰ 17 ਮਿਤੀ 30 ਜਨਵਰੀ ਨੂੰ NDPS ਐਕਟ ਅਧੀਨ ਥਾਣਾ ਕੂੰਮ ਕਲਾਂ ਲੁਧਿਆਣਾ ਵਿਖੇ ਦਰਜ ਕੀਤਾ ਗਿਆ। ਦੋਸ਼ੀ ਕੋਲੋਂ 273 ਗ੍ਰਾਮ ਹੈਰੋਇਨ ਅਤੇ 61 ਗ੍ਰਾਮ ਆਈਸ ਅਤੇ 60,000 ਡਰੱਗ ਮਨੀ ਬਰਾਮਦ ਕਰਕੇ ਹਸਬ-ਜ਼ਾਬਤਾ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਮੁੱਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਦੋਸ਼ੀ ਤਰਨਵੀਰ ਸਿੰਘ ਉਰਫ ਧੰਨਾ ਦੇ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ 4 ਮੁਕੱਦਮੇਂ ਦਰਜ ਹਨ।

pnb ਪੰਜਾਬ ਨੈਸ਼ਨਲ ਬੈਂਕ ....ਬਿਹਤਰੀ ਲਈ ਸਾਂਝ

ਸਰਕਲ ਦਫ਼ਤਰ : ਤੀਜੀ ਮੰਜ਼ਿਲ, ਪਲਾਟ ਨੰ. 445, ਫੇਜ਼ 3, ਮਾਡਲ ਟਾਊਨ ਬਠਿੰਡਾ

## ਕਬਜ਼ਾ ਸੂਚਨਾ (ਅਚੱਲ ਸੰਪੱਤੀ/ਾਂ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਪੰਜਾਬ ਨੈਸ਼ਨਲ ਬੈਂਕ ਦੇ "ਅਧਿਕਾਰਤ ਅਧਿਕਾਰੀ" ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਦਰਸਾਈ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ ਪੰਜਾਬ ਨੈਸ਼ਨਲ ਬੈਂਕ,ਸ਼ਾਖਾ ਦਫ਼ਤਰ : ਲਿੰਕ ਰੋਡ ਮਾਨਸਾ (170710) ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ (ਬੀ/ਓ : ਲਿੰਕ ਰੋਡ, ਮਾਨਸਾ) | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: : ਸੋਨੂੰ ਸਿੰਘ ਸਪੁੱਤਰ ਲਛਮਣ ਸਿੰਘ, ਸਿਊਨਗਰ ਵਾਰਡ ਨੰ. 6, ਮਾਨਸਾ 151505 | ਰਿਹਾਇਸ਼ੀ ਘਰ ਦਾ ਸਾਰਾ ਹਿੱਸਾ ਅਤੇ ਪਾਰਸਲ 5.55 ਮਰਲੇ ਮਾਪ, ਭਾਵ 37/1050 ਹਿੱਸਾ 7 ਕਨਾਲ 17 ਮਰਲੇ 4.5 ਵਰਗ ਮੀਟਰ ਜ਼ਮੀਨ ਜਿਸ ਵਿੱਚ ਮੁਸਿੱਲ ਅਤੇ ਕਿਲ੍ਹਾ ਨੰਬਰ 95//7/3 ਮਿਨ (3-5-4.5), 8/1/1/(2-12), 159//20/1(2-0) ਖੇਵਟ ਖਾਤਾ ਨੰਬਰ 1735/3959, ਡੀਐਸਪੀ ਸਟਰੀਟ, ਬੀ/ਐਸ ਕਲੋਨੀ, ਮਾਨਸਾ ਅਤੇ ਜ਼ਿਲ੍ਹਾ ਮਾਨਸਾ ਵਿਖੇ | 27.10.2025 | 29.01.2026 | Rs.15,11,866/- (ਪੰਦਰਾਂ ਲੱਖ ਗਿਆਰਾਂ ਹਜ਼ਾਰ ਅੱਠ ਸੌ ਛਿਆਹਠ ਰੁਪਏ ਸਿਰਫ਼) ਅਤੇ ਹੋਰ ਵਿਆਜ ਅਤੇ ਹੋਰ ਖਰਚੇ ਜੋ 01.10.2025 ਤੋਂ ਇਕਰਾਰਨਾਮੇ ਦੀ ਦਰ 'ਤੇ ਹਨ, ਅਤੇ ਹੋਰ ਖਰਚੇ ਅਤੇ ਖਰਚੇ ਜੋ ਉਸ ਤੋਂ ਬਾਅਦ ਇਕੱਠੇ ਹੋਏ ਹਨ, ਘਟਾ ਕੇ, ਜੇਕਰ ਕੋਈ ਹਨ। |

ਸਥਿਤ ਹੈ। ਸੋਨੂੰ ਸਿੰਘ ਸਪੁੱਤਰ ਲਛਮਣ ਸਿੰਘ ਦੇ ਨਾਮ ਸੇਲ ਡੀਡ ਨੰਬਰ 2021-22/65/1/167 ਮਿਤੀ 09/04/2021 ਦੁਆਰਾ ਖਰੀਦਿਆ ਹੈ। ਉੱਤਰ: 55' ਰੁਲਦੂ ਸਿੰਘ, ਦੱਖਣ: 55 'ਅਣਜਾਣ, ਪੂਰਬ: 27'6" ਸਟਰੀਟ, ਪੱਛਮ: 27'6" ਪ੍ਰੇਮ ਸਿੰਘ। ਨੋਟ: *ਕਰਜ਼ਦਾਰ 25.10.2025 ਨੂੰ 2,04,835.12 ਰੁਪਏ ਦੇ ਓ/ਐਸ ਵਾਲਾ ਮੁਦਰਾ ਲੋਨ ਵੀ ਲੈ ਰਿਹਾ ਹੈ ਜਿਸ ਵਿੱਚ CGTMSE ਦੀ ਗਰੰਟੀ ਕਵਰੇਜ ਹੈ।

ਮਿਤੀ: 02.02.2026 ਸਥਾਨ : ਮਾਨਸਾ ਅਧਿਕਾਰਤ ਅਧਿਕਾਰੀ

# ਪਿੰਡ ਸ਼ੰਕਰ ਵਿਖੇ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ



ਰਾੜਾ ਸਾਹਿਬ, 2 ਫਰਵਰੀ -( ਸੰਜੀਵ ਲਹਿਲ ): ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 649ਵਾਂ ਪ੍ਰਕਾਸ਼ ਦਿਹਾੜਾ ਕਸਬਾ ਰਾੜਾ ਸਾਹਿਬ ਦੇ ਨਾਲ ਲੱਗਦੇ ਘੁਡਾਣੀ, ਘਲੋਟੀ, ਜੀਰਖ, ਭੀਖੀ, ਕਿਲਾਹਾਂਸ, ਸਿਆੜ, ਘਣਗਸ, ਕੁਟਾਹਰੀ, ਬਿਲਾਸਪੁਰ, ਮੁਕੰਦਪੁਰ, ਭੁੱਟਾ, ਲਾਪਰਾਂ,ਲਹਿਲ ਆਦਿ ਪਿੰਡਾਂ ਵਿੱਚ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ 30 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਆਰੰਭ ਕਰਵਾਏ ਗਏ ਇੱਕ ਫਰਵਰੀ ਨੂੰ ਅਖੰਡ ਪਾਠਾਂ ਦੀ ਸਮਾਪਤੀ ਤੋਂ ਬਾਅਦ ਕੀਰਤਨ ਵਿਖਿਆਨ ਕਰਦੇ ਹੋਏ ਮਹਾਂਪੁਰਖਾਂ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸਬੰਧੀ ਚਾਨਣਾ ਪਾਇਆ। ਇਸੇ ਤਰ੍ਹਾਂ ਹੀ ਪਿੰਡ ਸ਼ੰਕਰ ਵਿਖੇ ਸੰਗਤਾਂ ਵੱਲੋਂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਸੰਗਤਾਂ ਦੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ 'ਤੇ ਪ੍ਰਧਾਨ ਮੋਹਨ ਸਿੰਘ, ਡਿਪਟੀ ਡਾਇਰੈਕਟਰ ਖੇਤੀਬਾੜੀ ਨਿਰਮਲ ਸਿੰਘ ਸ਼ੰਕਰ, ਬਲਜਿੰਦਰ ਸਿੰਘ, ਨਿਰਮਲ ਸਿੰਘ ਲੰਬੜਦਾਰ, ਸਾਬਕਾ ਸਰਪੰਚ ਰਣਬੀਰ ਸਿੰਘ ਮਹਿਮੀ, ਸਾਬਕਾ ਸਰਪੰਚ ਅਵਤਾਰ ਸਿੰਘ, ਸਮਾਜ ਸੇਵੀ ਅੰਮ੍ਰਿਤਪਾਲ ਸਿੰਘ ਸ਼ੰਕਰ, ਪੰਚ ਪਲਵਿੰਦਰ ਸਿੰਘ, ਪੰਚ ਗੁਰਦੀਪ ਸਿੰਘ ਮਹਿਮੀ, ਸਤਨਾਮ ਸਿੰਘ ਏ.ਐਸ.ਆਈ., ਪ੍ਰਧਾਨ ਚਰਨ ਸਿੰਘ, ਕੁਲਦੀਪ ਸਿੰਘ ਬਿਜਲੀ ਬੋਰਡ, ਪ੍ਰਧਾਨ ਪ੍ਰੀਤਮ ਸਿੰਘ, ਕ੍ਰਿਸ਼ਨ ਸਿੰਘ ਫੌਜੀ ਬਲੌਰ ਸਿੰਘ, ਮਾਸਟਰ ਵਰਿੰਦਰ ਪਾਲ ਸਿੰਘ, ਹਰਜਿੰਦਰ ਸਿੰਘ ਸੋਢੀ, ਗੁਰਬੀਰ ਸਿੰਘ ਗੁਰੀ, ਅਵਤਾਰ ਸਿੰਘ, ਪਲਜਿੰਦਰ ਸਿੰਘ, ਜਸਪਾਲ ਸਿੰਘ ਗੱਡੂ, ਆਦਿ ਹਾਜ਼ਰ ਸਨ।

ਯੂਨੀਅਨ ਬੈਂਕ ਆਫ ਇੰਡੀਆ ਭਾਰਤ ਸਰਕਾਰ ਦੀ ਅਦਾਰਾ Union Bank of India A Government of India Undertaking

## [ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਯੂਨੀਅਨ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਖਿਲਾਫ਼ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13(4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ ਯੂਨੀਅਨ ਬੈਂਕ ਆਫ ਇੰਡੀਆ ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ (ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ(ਾਂ)/ ਜ਼ਾਮਨ (ਾਂ)/ ਦੇ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ਼ਾਖਾ: ਸਾਹਨੇਵਾਲ ਸ਼ਾਖਾ ਕਰਜ਼ਦਾਰ (ਾਂ) 1(ਏ) ਸ਼੍ਰੀਮਤੀ ਗੋਲਡੀ ਸਿੰਘ ਪੁੱਤਰੀ ਸ਼੍ਰੀ ਮੋਤੀ ਚੰਦ ਸਿੰਘ, ਮਕਾਨ ਨੰਬਰ 1512, ਗਲੀ ਨੰਬਰ- 2, ਸ਼ੇਰਪੁਰ, ਫੌਜੀ ਕਲੋਨੀ, ਫੋਕਲ ਪੁਆਇੰਟ, ਜ਼ਿਲ੍ਹਾ-ਲੁਧਿਆਣਾ (ਪੰਜਾਬ)-141010, ਇਥੇ ਵੀ ਪਿੰਡ- ਸਾਹਨੇਵਾਲ ਨੇੜੇ ਰਾਮਗੜ੍ਹ ਮੇਨ ਰੋਡ, ਨੇੜੇ ਢਿੱਲੋਂ ਪ੍ਰਾਪਰਟੀ ਐਡਵਾਈਜ਼ਰ, ਸਾਹਨੇਵਾਲ ਜ਼ਿਲ੍ਹਾ-ਲੁਧਿਆਣਾ, 1(ਬੀ) ਸ਼੍ਰੀਮਤੀ ਚਿੰਤਾ ਦੇਵੀ ਪਤਨੀ ਮੋਤੀ ਚੰਦ ਸਿੰਘ, ਮਕਾਨ ਨੰਬਰ 1512, ਗਲੀ ਨੰਬਰ-2, ਸ਼ੇਰਪੁਰ, ਫੌਜੀ ਕਲੋਨੀ, ਫੋਕਲ ਪੁਆਇੰਟ, ਜ਼ਿਲ੍ਹਾ-ਲੁਧਿਆਣਾ, ਪੰਜਾਬ-141010,ਇਥੇ ਵੀ ਪਿੰਡ- ਸਾਹਨੇਵਾਲ ਨੇੜੇ ਰਾਮਗੜ੍ਹ ਮੇਨ ਰੋਡ, ਨੇੜੇ ਢਿੱਲੋਂ ਪ੍ਰਾਪਰਟੀ ਐਡਵਾਈਜ਼ਰ, ਸਾਹਨੇਵਾਲ, ਜ਼ਿਲ੍ਹਾ-ਲੁਧਿਆਣਾ ਅਤੇ ਜ਼ਾਮਨ ਸ਼੍ਰੀ ਸਤੀਸ਼ ਕੁਮਾਰ ਸਿੰਘ ਪੁੱਤਰ ਮੋਤੀ ਚੰਦ ਸਿੰਘ, ਮਕਾਨ ਨੰਬਰ 1512, ਗਲੀ ਨੰਬਰ- 2, ਸ਼ੇਰਪੁਰ, ਫੌਜੀ ਕਲੋਨੀ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ -141010, ਇੱਥੇ ਵੀ: ਪਿੰਡ- ਸਾਹਨੇਵਾਲ ਨੇੜੇ ਰਾਮਗੜ੍ਹ ਮੇਨ ਰੋਡ, ਨੇੜੇ ਢਿੱਲੋਂ ਪ੍ਰਾਪਰਟੀ ਐਡਵਾਈਜ਼ਰ, ਸਾਹਨੇਵਾਲ, ਲੁਧਿਆਣਾ। | 72 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, 10 ਕੇ-0 ਐਮ ਦੀ ਕੁੱਲ ਜਾਇਦਾਦ ਵਿੱਚੋਂ 18'X36', ਜੋ ਕਿ ਖਸਰਾ ਨੰਬਰ 51//9/1, 12/2, 93//1/1/2, 10/2, ਖਾਤਾ ਨੰਬਰ 541/573 ਵਿੱਚ ਸ਼ਾਮਲ ਹੈ, ਜਿਵੇਂ ਕਿ ਸਾਲ 2015-15 ਲਈ ਜਮਾਂਬੰਦੀ ਵਿੱਚ ਦਰਸਾਇਆ ਗਿਆ ਹੈ, ਜੋ ਕਿ ਪਿੰਡ ਸਾਹਨੇਵਾਲ ਕਲਾਂ, ਐਚ.ਬੀ. ਨੰਬਰ 227, ਤਹਿਸੀਲ ਸਾਹਨੇਵਾਲ ਜ਼ਿਲ੍ਹਾ-ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸ਼੍ਰੀਮਤੀ ਗੋਲਡੀ ਸਿੰਘ ਪੁੱਤਰੀ ਮੋਤੀ ਚੰਦ ਦੇ ਨਾਮ 'ਤੇ ਵਿਕਰੀ ਡੀਡ (ਦਸਤਾਵੇਜ) ਵਸੀਕਾ ਨੰਬਰ 2019-20/102/1/1058 ਮਿਤੀ 13.02.2017 ਅਨੁਸਾਰ ਸਥਿਤ ਹੈ। ਅਤੇ ਹੱਦਬੰਦੀ ਪੂਰਬ-ਗੁਆਂਢੀ, ਪੱਛਮ-ਰਸਤਾ, ਉੱਤਰ-ਗੁਆਂਢੀ, ਦੱਖਣ-ਗੁਆਂਢੀ ਹਨ। CERSAI ਸੁਰੱਖਿਆ ਵਿਆਜ ਆਈਡੀ: 400031112878, ਸੰਪਤੀ ਆਈਡੀ: 200031062264 | 09/09/2025 | 29/01/2026 | Rs. 14,84,482.02 ਅਤੇ ਵਿਆਜ ਸਮੇਤ |
| ਸ਼ਾਖਾ: ਫੀਲਡ ਗੰਜ ਲੁਧਿਆਣਾ ਸ਼ਾਖਾ ਕਰਜ਼ਦਾਰਾਂ 1(ਏ) ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸਤਿੰਦਰ ਸਿੰਘ, ਵਾਰਡ ਨੰ: 08, ਗਲੀ ਨੰ- 7/9, ਟਿੱਬਾ ਰੋਡ, ਬਸਤੀ ਜੋਧੇਵਾਲ, ਸਤਵੰਤਰ ਸਕੂਲ ਨੇੜੇ, ਪ੍ਰੇਮ ਵਿਹਾਰ, ਜ਼ਿਲ੍ਹਾ ਲੁਧਿਆਣਾ (ਪੰਜਾਬ)-141007, ਇੱਥੇ ਵੀ: ਗਲੀ ਨੰ- 2, ਪ੍ਰੇਮ ਵਿਹਾਰ, ਪਿੰਡ ਕੁਲਿਆਵਾਲ, ਲੁਧਿਆਣਾ (1)(ਬੀ) ਗਗਨਦੀਪ ਕੌਰ ਪਤਨੀ ਸ਼੍ਰੀ ਬਲਵਿੰਦਰ ਸਿੰਘ, ਵਾਰਡ ਨੰ-08, ਗਲੀ ਨੰ-7/9, ਟਿੱਬਾ ਰੋਡ, ਬਸਤੀ ਜੋਧੇਵਾਲ, ਸਤਵੰਤਰ ਸਕੂਲ ਨੇੜੇ, ਪ੍ਰੇਮ ਵਿਹਾਰ, ਜ਼ਿਲ੍ਹਾ ਲੁਧਿਆਣਾ (ਪੰਜਾਬ)- 141007, ਇੱਥੇ ਵੀ: ਗਲੀ ਨੰ- 2, ਪ੍ਰੇਮ ਵਿਹਾਰ, ਪਿੰਡ- ਕੁਲਿਆਵਾਲ, ਲੁਧਿਆਣਾ | ਕੁੱਲ 350 ਵਰਗ ਗਜ਼ ਦੀ ਜਾਇਦਾਦ ਵਿੱਚੋਂ 100 ਵਰਗ ਗਜ਼ ਦੀ ਜਾਇਦਾਦ/ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ 14//3/2/1, 7/2,8/1/2, 13, 14/1, 15/1, 16/2, 17, 18/1, 25/2, ਖਾਤਾ ਨੰਬਰ 234/235, 235/236, 236/237 ਵਿੱਚ ਸ਼ਾਮਲ, ਸਾਲ 2006-07 ਦੀ ਜਮਾਂਬੰਦੀ ਅਨੁਸਾਰ, ਵਿਕਰੀ ਡੀਡ ਵਸੀਕਾ ਨੰਬਰ 2023-24/106/1/90 ਮਿਤੀ 03/04/2023 ਅਨੁਸਾਰ ਕੁੱਲੀਆਵਾਲ, ਐੱਚ ਬੀ ਨੰਬਰ 178, ਅਬਾਦੀ ਪ੍ਰੇਮ ਵਿਹਾਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਹੱਦਬੰਦੀ ਪੂਰਬ-ਗੁਆਂਢੀ ਗੁਰਮੀਤ ਕੌਰ ਦਾ ਮਕਾਨ 46'-0", ਪੱਛਮ- ਗੁਰਮੀਤ ਕੌਰ 46'-0", ਉੱਤਰ-ਪੈਸੇਜ 19'-6", ਦੱਖਣ: ਖਾਲੀ ਪਲਾਟ 19'-6", CERSAI ਸੁਰੱਖਿਆ ਵਿਆਜ ਆਈਡੀ: 400092850276, ਸੰਪਤੀ ਆਈਡੀ: 200095036019 | 30/05/2025 | 28/01/2026 | Rs. 20,58,405.56 ਅਤੇ ਵਿਆਜ ਸਮੇਤ |
| ਸ਼ਾਖਾ: ਫਿਰੋਜ਼ਪੁਰ ਸ਼ਾਖਾ ਕਰਜ਼ਦਾਰ ਸ੍ਰੀ ਜਗਤਾਰ ਸਿੰਘ ਪੁੱਤਰ ਸ੍ਰੀ ਸ਼ਿੰਗਾਰਾ ਸਿੰਘ, ਗਲੀ ਨੰ. 2, ਵਾਰਡ ਨੰ. 10, ਫਿਰੋਜ਼ਪੁਰ ਸਿਟੀ ਅਤੇ ਦਿ ਜ਼ਾਮਨ/ਾਂ 2(ਏ) ਸ੍ਰੀ ਅਮਰੀਕ ਸਿੰਘ ਪੁੱਤਰ ਸ੍ਰੀ ਦਲਬੀਰ ਸਿੰਘ, ਪਿੰਡ ਮੱਲਵਾਲ ਕਦੀਮ, ਤਹਿਸੀਲ ਅਤੇ ਜ਼ਿਲ੍ਹਾ: ਫਿਰੋਜ਼ਪੁਰ 2(ਬੀ) ਸ਼੍ਰੀਮਤੀ ਹਰਪ੍ਰੀਤ ਕੌਰ ਪਤਨੀ ਸ਼੍ਰੀ ਜਗਤਾਰ ਸਿੰਘ, ਗਲੀ ਨੰ.2, ਵਾਰਡ ਨੰ.10, ਫਿਰੋਜ਼ਪੁਰ ਸ਼ਹਿਰ | 10 ਮਰਲੇ ਦੇ ਪਲਾਟ 'ਤੇ ਬਣਿਆ ਹੋਇਆ ਕੁੱਲ ਖੇਵਟ ਨੰਬਰ 2593 ਦੇ 16 ਕਨਾਲ 14 ਮਰਲੇ ਜ਼ਮੀਨ ਦੇ 180/6012 ਹਿੱਸੇ ਵਾਲੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਬਾਬਾ ਰਾਮ ਲਾਲ ਨਗਰ, ਫਿਰੋਜ਼ਪੁਰ ਸ਼ਹਿਰ ਦੇ ਖੇਤਰ ਵਿੱਚ ਸਥਿਤ ਹੈ ਜੋ ਕਿ ਟਰਾਂਸਫਰ ਡੀਡ ਵਸੀਕਾ ਨੰਬਰ 2853 ਮਿਤੀ 19.09.2017 ਅਨੁਸਾਰ ਸ਼੍ਰੀ ਜਗਤਾਰ ਸਿੰਘ ਦੇ ਨਾਮ 'ਤੇ ਦਰਜ ਹੈ ਅਤੇ ਹੱਦਬੰਦੀ ਪੂਰਬ- ਮੁਖਤਿਆਰ ਸਿੰਘ ਬਹੀ 61'3", ਪੱਛਮ- ਸ਼ਮਸ਼ੇਰ ਸਿੰਘ ਬਹੀ 44'9", ਉੱਤਰ- ਪ੍ਰਤਾਪ ਸਿੰਘ ਬਹੀ 41'4", ਦੱਖਣ- ਗਲੀ 71'9"। CERSAI ਸੁਰੱਖਿਆ ਵਿਆਜ ID: 400017670840, ਸੰਪਤੀ ID: 200017631851 | 29/09/2025 | 31/01/2026 | Rs. 9,81,602.61 ਅਤੇ ਵਿਆਜ ਸਮੇਤ |
| ਸ਼ਾਖਾ: ਫਿਰੋਜ਼ਪੁਰ ਰੋਡ ਲੁਧਿਆਣਾ ਕਰਜ਼ਦਾਰ 1(ਏ) ਸ਼੍ਰੀਮਤੀ ਮੀਨਾ ਕੁਮਾਰੀ ਪਤਨੀ ਸ਼੍ਰੀ ਨੇਕੀ ਰਾਮ, ਮਕਾਨ ਨੰਬਰ-ਬੀ-3/1478, ਵਾਰਡ ਨੰ.-9, ਸਾਹਨੇਵਾਲ ਖੁਰਦ, ਜ਼ਿਲ੍ਹਾ- ਲੁਧਿਆਣਾ, ਪੰਜਾਬ- 141120, 1(ਬੀ) ਸ਼੍ਰੀ ਨੇਕੀ ਰਾਮ ਪੁੱਤਰ ਬਰਮ ਸਿੰਘ, ਵਾਰਡ ਨੰ-9, ਨੇੜਲਾ, ਸ਼ੀਲੋ ਵਾਲਾ ਡੇਰਾ ਡੇਹਲੋਂ ਰੋਡ ਸਾਹਨੇਵਾਲ ਖੁਰਦ, ਜ਼ਿਲ੍ਹਾ- ਲੁਧਿਆਣਾ, ਪੰਜਾਬ-141120 | ਸਾਹਨੇਵਾਲ ਕਲਾਂ-1, ਲੁਧਿਆਣਾ ਵਿਖੇ ਸਥਿਤ 46.25 ਵਰਗ ਗਜ਼ ਦੇ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਾਤਾ ਨੰਬਰ- 637/616/670, ਖਸਰਾ ਨੰਬਰ 111//14,15, 112//1/1/1,10, 11/1 ਵਿੱਚ ਸ਼ਾਮਲ ਹੈ, ਜਿਵੇਂ ਕਿ ਸਾਲ 2010-11 ਲਈ ਪਿੰਡ ਸਾਹਨੇਵਾਲ ਕਲਾਂ, ਹੱਦਬਸਤ ਨੰਬਰ 227, ਤਹਿਸੀਲ ਅਤੇ ਜ਼ਿਲ੍ਹਾ- ਲੁਧਿਆਣਾ (ਪੰਜਾਬ) ਦੀ ਜਮਾਂਬੰਦੀ ਵਿੱਚ ਦਰਜ ਹੈ, ਜੋ ਕਿ ਦਸਤਾਵੇਜ਼ ਨੰਬਰ- 2019-20/102/1/1469 ਮਿਤੀ 03.07.2019 ਅਨੁਸਾਰ ਸ਼੍ਰੀਮਤੀ ਮੀਨਾ ਕੁਮਾਰੀ ਦੇ ਨਾਮ 'ਤੇ ਦਰਜ ਹੈ। ਹੱਦਬੰਦੀ ਪੂਰਬ- ਗੁਆਂਢੀ 22'6", ਪੱਛਮ- ਗੁਆਂਢੀ 22'6", ਉੱਤਰ- ਰਸਤਾ 22' ਚੌੜਾ, ਦੱਖਣ- ਗੁਆਂਢੀ 18'6" CERSAI ਸੁਰੱਖਿਆ ਵਿਆਜ ਆਈਡੀ: 400032235634, ਸੰਪਤੀ ਆਈਡੀ: 200032182872 | 08/09/2025 | 29/01/2026 | Rs. 5,68,114.28 ਅਤੇ ਵਿਆਜ ਸਮੇਤ |
| ਸ਼ਾਖਾ: ਫੋਕਲ ਪੁਆਇੰਟ ਲੁਧਿਆਣਾ ਸ਼ਾਖਾ ਕਰਜ਼ਦਾਰਾਂ ਮੈਸਰਜ਼ ਆਰ.ਕੇ. ਹੌਜ਼ਰੀ ਵਰਕਸ (ਪ੍ਰੋਪ) ਸ਼੍ਰੀ ਗੌਤਮ ਗੰਭੀਰ, ਮਕਾਨ ਨੰ. 628-ਬੀ, ਮਹਿਮੂਦਪੁਰਾ, ਵਿਸ਼ਨੂੰ ਮੰਦਰ ਦੇ ਸਾਹਮਣੇ, ਡਿਵੀਜ਼ਨ ਨੰ. 3 ਦੇ ਨੇੜੇ, ਲੁਧਿਆਣਾ-141001 ਇਸ ਤੋਂ ਇਲਾਵਾ: ਮਕਾਨ ਨੰ. 628 ਬੀ, ਮਹਿਮੂਦਪੁਰ, ਲੁਧਿਆਣਾ- 141010, (ਅ) ਸ਼੍ਰੀ ਗੌਤਮ ਗੰਭੀਰ ਪੁੱਤਰ ਸ਼੍ਰੀ ਮੁਕੇਸ਼ ਗੰਭੀਰ, ਮਕਾਨ ਨੰ. 628-ਬੀ, ਮਹਿਮੂਦਪੁਰਾ, ਵਿਸ਼ਨੂੰ ਮੰਦਰ ਦੇ ਸਾਹਮਣੇ, ਡਿਵੀਜ਼ਨ ਨੰ. 3 ਦੇ ਨੇੜੇ, ਲੁਧਿਆਣਾ- 141001, ਇਸ ਤੋਂ ਇਲਾਵਾ: ਮਕਾਨ ਨੰ. ਬੀ-5-723, ਤਿਲਕ ਨਗਰ, ਲੁਧਿਆਣਾ-141010 ਅਤੇ ਜ਼ਾਮਨ (1) ਸ਼੍ਰੀਮਤੀ ਆਸ਼ੂ ਗੰਭੀਰ ਪਤਨੀ ਸ਼੍ਰੀ ਮੁਕੇਸ਼ ਗੰਭੀਰ, ਮਕਾਨ ਨੰ. 628-ਬੀ, ਮਹਿਮੂਦਪੁਰਾ, ਵਿਸ਼ਨੂੰ ਮੰਦਰ ਦੇ ਸਾਹਮਣੇ, ਡਿਵੀਜ਼ਨ ਨੰ. 3 ਦੇ ਨੇੜੇ, ਲੁਧਿਆਣਾ- 141001 ਇਸ ਤੋਂ ਇਲਾਵਾ: ਮਕਾਨ ਨੰ. ਬੀ-5-723, ਤਿਲਕ ਨਗਰ, ਲੁਧਿਆਣਾ- 141010, (2) ਸ਼੍ਰੀਮਤੀ ਰੇਖਾ ਗੰਭੀਰ ਪਤਨੀ ਸ਼੍ਰੀ ਗਗਨੇਸ਼, ਮਕਾਨ ਨੰ. ਨੰ-67, ਨਿਊ ਕਿਦਵਈ ਨਗਰ, ਲੁਧਿਆਣਾ-141001 | 50 ਵਰਗ ਗਜ਼ ਦਾ ਮਕਾਨ ਕਾਰਪੋਰੇਸ਼ਨ ਨੰਬਰ- 2-6-628/1 ਵਾਲੀ ਅਚੱਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਲੁਧਿਆਣਾ ਸ਼ਹਿਰ, ਮੁਹੱਲਾ ਮਹਿਮੂਦਪੁਰਾ ਵਜੋਂ ਜਾਣਿਆ ਜਾਂਦਾ, ਲੁਧਿਆਣਾ ਵਿਖੇ ਸਥਿਤ ਹੈ, ਵਿਕਰੀ ਡੀਡ ਵਸੀਕਾ ਨੰਬਰ-24957 ਮਿਤੀ 02.03.2012 ਦੇ ਆਧਾਰ 'ਤੇ ਅਤੇ ਗੂਗਲ ਮੈਪ ਦੇ ਅਨੁਸਾਰ, ਜਾਇਦਾਦ ਜਾਇਦਾਦ ਨੰਬਰ V1628, ਮਹਿਮੂਦ ਪੁਰੀ, ਵਿਸ਼ਨੂੰ ਮੰਦਰ ਦੇ ਸਾਹਮਣੇ, ਪੁਰਾਣੀ ਮਾਧੋਪੁਰੀ ਰੋਡ, ਟੇਸਿਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਪੂਰਬ- ਸ਼ੇਰੀ ਲਾਲ 21'-2.5", ਪੱਛਮ- 21'-2.5", ਗਲੀ 21'-2.5", ਉੱਤਰ- ਰਾਮ ਦੁਲਾਰੀ 21'-3", ਦੱਖਣ- ਚਰਨਜੀਤ 21'-3" CERSAI ਸੁਰੱਖਿਆ ਵਿਆਜ ID: 400017702503, ਸੰਪਤੀ ID: 200017663431 | 11/09/2025 | 30/01/2026 | Rs. 23,03,363.18 ਅਤੇ ਵਿਆਜ ਸਮੇਤ |
| ਸ਼ਾਖਾ: ਫੋਕਲ ਪੁਆਇੰਟ ਲੁਧਿਆਣਾ ਸ਼ਾਖਾ ਕਰਜ਼ਦਾਰਾਂ ਮੈਸਰਜ਼ ਡੀ.ਆਰ. ਇੰਟਰਨੈਸ਼ਨਲ ਪ੍ਰੋਪ ਸ਼੍ਰੀ ਲਲਿਤ ਕੁਮਾਰ, ਬਾਪੂ ਮਾਰਕੀਟ ਨੇੜੇ ਐਮ.ਕੇ. ਸਕੂਲ, ਲੋਹਾਰਾ ਕਲੋਨੀ, ਗਲੀ ਨੰ- 6, ਲੁਧਿਆਣਾ ਪੰਜਾਬ-141010, ਅਤੇ ਜ਼ਾਮਨ ਸ਼੍ਰੀ ਲਲਿਤ ਕੁਮਾਰ ਪੁੱਤਰ ਸ਼੍ਰੀ ਦਯਾ ਰਾਮ, ਮਕਾਨ ਨੰ- 15, ਗਲੀ ਨੰ- 6, ਆਬਾਦੀ ਲੋਹਾਰਾ ਕਲੋਨੀ, ਸਟਾਰ ਰੋਡ, ਬਾਪੂ ਮਾਰਕੀਟ ਨੇੜੇ, ਸੁਖਮਨੀ ਫਰਨੀਚਰ ਵਾਲੀ ਗਲੀ, ਪਿੰਡ ਲੋਹਾਰਾ, ਨਹਿਰ ਰੋਡ, ਲੁਧਿਆਣਾ-141016 (ii) ਸ਼੍ਰੀਮਤੀ ਗਿਆਨਵੰਤੀ ਪਤਨੀ ਸ਼੍ਰੀ ਦਯਾ ਰਾਮ, ਮਕਾਨ ਨੰਬਰ 15, ਗਲੀ ਨੰ- 6, ਆਬਾਦੀ ਲੋਹਾਰਾ ਕਲੋਨੀ, ਸਟਾਰ ਰੋਡ, ਬਾਪੂ ਮਾਰਕੀਟ ਨੇੜੇ, ਸੁਖਮਨੀ ਫਰਨੀਚਰ ਵਾਲੀ ਗਲੀ, ਪਿੰਡ ਲੋਹਾਰਾ, ਨਹਿਰ ਰੋਡ, ਲੁਧਿਆਣਾ-141016 | 71 ਵਰਗ ਗਜ਼ ਦੀ ਅਚੱਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਸਰਾ ਨੰਬਰ- 595, 595/1, 597, 598/1, 594, ਖਾਤਾ ਨੰਬਰ 190/227, 191/228 ਵਿੱਚ ਸ਼ਾਮਲ ਹਨ ਜਿਵੇਂ ਕਿ ਸਾਲ 2009-10 ਲਈ ਜਮਾਂਬੰਦੀ ਵਿੱਚ ਦਿਖਾਇਆ ਗਿਆ ਹੈ, ਜੋ ਕਿ ਵਿਕਰੀ ਡੀਡ ਵਾਸਿਕਾ ਨੰਬਰ 2019-20/103/1/6995 ਮਿਤੀ 06.09.2019 ਅਨੁਸਾਰ ਪਿੰਡ ਲੋਹਾਰਾ, ਐਚ.ਬੀ. ਨੰਬਰ-260, ਆਬਾਦੀ ਲੋਹਾਰਾ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ ਹੈ, ਅਤੇ ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ- ਗਲੀ 17', ਪੱਛਮ- ਗੁਆਂਢੀ 17', ਉੱਤਰ- ਗੁਆਂਢੀ 37-1/2', ਦੱਖਣ- ਗੁਆਂਢੀ 37-1/2'। CERSAI ਸੁਰੱਖਿਆ ਵਿਆਜ ਆਈਡੀ: 400092626725, ਸੰਪਤੀ ਆਈਡੀ: 200363645152। | 03/10/2025 | 30/01/2026 | Rs. 25,51,909.51 ਅਤੇ ਵਿਆਜ ਸਮੇਤ |

ਮਿਤੀ : 28.01.2026 ਸਹੀ/- ਅਧਿਕਾਰਤ ਅਧਿਕਾਰੀ

ADITYA BIRLA CAPITAL PROTECTING INVESTING FINANCING ADVISING

## ਅਦਿਤਯ ਬਿਰਲਾ ਕੈਪੀਟਲ ਲਿਮਟਿਡ

ਪੰਜੀਕ੍ਰਿਤ ਦਫਤਰ : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266

ਕਾਰਪੋਰੇਟ ਦਫਤਰ : 12ਵੀਂ ਮੰਜ਼ਿਲ, ਆਰ ਟੈਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਓਂ (ਪੂਰਬ), ਮੁੰਬਈ-400 063, ਮਹਾਂਰਾਸ਼ਟਰਾ

### ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 30 ਰੋਜ਼ਾ ਨਿਲਾਮੀ ਵਿਕਰੀ ਸੂਚਨਾ

24.03.2025 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ-ਅਹਿਮਦਾਬਾਦ ਵੱਲੋਂ ਜਾਰੀ ਆਦੇਸ਼ ਵਿਚ ਪੂਰੀ ਤਰ੍ਹਾਂ ਦਰਜ ਰਲੇਵਾਂ ਯੋਜਨਾ ਮਿਤੀ 11.03.2024 ਦੇ ਅਧੀਨ ਆਦਿਤਯ ਬਿਰਲਾ ਫਾਇਨੈਂਸ ਲਿਮ. ਅਤੇ ਆਦਿਤਯ ਬਿਰਲਾ ਕੈਪੀਟਲ ਲਿਮ. ਵਿਚਾਲੇ ਰਲੇਵੇਂ ਦੇ ਸਬੰਧ ਵਿਚ, ਦਰਸਾਈ ਗਿਰਵੀ ਸੰਪੱਤੀ ਦੇ ਸਬੰਧ ਵਿਚ ਆਦਿਤਯ ਬਿਰਲਾ ਫਾਇਨੈਂਸ ਲਿਮ. ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਸਰਫਾਇਸੀ ਕਾਰਵਾਈਆਂ ਰਲਾਈ ਗਈ ਕੰਪਨੀ ਅਦਿਤਯ ਬਿਰਲਾ ਕੈਪੀਟਲ ਲਿਮ. ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ। ਤ

ਇਸ ਅਨੁਸਾਰ ਅਦਿਤਯ ਬਿਰਲਾ ਕੈਪੀਟਲ ਲਿਮ./ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਨੇ ਨਿਮਨਲਿਖਤ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਤੋਂ ਅਗਲੇਰੀਆਂ ਫੀਸਾਂ ਅਤੇ ਲਾਗਤ ਸਮੇਤ ਨਿਮਨ ਦਰਸਾਏ ਬਕਾਇਆ ਦੇ ਲਈ ਸੁਰੱਖਿਅਤ ਕਰਜ਼ਦਾਤਾ ਦੇ ਸੁਰੱਖਿਅਤ ਕਰਜ਼ਿਆਂ ਦੀ ਵਸੂਲੀ ਲਈ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੀ ਧਾਰਾ 13 (2) ਦੇ ਅਧੀਨ ਜਾਰੀ ਸੂਚਨਾ ਦੀ ਨਿਰੰਤਰਤਾ ਵਿਚ ਨਿਮਨਲਿਖਤ ਸੁਰੱਖਿਅਤ ਅਸਾਸਿਆਂ ਦਾ ਕਬਜ਼ਾ ਲੈ ਲਿਆ ਸੀ। ਇਸ ਦੁਆਰਾ ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਅਦਿਤਯ ਬਿਰਲਾ ਕੈਪੀਟਲ ਲਿਮਟਿਡ ਵੱਲ ਬਕਾਇਆ ਕਰਜ਼ਿਆਂ ਦੀ ਭਰਪਾਈ ਦੇ ਲਈ ਨਿਮਨ ਲਿਖਤ ਸੰਪੱਤੀ ਦੀ ਈ-ਨਿਲਾਮੀ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉੱਥੇ ਹੈ" ਅਧਾਰ 'ਤੇ ਆਯੋਜਿਤ ਕੀਤੀ ਜਾਵੇਗੀ।

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 05.03.2026, ਸਵੇਰੇ 11.00 ਵਜੇ ਤੋਂ ਬਾ. ਦੁ. 01.00 ਵਜੇ ਦੇ ਵਿਚਾਲੇ**
**ਕੇਵਾਈਸੀ ਅਤੇ ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ : 04.03.2026**

| ਲ. ਨੰ. | ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਦਾ ਨਾਮ | ਸੰਪੱਤੀਆਂ/ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਤੇ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. 'ਚ)/ਵਾਧਾ ਲਾਗਤ (ਰੁ. 'ਚ) | ਮੰਗ ਸੂਚਨਾ ਦੀ ਮਿਤੀ ਅਤੇ ਕੁੱਲ ਰਕਮ |
|---|---|---|---|---|---|
| 1. | 1. ਸ਼੍ਰੀ ਮਨਿੰਦਰ ਸਿੰਘ ਪੁੱਤਰ ਚਿਮਨ ਸਿੰਘ 2. ਸ਼੍ਰੀਮਤੀ ਬਬਲੀ ਕੁਮਾਰੀ, ਪਤਨੀ ਮਨਿੰਦਰ ਸਿੰਘ Lan: ABN_PSTS000000843001 | ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 10.11 ਮਰਲੇ ਬੇਅਰਿੰਗ ਖਸਰਾ ਨੰਬਰ 1369(0-14), 1370(4-18), 2872/1373(2-6), 2874/1373(0-13), 2875/1373(0-5), 2877/1373(0-5), 2878/1373(1-9), 2879/1373(2-0), 2880/1973(0-6), 2882/1373(0-13), 2883/1373(0-2), 2885/1373(1-4), 2868/1372(1-12), 2869/1372(0-8), 2871/1372(2-2), 1371(6-2) ਮਿਨ ਪਿੰਡ-ਮਨਵਾਲ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ ਵਿਖੇ ਸਥਿਤ ਅਤੇ ਮੌਕਾ ਪਟਵਾਰੀ ਰਿਪੋਰਟ ਅਨੁਸਾਰ ਹੱਦਾਂ ਇਸ ਪ੍ਰਕਾਰ ਹਨ: ਪੂਰਬ: ਗਲੀ 18 ਫੁੱਟ ਚੌੜੀ; 32'6", ਪੱਛਮ: ਦਰਸ਼ਨਾ ਦੇਵੀ ਦਾ ਮਕਾਨ; 32'6", ਉੱਤਰ: ਖਾਲੀ ਪਲਾਟ; 70', ਦੱਖਣ: ਖਾਲੀ ਪਲਾਟ; 70' | Rs. 14,87,000/- (ਰੁ. ਚੌਦਾਂ ਲੱਖ ਸਤਾਸੀ ਹਜ਼ਾਰ ਕੇਵਲ) | Rs. 1,48,700/- (ਰੁ. ਇਕ ਲੱਖ ਅਠਤਾਲੀ ਹਜ਼ਾਰ ਸੱਤ ਸੌ ਕੇਵਲ) Rs. 25,000/- (ਰੁ. ਪੱਚੀ ਹਜ਼ਾਰ ਕੇਵਲ) | 06.08.2025 & Rs. 24,87,879.06/- (ਰੁ. ਚੌਵੀ ਲੱਖ ਸਤਾਸੀ ਹਜ਼ਾਰ ਅੱਠ ਸੌ ਉਣਾਸੀ ਅਤੇ ਛੇ ਪੈਸੇ ਕੇਵਲ) 05.08.2025 ਅਨੁਸਾਰ ਬਕਾਇਆ |
| 2. | 1. ਸ਼੍ਰੀ ਅਮਿਤ ਭਾਰਦਵਾਜ ਪੁੱਤਰ ਸ਼੍ਰੀ ਰਜਿੰਦਰ ਕੁਮਾਰ, 2. ਸ਼੍ਰੀਮਤੀ ਸਨੇਹ ਲਤਾ ਪਤਨੀ ਰਜਿੰਦਰ ਕੁਮਾਰ 3. ਮੈਸ. ਆਰ.ਕੇ. ਇੰਟਰਪ੍ਰਾਈਜ਼ਿਜ਼ ਇਸਦੇ ਪ੍ਰੋਪਰਾਈਟਰ ਸ਼੍ਰੀ ਅਮਿਤ ਭਾਰਦਵਾਜ ਦੁਆਰਾ 4. ਸ਼੍ਰੀਮਤੀ ਚੰਚਾ ਭਾਰਦਵਾਜ ਪਤਨੀ ਸ਼੍ਰੀ ਅਮਿਤ ਭਾਰਦਵਾਜ Lan: ABLDHSTS000000643699 | 198 ਵਰਗ ਗਜ਼ ਦੇ ਇੱਕ ਪਲਾਟ ਦਾ ਸਾਰਾ ਟੁਕੜਾ ਅਤੇ ਪਾਰਸਲ, ਸਾਲ 1989-90 ਲਈ ਖਸਰਾ ਨੰਬਰ 817, ਖਾਤਾ ਨੰਬਰ 116/162, ਜਮ੍ਹਾਂਬੰਦੀ ਅਨੁਸਾਰ, ਪਿੰਡ ਲੋਹਾਰਾ, ਐਚ.ਬੀ. ਨੰਬਰ 260, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ 17153 ਮਿਤੀ 04/12/1991 ਅਨੁਸਾਰ। ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ: ਵਿਕਰੇਤਾ - 49'-6", ਪੱਛਮ: ਵਿਕਰੇਤਾ - 49'-6", ਉੱਤਰ: ਗਲੀ ਚੌੜੀ - 20' 36'-0", ਦੱਖਣ: ਵਿਕਰੇਤਾ - 36'-0" | Rs. 26,05,000/- (ਰੁ. ਛੱਬੀ ਲੱਖ ਪੰਜ ਹਜ਼ਾਰ ਕੇਵਲ) | Rs. 2,60,500/- (ਰੁ. ਦੋ ਲੱਖ ਸੱਠ ਹਜ਼ਾਰ ਪੰਜ ਸੌ ਕੇਵਲ) Rs. 25,000/- (ਰੁ. ਪੱਚੀ ਹਜ਼ਾਰ ਕੇਵਲ) | 09.10.2025 & Rs. 24,64,727/- (ਰੁ. ਚੌਵੀ ਲੱਖ ਚੌਂਹਠ ਹਜ਼ਾਰ ਸੱਤ ਸੌ ਸਤਾਈ ਕੇਵਲ) 08.10.2025 ਅਨੁਸਾਰ ਬਕਾਇਆ |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ / ਸੁਰੱਖਿਅਤ ਲੈਣਦਾਰ ਦੀ ਵੈੱਬਸਾਈਟ https://abfl.adityabirlacapital.com/Pages/Individual/ Properties-for-Auction-under-SARFAESI-Act.aspx ਜਾਂ https://BidDeal.in ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। ਸੰਪਰਕ ਨੰਬਰ: ਆਦਿਤਿਆ ਬਿਰਲਾ ਕੈਪੀਟਲ ਲਿਮਟਿਡ, ਅਧਿਕਾਰਤ ਅਧਿਕਾਰੀ ਪੁਨੀਤ ਸਿੰਘ (9720029337), ਅਪੂਰਵਾ ਢੰਬੀ (9930909725), ਵੇਦ ਪ੍ਰਕਾਸ਼ ਮਿਸ਼ਰਾ (9004026790), ਮੋਹਿਤ ਸ਼ਰਮਾ (9873913955), ਕੌਮਲ ਪਾਟਿਲ (9867895795), ਜਹਿਰੂਲ ਲਸਕਰ (9706003075) ਕੁੰਦਨ ਸਿੰਘ (7508702669)

ਸਹੀ/- ਅਧਿਕਾਰਤ ਅਧਿਕਾਰੀ ਆਦਿਤਯ ਬਿਰਲਾ ਕੈਪੀਟਲ ਲਿਮਟਿਡ

ਸਥਾਨ : ਪਠਾਨਕੋਟ/ਲੁਧਿਆਣਾ, ਪੰਜਾਬ
ਮਿਤੀ : 03.02.2026

ਯੂਨੀਅਨ ਬੈਂਕ ਆਫ ਇੰਡੀਆ ਭਾਰਤ ਸਰਕਾਰ ਦਾ ਅਦਾਰਾ Union Bank of India A Government of India Undertaking

ਖੇਤਰੀ ਦਫ਼ਤਰ : ਐਸਸੀਓ 113-114, ਦੂਜੀ ਅਤੇ ਤੀਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼ 2, ਜਲੰਧਰ

## ਅਚੱਲ ਸੰਪੱਤੀਆਂ ਦੀ ਵਿਕਰੀ ਲਈ ਮੁੜ ਪ੍ਰਾਪਤੀ ਸਹਿ ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਲਾਗੂਕਰਨ ਐਕਟ, 2002 ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਮੁਕਤੀ ਕਮ ਈ-ਆਕਸ਼ਨ ਵਿਕਰੀ ਨੋਟਿਸ

ਨਿਲਾਮੀ ਦੇ ਅੰਤਮ ਸਮੇਂ ਤੋਂ ਪਹਿਲਾਂ ਈਐਮਡੀ ਜਮ੍ਹਾਂ ਕੀਤੀ ਜਾਵੇਗੀ ਅਤੇ ਈਐਮਡੀ ਰਕਮ ਨੂੰ ਪ੍ਰਾਪਰਟੀ ਆਈਡੀ ਨਾਲ ਲਿੰਕ/ਮੈਪ ਕੀਤਾ ਜਾਵੇਗਾ।

ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ(ਆਂ) ਅਤੇ ਗਾਰੰਟਰ(ਆਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ ਹੈ/ਚਾਰਜ ਕੀਤੀ ਗਈ ਹੈ, ਜਿਸਦਾ ਉਸਾਰੂ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ਼ ਇੰਡੀਆ ਦੇ ਅਧਿਕਾਰਤ ਅਧਿਕਾਰੀ (ਸੁਰੱਖਿਅਤ ਲੈਣਦਾਰ) ਦੁਆਰਾ ਲਿਆ ਗਿਆ ਹੈ, ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਹੇਠਾਂ ਦੱਸੀ ਗਈ ਮਿਤੀ ਨੂੰ ਜੋ ਕੁਝ ਵੀ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰ(ਆਂ) ਅਤੇ ਜ਼ਾਮਨ(ਾਂ) ਤੋਂ ਯੂਨੀਅਨ ਬੈਂਕ ਆਫ਼ ਇੰਡੀਆ ਨੂੰ ਦਿੱਤੇ ਗਏ ਬਕਾਏ ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਅਰਨੇਸਟ ਮਨੀ ਡਿਪਾਜ਼ਿਟ ਦਾ ਵੀ ਇੱਥੇ ਜ਼ਿਕਰ ਕੀਤਾ ਗਿਆ ਹੈ:

**1.** 12, ਪਰਮ ਮਾਰਕਿਟ, ਸਰਕਟ ਹਾਊਸ ਰੋਡ, ਸਿਵਲ ਲਾਈਨਜ਼, ਜਲੰਧਰ ਸ਼ਹਿਰ, ਪਿੰਨ ਕੋਡ 144001, ਈਮੇਲ : **ubin0530832@unionbankofindia.bank.in**

ਕਰਜ਼ਦਾਰ(ਾਂ) ਦਾ ਨਾਮ: 1. ਸ੍ਰੀ ਦਵਿੰਦਰ ਸਿੰਘ ਗੰਭੀਰ ਪੁੱਤਰ ਦਰਸ਼ਨ ਸਿੰਘ ਗੰਭੀਰ। 2. ਸ਼੍ਰੀਮਤੀ ਜਤਿੰਦਰ ਕੌਰ ਗੰਭੀਰ ਪਤਨੀ ਦਵਿੰਦਰ ਸਿੰਘ ਗੰਭੀਰ। 3. ਸ਼੍ਰੀ ਹਰਜੀਤ ਸਿੰਘ ਗੰਭੀਰ ਪੁੱਤਰ ਸ਼੍ਰੀ ਦਰਸ਼ਨ ਸਿੰਘ ਗੰਭੀਰ। 4. ਸ੍ਰੀ ਮਨਕੀਰਤ ਸਿੰਘ ਪੁੱਤਰ ਦਵਿੰਦਰ ਸਿੰਘ ਗੰਭੀਰ। 5. ਸ਼੍ਰੀਮਤੀ ਰਸ਼ਪ੍ਰੀਤ ਗੰਭੀਰ ਸਪੁੱਤਰੀ ਸ਼੍ਰੀ ਦਵਿੰਦਰ ਸਿੰਘ ਗੰਭੀਰ, ਮਕਾਨ ਨੰ. 450, ਗੁਰੂ ਤੇਗ ਬਹਾਦਰ ਨਗਰ, ਜਲੰਧਰ, ਪੰਜਾਬ

ਬਕਾਇਆ: 3,70,35,765.58 ਰੁਪਏ (ਤਿੰਨ ਕਰੋੜ ਸੱਤਰ ਲੱਖ ਪੈਂਤੀ ਹਜ਼ਾਰ ਸੱਤ ਸੌ ਪੈਂਹਠ ਅਤੇ ਅਠਵੰਜਾ ਪੈਸੇ ਕੇਵਲ) ਡਿਮਾਂਡ ਨੋਟਿਸ ਦੀ ਮਿਤੀ ਅਨੁਸਾਰ ਜਮ ?ਹਾ ਨੋਟਿਸ ਦੀ ਮਿਤੀ ਤੋਂ ਉਸ 'ਤੇ ਗੈਰ ਲਾਗੂ ਵਿਆਜ ਅਤੇ ਲਾਗਤ, ਘਟਾ ਕੇ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ।

ਵੇਚਣ ਵਾਲੀ ਜਾਇਦਾਦ ਦੇ ਵੇਰਵੇ: ਰਿਹਾਇਸ਼ੀ ਜਾਇਦਾਦ ਜੋ ਕਿ ਮਕਾਨ ਨੰਬਰ 450, ਗੁਰੂ ਤੇਗ ਬਹਾਦਰ ਨਗਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਜਿਸਦਾ ਮਾਪ 21 ਮਰਲੇ 153 ਵਰਗ ਫੁੱਟ ਹੈ, ਜੋ ਕਿ ਖਸਰਾ ਨੰਬਰ 3340 ਹੱਦਬਸਤ ਨੰਬਰ 307 ਵਿਖੇ ਸਾਲ 2009-10 ਦੀ ਜਮ੍ਹਾਂਬੰਦੀ ਅਨੁਸਾਰ ਟਰਾਂਸਫਰ ਵਿਕਰੀ ਡੀਡ ਨੰਬਰ 2022-23/186/1/4581 ਮਿਤੀ 08.08.2022 ਅਨੁਸਾਰ ਹੈ, ਜਿਸਦਾ ਮਾਪ 10 ਮਰਲੇ 180 ਵਰਗ ਫੁੱਟ ਹੈ ਅਤੇ ਟ੍ਰਾਂਸਫਰ ਵਿਕਰੀ ਡੀਡ ਨੰਬਰ 2022-23/186/1/7178 ਮਿਤੀ 26.10.2022 ਅਨੁਸਾਰ ਹੈ, ਜਿਸਦਾ ਮਾਪ 10 ਮਰਲੇ 180 ਵਰਗ ਫੁੱਟ ਹੈ ਜੋ ਕਿ ਸ਼੍ਰੀ ਦਵਿੰਦਰ ਸਿੰਘ ਗੰਭੀਰ ਪੁੱਤਰ ਦਰਸ਼ਨ ਸਿੰਘ ਗੰਭੀਰ ਦੇ ਨਾਮ 'ਤੇ ਰਜਿਸਟਰਡ ਹੈ। ਡੀਡ ਅਨੁਸਾਰ ਹੱਦਬੰਦੀ: ਉੱਤਰ: ਪਲਾਟ ਨੰਬਰ 445, ਦੱਖਣ: ਸੜਕ, ਪੂਰਬ: ਪਲਾਟ ਨੰ. 451, ਪੱਛਮ: ਪਲਾਟ ਨੰ. 449। ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ।

ਰਾਖਵੀਂ ਕੀਮਤ: Rs. 4,00,00,000/-
ਬਿਆਨਾ ਰਕਮ: Rs. 40,00,000/-

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 13.03.2026 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ**

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਅਤੇ www.unionbankofindia.co.in ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ, ਰਜਿਸਟ੍ਰੇਸ਼ਨ ਅਤੇ ਲੌਗਇਨ ਅਤੇ ਬੋਲੀ ਨਿਯਮਾਂ ਲਈ https://baanknet.com 'ਤੇ ਜਾਓ।

ਸੰਪੱਤੀਆਂ ਦੇ ਵੇਰਵਿਆਂ ਲਈ, ਇੱਛੁਕ ਬੋਲੀਕਾਰਾਂ ਨੂੰ ਕਿਊਆਰ ਕੋਡ ਨੂੰ ਸਕੈਨ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ

ਮਿਤੀ : 01.02.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Ms. Harinder Sidhu**
**Additional District and Sessions Judge-1, Patiala**
CNR No.PBPT01-011210-2025
Next Date : 26.02.2026
Punjab Wakf Board
Versus
Harcharan Singh
Notice to: Harcharan Singh S/O Harban Singh R/O Hno. 55, Chauhan Niwas 3, Mohindra Colony B, Opp Mohindra Colony, Patiala
In above titled case the defendant(s)respondent(s) could not be served. It is ordered that defendant(s)respondent(s) should appear in person or through counsel on **26.**02.2026 at 10:00 A.M.
For details logon to https://highcourtchd.gov.in/?mod=district_notice&district=patiala
Dated this day of 20.01.2026
**Sd/- Additional District and Sessions Judge-1, Patiala**

---

**In the Court of Ms. Pallvi Rana, Civil Judge Junior Division, Ajnala**
CNR No.PBASA00006012023
Next Date: 27.02.2026
Uco Bank Branch Office At Kakkar Situated At Camp Chogawan Distt Amritsar Through Sh. Varun Goswami, Branch Manager.
Versus
Gurmukh Singh S/O Mahil, Singh R/o H.No49, Village Abadi Majjupur, Tehsil And Distt. Tarn Taran.
Sult For Recovery
Notice to: 1. Gurmukh Singh S/O Mahil Singh R/O H.No49, Village Abadi Majjupur, Tehsil And Distt. Tarn Taran.
In above titled Petition the respondent could not be served. It is ordered that respondent should appear in person or through counsel on **27.**02.2026 at 10:00 A.M.
For details logon to https://highcourtchd.gov.in/?trs=district_notice&district=Amritsar
Given under my hand and the seal of the Court, this 22-01-2026
**Sd/- Civil Judge Junior Division, Ajnala**

---

(U/o 5 Rule 20 CPC)
**In the Court of Sh. Lavdeep Hundal**
**Civil Judge (Senior Division), Faridkot**
CNR No.PBFD02-000859-2023
Next Date : 02.03.2026
Gurcharan Singh Sekhon
Versus
Iqbal Singh Sekhon
Execution Application
Notice to: 5. Poonam C/O Gurbakshish Singh Executive Officer Municipal Council Kharar 7. Paramneet Kaur Wife Of Sh. Gurvinder Singh @Ginni Resident Of B-Xi-581/1, Manjit Inder Puram Faridkot 8. Gurpreet Kaur Daughter Of Gurcharan Singh Sekhon And Wife Of Dr. Kanwaljit Singh Sekhon Resident Of B-581, Manjit Inder Pura, Faridkot.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **02.**03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 07-01-2026
**Sd/- Civil Judge (Senior Division), Faridkot**

---

(U/o 5 Rule 20 CPC)
**In the Court of Ms. Gurpreet Kaur-II**
**Civil Judge Junior Division-2, Zira**
CNR No.PBFZA0-000378-2025
Next Date : 17.02.2026
State Bank of India
Versus
Paramjeet Kaur
Notice to: Paramjeet Kaur Spouse::-Bagga Singh R/O Village Ali Ke Teh And Dsit Fzr
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **17.**02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 22-01-2026
**Sd/- Civil Judge Junior Division-2, Zira**

---

**In the Court of Sh. Abhay Rajan Shukla**
**Judicial Magistrate Ist Class-3**
CNR No.PBSA03-008992-2023
Next Date : 06.03.2026
NACT/538/2023
Dalwinder Singh
Versus
Karamjit Singh
Notice to: Karamjit Singh Son:- Faqir-Chnad Vill. Chahal, Po Bhadson, Tehsil Nabha, Patiala-147202
In above titled case the accused could not be served. It is orderded that accused should appear in person or through counsel on **06.**03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 31-01-2026
**Sd/- Judicial Magistrate Ist Class-3**

---

**In the Court of Sh. Abhay Rajan Shukla**
**Judicial Magistrate Ist Class-3**
CNR No.PBSA03-008993-2023
Next Date : 06.03.2026
NACT/539/2023
Dalwinder Singh
Versus
Hardeep Kaur
Notice to: Hardeep Kaur Daughter: Amrik Singh Vill. Shambu, Rajpura Patiala
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **06.**03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 31-01-2026
**Sd/- Judicial Magistrate Ist Class-3**

---

(U/o 5 Rule 20 CPC)
**In the Court of Ms. Simranpreet Kaur**
**Civil Judge Junior Division-5, Rajpura,**
CNR No.PBPTA0-000303-2023
Next Date : 23.02.2026
IDBI bank Limited
Versus
Harpreet Singh
Suit for Recovery
Notice to: 1. Harpreet Singh Son of Amrik Singh 2. Kamaljeet Singh Son of Nachhatr Singh Both R/o Village Ram Nagar Tehsil Rajpura distt. Patiala
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **23.**02.2026 at 10:00 A.M.
For details logon to https://highcourtchd.gov.in/?mod=district_notice&district=patiala
Dated this day of 02-02-2026
**Sd/- Civil Judge Junior Division-5, Rajpura,**

---

(U/o 5 Rule 20 CPC)
**In the Court of Sh. Gurmanak Pal Singh**
**Civil Judge Junior Division-18, Patiala**
CNR No.PBPT02-000371-2025
Next Date : 27.02.2026
Bikramjit Singh S/o Ajaib Singh
Versus
Bhupinder Singh Premi
Notice to: 1. Bhupinder Singh Premi S/O Ranjit Singh 2. Ranjeet Singh (Father Of Bhupinder Singh) C/O Bhupinder Singh 3. Beant Kaur W/O Bhupinder Singh 4. Jasbir Kaur D/O Bhupinder Singh All R/O Village Jajjal, Tehsil Talwandi Sabo, Dist Bathinda 5. Bholla Singh(Premi) (Father Of Beant Kaur) C/O Bhupinder Singh R/O Village Gaggar Tehsil Malout Distt. Mukatsar Sahib 6. Nirmal Singh C/O Bhupinder Singh R/O Village Jajjal Tehsil Talwandi Sabo, Dist Bathinda
In above titled case the defendant(s)respondent(s) could not be served. It is orderded that defendant(s)respondent(s) should appear in person or through counsel on **27.**02.2026 at 10:00 A.M.
For details logon to https://highcourtchd.gov.in/?mod=district_notice&district=patiala
Dated this day of 27-01-2026
**Sd/- Civil Judge Junior Division-18, Patiala**

---

(U/o 5 Rule 20 CPC)
**In the Court of Ms. Rupali Gupta Civil Judge (Junior Division), Jalandhar**
CNR No.PBJL02-006845-2022
Next Date : 19.02.2026
CS/3601/2022
Dharamvir Jain
Versus
Kamal Mobile Phone Accessories
Suit For Grant Of Decree Of Mandatory Injunction Suit For Recovery Of Damages As Prayed For
Notice to: 1. M/S Kamal Mobile Phone Accessories, Shiv Shakti Colony, Nalagarh Road, Pinjore Panchkula-134102 Through Its Owner Kamaljit Singh 2. Kamaljit Singh C/O M/S Kamal Mobile Phone Accessories, Shiv Shakti Colony, Nalagarh Road, Pinjore Panchkula-134102
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 19.02.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated this day of 31-01-2026
**Sd/- Civil Judge (Junior Division), Jalandhar**

---

(U/o 5 Rule 20 CPC)
**In the Court of Ms. Neha Goel Civil Judge (Senior Division), Ferozepur**
CNR No. PBFZ02-000861-2025
Next Date: 24.02.2026
Punjab National bank
Versus
Sandeep Kumar
Civil Suit for Recovery of Rs. 05,61,106.53/-
Notice to: 1. Sandeep Kumar Son Of Bhushan Kumar, Resident Of Ward No.9, Street No.2, Guruharsahai, District Ferozepur.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 24.02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-01-2026
**Sd/- Civil Judge (Senior Division), Ferozepur**

---

PLA (Pus) 2026/21
DT 22/01/26
**Before The Hon'ble Chairman, Permanent Lok Adalat, Public Utility Services, Sector 43, Chandigarh**
Application No. 2025
Union Bank Of India ....Applicant Bank
Versus
M/S Om Shanti Enterprises Through Its Partners And Another .................Borrowers
Notice (S) To: - Ms Monica Dhingra, W/O Sh. Arvind Dhingra, R/O 405 Cineraria Block, Amravati Enclave, District Panchkula, Haryana-134105.
Whereas I Have Been Proved To The Satisfaction To The Hon'ble Court That The Respondent/Borrower Cannot Be Served In The Ordinary Way. Hence, The Publication Is Ordered Under Order 5 Rule 20 Cpc Is Hereby Issued Against The Respondent In The Above Titled Case So That General Public Can Be Served. It Is Ordered That The Respondent Should Be Served Through Publication And Appear Personally Or Through Counsel On 17.02.2026.
In Case You Failed To Appear On The Aforesaid Date, It Would Be Presumed That You Have Nothing To Say In This Regard, And The Case Will Be Decided On The Merits.
**Sd/- S.K. Sachdeva, Chairman, Permanent Lok Adalat, (Public Utility Services), Sector 43, Chandigarh**

---

**ਬੇਦਖਲੀ ਸੂਚਨਾ**
ਮੈਂ, ਰਾਜਬੀਰ ਸਿੰਘ ਪੁੱਤਰ ਕਸ਼ਮੀਰ ਸਿੰਘ ਪਿੰਡ ਕੋਟ ਮੁਗਲ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਸ਼ਰਨਜੀਤ ਕੌਰ ਅਤੇ ਮੇਰਾ ਪੁੱਤਰ ਵਿਸ਼ਾਲਦੀਪ ਸਿੰਘ ਹੈ। ਮੇਰੀ ਪਤਨੀ ਅਤੇ ਮੇਰਾ ਲੜਕਾ ਮੇਰੇ ਕਹਿਣੇ ਵਿਚ ਨਹੀਂ ਹਨ, ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

**ਬੇਦਖਲੀ ਵਾਪਸੀ ਸੂਚਨਾ**
ਮੈਂ, ਜਸਵਿੰਦਰ ਸਿੰਘ ਪੁੱਤਰ ਫਕੀਰ ਸਿੰਘ ਵਾਸੀ ਪਿੰਡ ਮੰਡੋਫਲ ਤਹਿਸੀਲ ਵਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਹਲਫਨ ਬਿਆਨ ਕਰਦਾ ਹਾਂ ਕਿ ਮੈਨੇ ਕੁਝ ਸਾਲ ਪਹਿਲਾਂ ਇਕ ਪੰਜਾਬੀ ਅਖਬਾਰ ਰਾਹੀਂ ਆਪਣੇ ਲੜਕੇ ਕਮਲਜੀਤ ਸਿੰਘ ਤੇ ਉਸਦੀ ਪਤਨੀ ਭਾਵ ਮੇਰੀ ਨੂੰਹ ਕਮਲਜੀਤ ਕੌਰ ਦੋਨਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ ਅਤੇ ਹੁਣ ਇਹ ਦੋਨੋਂ ਮੇਰੇ ਕਹਿਣੇ ਵਿਚ ਹਨ। ਇਸ ਲਈ ਮੈਂ ਪਹਿਲਾਂ ਅਖਬਾਰ ਵਿਚ ਦਿੱਤੀ ਬੇਦਖਲੀ ਵਾਪਸ ਲੈਂਦਾ ਹਾਂ, ਭਾਵ ਕੈਂਸਲ ਕਰਦਾ ਹਾਂ। ਹੁਣ ਇਹ ਹਰ ਤਰ੍ਹਾਂ ਨਾਲ ਮੇਰੇ ਵਾਰਿਸ ਹੋਣਗੇ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਲੋਕਤੰਤਰ ਦੀ ਵੱਡੀ ਜਿੱਤ: ਇੰਦਰਜੀਤ ਘਨੌਰੀ



ਧੂਰੀ, 2 ਫ਼ਰਵਰੀ (ਰਾਜੇਸ਼ਵਰ ਪਿੰਟੂ) ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਧੂਰੀ ਤੋਂ ਸੀਨੀਅਰ ਆਗੂ ਇੰਦਰਜੀਤ ਸਿੰਘ ਘਨੌਰੀ ਨੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਮਾਣਯੋਗ ਸੁਪਰੀਮ ਕੋਰਟ ਵੱਲੋਂ ਮਿਲੀ ਜ਼ਮਾਨਤ ਦਾ ਨਿੱਘਾ ਸਵਾਗਤ ਕੀਤਾ ਹੈ। ਉਨ੍ਹਾਂ ਨੇ ਅਦਾਲਤ ਦੇ ਇਸ ਫੈਸਲੇ ਨੂੰ ਸੱਚ ਦੀ ਜਿੱਤ ਅਤੇ ਲੋਕਤੰਤਰ ਦੀ ਬਹਾਲੀ ਵਜੋਂ ਦੇਖਦਿਆਂ ਕਿਹਾ ਕਿ ਅਖੀਰ ਝੂਠ ਦੇ ਬੱਦਲ ਛੱਟ ਗਏ ਹਨ ਅਤੇ ਨਿਆਂਪਾਲਿਕਾ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੱਤਾ ਹੈ। ਦਿਲਚਸਪ ਗੱਲ ਇਹ ਹੈ ਕਿ ਕੁੱਝ ਸਮਾਂ ਪਹਿਲਾਂ ਹੀ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕੀਤੀ ਸੀ ਅਤੇ ਉਨ੍ਹਾਂ 'ਤੇ ਲੱਗੇ ਦੋਸ਼ਾਂ ਨੂੰ ਗਲਤ ਦੱਸਿਆ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਘਨੌਰੀ ਨੇ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪਿਛਲੀ ਕਾਂਗਰਸ ਸਰਕਾਰ @ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਦੋਵਾਂ ਸਰਕਾਰਾਂ ਨੇ ਸਿਆਸੀ ਬਦਲਾਖੋਰੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਘਨੌਰੀ ਅਨੁਸਾਰ, ਪਹਿਲਾਂ ਕਾਂਗਰਸ ਨੇ ਅਤੇ ਫਿਰ @ਆਪ@ ਸਰਕਾਰ ਨੇ ਸਿਰਫ਼ ਬਿਕਰਮ ਸਿੰਘ ਮਜੀਠੀਆ ਦੀ ਆਵਾਜ਼ ਨੂੰ ਦਬਾਉਣ ਅਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਸਿਆਸੀ ਰੰਜਿਸ਼ ਤਹਿਤ ਝੂਠੇ ਮੁਕੱਦਮੇ ਦਰਜ ਕੀਤੇ ਸਨ। ਉਨ੍ਹਾਂ ਕਿਹਾ ਕਿ ਅੱਜ ਦਾ ਇਹ ਫੈਸਲਾ ਸਰਕਾਰ ਦੀਆਂ ਦਮਨਕਾਰੀ ਨੀਤੀਆਂ @ਤੇ ਇਕ ਕਰਾਰੀ ਚਪੇੜ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਸਿਆਸੀ ਲਾਹਾ ਲੈਣ ਲਈ ਮਜੀਠੀਆ ਨੂੰ ਜੇਲ੍ਹ ਵਿੱਚ ਰੱਖ ਕੇ ਉਨ੍ਹਾਂ ਦੀ ਜੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕਤੰਤਰ ਵਿੱਚ ਤਾਨਾਸ਼ਾਹੀ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਲੜਦਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਦਾ ਰਹੇਗਾ। ਇਸ ਮੌਕੇ ਘਨੌਰੀ ਨੇ ਕਿਹਾ ਕਿ ਮਜੀਠੀਆ ਦੀ ਰਿਹਾਈ ਨਾਲ ਸਮੁੱਚੇ ਪੰਜਾਬ ਅਤੇ ਖਾਸ ਕਰਕੇ ਅਕਾਲੀ ਦਲ ਦੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕ ਇਸ ਬਦਲਾਖੋਰੀ ਦੀ ਸਿਆਸਤ ਦਾ ਜਵਾਬ ਵੋਟਾਂ ਰਾਹੀਂ ਦੇਣਗੇ। ਅੰਤ ਵਿੱਚ ਉਨ੍ਹਾਂ ਅਦਾਲਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਫੈਸਲੇ ਨੇ ਆਮ ਨਾਗਰਿਕ ਦਾ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਹੋਰ ਮਜ਼ਬੂਤ ਕੀਤਾ ਹੈ।

# ਪਿੰਡ ਮਲੋਟ ਵਿਖੇ ਵਾਲੀਬਾਲ ਸਮੈਸ਼ਿੰਗ ਟੂਰਨਾਮੈਂਟ, 21-22 ਫਰਵਰੀ ਨੂੰ



ਮਲੋਟ, 2 ਫਰਵਰੀ (ਅਮਨਦੀਪ ਸਿੰਘ ਮਹਿਰਾ): ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਕੇ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਦੇ ਮੰਤਵ ਨਾਲ ਲੋਕ ਭਲਾਈ ਮੰਚ ਰਜਿਸਟਰ ਪਿੰਡ ਮਲੋਟ, ਵਾਲੀਬਾਲ ਅਕੈਡਮੀ ਪਿੰਡ ਮਲੋਟ, ਗ੍ਰਾਮ ਪੰਚਾਇਤ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਵਾਲੀਬਾਲ ਸਮੈਸ਼ਿੰਗ ਟੂਰਨਾਮੈਂਟ 21 ਅਤੇ 22 ਫਰਵਰੀ ਨੂੰ ਪਿੰਡ ਮਲੋਟ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਲੋਕ ਭਲਾਈ ਮੰਚ ਰਜਿਸਟਰ ਪਿੰਡ ਮਲੋਟ ਦੀ ਇੱਕ ਅਹਿਮ ਮੀਟਿੰਗ ਸੰਸਥਾ ਦੇ ਪ੍ਰਧਾਨ ਜਗਜੀਤ ਸਿੰਘ ਔਲਖ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਜਨਰਲ ਸਕੱਤਰ ਇਕਬਾਲ ਸਿੰਘ ਡੀਪੀ, ਕੈਸ਼ੀਅਰ ਨਰਿੰਦਰ ਸਿੰਘ ਢਿੱਲੋਂ, ਗੁਰਮੁਖ ਸਿੰਘ ਗੋਪੀ, ਇਕਬਾਲ ਸਿੰਘ ਅਕਾਲੀ, ਕੁਲਬੀਰ ਸਿੰਘ ਗਿੱਲ, ਬਾਬੂ ਸਿੰਘ, ਦੇਵਰਾਜ ਗਰਗ, ਰੰਮੀ ਕੰਗ, ਭਿੰਦਰ ਕੰਗ, ਦਲਜੋਤ ਸਿੰਘ ਜੋਤੀ ਗਿੱਲ (ਬਲਾਕ ਸੰਮਤੀ ਮੈਂਬਰ) ਅਤੇ ਹਰਦੀਪ ਸਿੰਘ ਖਾਲਸਾ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਟੂਰਨਾਮੈਂਟ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਤਿਆਰੀਆਂ ਦੀ ਰੂਪ-ਰੇਖਾ ਤੈਅ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਜਗਜੀਤ ਸਿੰਘ ਔਲਖ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ ਬੈਸਟ ਲੈਫਟਰ, ਬੈਸਟ ਲਿਬਰੋ ਅਤੇ ਬੈਸਟ ਅਟੈਕਰ ਨੂੰ 2100-2100 ਰੁਪਏ ਨਕਦ ਇਨਾਮ ਦਿੱਤੇ ਜਾਣਗੇ। ਟੂਰਨਾਮੈਂਟ ਦੀ ਐਂਟਰੀ ਫੀਸ 500 ਰੁਪਏ ਰੱਖੀ ਗਈ ਹੈ, ਜੋ 18 ਫਰਵਰੀ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪਿੰਡ ਮਲੋਟ ਦੇ ਸਰਪੰਚ ਦਲਜੋਤ ਸਿੰਘ ਜੋਤੀ ਗਿੱਲ ਅਤੇ ਗ੍ਰਾਮ ਪੰਚਾਇਤ ਵੱਲੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 31,000 ਰੁਪਏ ਅਤੇ ਟਰਾਫੀ ਕੱਪ ਦੇ ਕੇ ਸਨਮਾਨਿਤ ਕੀਤਾ ਜਾਵੇਗਾ, ਜਦਕਿ ਦੂਜਾ ਇਨਾਮ ਸਵਰਗਵਾਸੀ ਗੁਰਜੀਤ ਸਿੰਘ ਗਿੱਲ ਦੀ ਯਾਦ ਵਿੱਚ ਲੋਕ ਭਲਾਈ ਮੰਚ ਪਿੰਡ ਮਲੋਟ ਵੱਲੋਂ 21,000 ਰੁਪਏ ਅਤੇ ਟਰਾਫੀ ਕੱਪ ਦਿੱਤਾ ਜਾਵੇਗਾ। ਟੂਰਨਾਮੈਂਟ ਦੇ ਇਨਾਮਾਂ ਦੀ ਵੰਡ ਕੈਬਨਿਟ ਮੰਤਰੀ ਅਤੇ ਹਲਕਾ ਮਲੋਟ ਤੋਂ ਵਿਧਾਇਕ ਡਾ. ਬਲਜੀਤ ਕੌਰ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੈਚਾਂ ਦੌਰਾਨ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਲਈ 200 ਰੁਪਏ ਫੀਸ ਲਾਗੂ ਹੋਵੇਗੀ। ਟੂਰਨਾਮੈਂਟ ਵਿੱਚ ਸਿਰਫ਼ ਪਿੰਡ ਪੱਧਰ ਦੀਆਂ ਨਰੋਲ ਟੀਮਾਂ ਨੂੰ ਹੀ ਭਾਗ ਲੈਣ ਦੀ ਆਗਿਆ ਹੋਵੇਗੀ ਅਤੇ ਕਿਸੇ ਵੀ ਟੀਮ ਦੀ ਰੀ-ਐਂਟਰੀ ਮਨਜ਼ੂਰ ਨਹੀਂ ਹੋਵੇਗੀ।

# ਫੀਲਡ ਕਾਮੇ ਭਲਕੇ ਸੀਵਰੇਜ ਬੋਰਡ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਕੀਤੀ ਜਾਣ ਵਾਲੀ ਰੋਸ ਰੈਲੀ ਵਿੱਚ ਵੱਡੀ ਗਿਣਤੀ 'ਚ ਹੋਣਗੇ ਸ਼ਾਮਿਲ

ਭਗਤਾ ਭਾਈ ਕਾ, 2 ਫਰਵਰੀ (ਸਵਰਨ ਸਿੰਘ ਭਗਤਾ) ਪੀ.ਡਬਲਿਯੂ.ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਜਿਲਾ ਬਠਿੰਡਾ ਦੀ ਮੀਟਿੰਗ ਬਲਰਾਜ ਸਿੰਘ ਮੌੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਭੋਡੀਪੁਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਵਿਚਾਰ ਕਰਦਿਆਂ ਜ਼ਿਲ੍ਹਾ ਪ੍ਰਧਾਨ ਬਲਰਾਜ ਮੌੜ,ਜ਼ਿਲ੍ਹਾ ਚੇਅਰਮੈਨ ਹਰਨੇਕ ਸਿੰਘ ਗਹਿਰੀ, ਕਿਸ਼ੋਰ ਚੰਦ ਗਾਜ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਬੁਰਜ ਥਰੋੜ, ਧਰਮ ਸਿੰਘ ਕੋਠਾ ਗੁਰੂ,ਲਖਵੀਰ ਭਾਗੀ ਬਾਂਦਰ, ਸੁਖਚੈਨ ਸਿੰਘ ,ਜਨਰਲ ਸਕੱਤਰ ਦਰਸ਼ਨ ਸ਼ਰਮਾ,ਸਕੱਤਰ ਰਣਜੀਤ ਸਿੰਘ ਸਿੱਧੂ ਨੇ ਕਿਹਾ ਕਿ ਸੂਬਾ ਕਮੇਟੀ ਫੈਸਲੇ ਅਨੁਸਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ 4 ਫਰਵਰੀ ਨੂੰ ਸੀਵਰੇਜ ਬੋਰਡ ਦਫ਼ਤਰ ਚੰਡੀਗੜ ਵਿੱਖੇ ਕੀਤੀ ਜਾਣ ਵਾਲੀ ਰੋਸ਼ ਰੈਲੀ ਦੀ ਸੂਬਾ ਕਮੇਟੀ ਵੱਲੋਂ ਲੱਗੇ ਕੋਟੇ ਅਨੁਸਾਰ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੂੰ ਸ਼ਾਮਲ ਕਰਾਉਣ ਦੀ ਤਿਆਰੀ ਕੀਤੀ ਗਈ ਕਿਉਂਕਿ ਸੀਵਰੇਜ ਬੋਰਡ ਵਿਭਾਗ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲਗਾਤਾਰ ਪਿਛਲੇ ਲੰਮੇ ਸਮੇਂ ਤੋਂ ਟਾਲਿਆ ਜਾ ਰਿਹਾ ਹੈ ਜਿਸ ਵਿੱਚ ਸੀਵਰੇਜ ਬੋਰਡ ਦੇ 2004 ਤੋਂ ਪਹਿਲਾਂ ਭਰਤੀ ਕੀਤੇ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ ਕੱਚੇ ਮੁਲਾਜ਼ਮ ਪਿਛਲੇ 15 -20 ਸਾਲਾਂ ਤੋਂ ਲੱਗੇ ਮੁਲਾਜ਼ਮਾਂ ਨੂੰ ਨਿਗੂਣੀਆਂ ਤਨਖਾਹਾਂ ਉਹ ਵੀ ਸਮੇਂ ਸਿਰ ਨਹੀਂ ਦਿੱਤੀਆਂ ਜਾ ਰਹੀਆਂ ਨੂੰ ਰੈਗੂਲਰ ਕਰਾਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਇਹ ਸਬੰਧੀ ਉੱਚ ਅਧਿਕਾਰੀਆਂ ਨਾਲ ਕਾਫੀ ਵਾਰ ਮੀਟਿੰਗਾਂ ਹੋ ਚੁੱਕੀਆਂ ਅਤੇ ਨਾਲ ਹੀ ਵਿਭਾਗ ਦੇ ਮੰਤਰੀ ਅਤੇ ਪੰਜਾਬ ਦੇ ਖਜ਼ਾਨਾ ਮੰਤਰੀ ਜੋ ਸਬ ਕਮੇਟੀ ਦੇ ਚੇਅਰਮੈਨ ਵੀ ਹਨ ਮੀਟਿੰਗਾਂ ਦੇ ਵਿੱਚ ਕੱਚੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਤੇ ਰੈਗੂਲਰ ਕਰਨ ਸਬੰਧੀ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਫੈਸਲੇ ਹੋਣ ਜਾਣ ਦੇ ਬਾਵਜੂਦ ਵਿਭਾਗ ਕੁੰਭ ਕਰਨੀ ਨੀਂਦ ਸੁੱਤਾ ਪਿਆ ਹੈ ਜਿਸ ਕਰਕੇ ਸੂਬਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਚਾਰ ਫਰਵਰੀ ਨੂੰ ਸੀਵਰੇਜ ਬੋਰਡ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਖਿਲਾਫ ਸੈਕਟਰ 35 ਏ ਵਿਖੇ ਰੋਸ ਰੈਲੀ ਕੀਤੀ ਜਾਵੇਗੀ , ਜਿਸ ਵਿੱਚ ਬਠਿੰਡਾ ਤੋਂ ਫੀਲਡ ਐਂਡ ਵਰਕਸ਼ਾਪ ਵਰਕਰਜ ਯੂਨੀਅਨ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ ਮੀਟਿੰਗ ਵਿੱਚ ਜਲ ਸਪਲਾਈ ਸੈਨੀਟੇਸ਼ਨ ਵਿੱਚ 6% ਕੋਟੇ ਅਧੀਨ ਪ ?ਮੋਟ ਸਾਥੀਆਂ ਨੂੰ ਰਿਵੱਰਟ ਕੀਤੇ ਜਾਣ ਦੀ ਨਿਖੇਧੀ ਕੀਤੀ ਗਈ ਸੰਘਰਸ਼ ਕਰਨ ਤੇ ਵਿਚਾਰ ਕੀਤਾ ਗਿਆ ਮੀਟਿੰਗ ਵਿੱਚ12 ਫਰਵਰੀ ਦੀ ਕੌਮੀ ਹੜਤਾਲ ਦੀ ਹਮਾਇਤ ਅਤੇ ਤਿਆਰੀ ਕੀਤੀ ਗਈ। ਮੀਟਿੰਗ ਵਿੱਚ ਬਲਜਿੰਦਰ ਸਿੰਘ ,ਪਰਮ ਚੰਦ ਬਠਿੰਡਾ ,ਗੁਰਜੰਟ ਸਿੰਘ ਮਾਨ, ਰਾਮ ਰੱਖਾ ਸਿੰਘ ਜੌੜਕੀਆਂ, ਜਸਪਾਲ ਸਿੰਘ ਰਾਏ ਖਾਨਾ, ਹਰਪ੍ਰੀਤ ਸਿੰਘ, ਗੁਰਬੇਜ ਸਿੰਘ ਭੇਜੀ, ਪੂਰਨ ਸਿੰਘ,ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਨੇ ਭਾਗ ਲਿਆ।

**verka**
ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮ.
ਐਸਸੀਓ 153-155, ਸੈਕਟਰ 34-ਏ, ਚੰਡੀਗੜ੍ਹ-160022, ਈਪੀਏਬੀਐਕਸ ਨੰ.: 0172-5041866
www.verka.coop
**ਟੈਂਡਰ ਮੰਗ ਸੂਚਨਾ**
ਨਿਮਨਲਿਖਤ ਮਦ ਦੀ ਖਰੀਦ ਅਤੇ ਸਪਲਾਈ ਲਈ ਇਸ ਦੁਆਰਾ ਈ-ਟੈਂਡਰ ਮੰਗੇ ਜਾਂਦੇ ਹਨ :-

| ਲ. ਨ. | ਕੰਮ/ਮਦ ਦਾ ਨਾਮ | ਮਿਆਦ/ ਅਸਥਾਈ ਮਾਤਰਾ |
|---|---|---|
| 1. | ਵੇਰਕਾ ਮੁੱਖ ਦਫਤਰ ਚੰਡੀਗੜ੍ਹ ਦੇ ਲਈ<br>ਮਿਲਕ ਫੈਡ ਸ਼ਾਖਾ ਵਿਕਰੀ ਦਫਤਰਾਂ ਅਤੇ ਡਿਪੂਆਂ ਦੇ ਲੇਖੇ ਲਈ ਬੁੱਕ ਕੀਪਿੰਗ/ਲੇਖਾ ਫਰਮ/ਕੰਪਨੀ ਦੀ ਨਿਯੁਕਤੀ। | 01.04.2026 ਤੋਂ 31.03.2029 |
| 2. | ਵੇਰਕਾ ਫਰੀਦਕੋਟ ਡੇਅਰੀ ਦੇ ਲਈ<br>**ਭਾੜੇ 'ਤੇ ਲੈਣਾ** :-<br>ੳ) ਠੇਕਾ ਦਰ 'ਤੇ ਪੰਜਾਬ ਆਦਿ ਵਿਚ ਬੀਐਮਸੀ ਤੋਂ ਐਮਸੀਸੀ/ ਵੱਖ-ਵੱਖ ਮਿਲਕ ਪਲਾਂਟਾਂ ਤੱਕ ਦੁੱਧ ਦੀ ਢੁਆਈ ਲਈ ਇੰਸੂਲੇਟਿਡ ਰੋਡ ਮਿਲਕ ਟੈਂਕਰ। ਸਮਰਥਾ 10000 ਕਿ.ਗ੍ਰਾ.<br>ਅ) ਰੂਟ 3 ਅਤੇ 26 'ਤੇ ਐਮਪੀਸੀਐਸ/ਡੀਐਫ ਤੋਂ ਐਮਸੀਸੀ ਤੱਕ ਦੁੱਧ ਦੀ ਚੁਕਾਈ ਲਈ ਪਿਕਅੱਪ ਜਾਂ ਇਸ ਦੇ ਸਮਰੂਪ ਵਾਹਨ | 01 ਅਦਦ<br>02 ਅਦਦ |
| 3. | ਵੇਰਕਾ ਬਠਿੰਡਾ ਡੇਅਰੀ ਦੇ ਲਈ<br>ਕਰਡ ਕੱਪ ਫਿਲਿੰਗ ਮਸ਼ੀਨ ਦੀ ਡੀਐਸਆਈਟੀਸੀ (ਸਮਰਥਾ 9000 ਸੀਪੀਐਚ) | ਇੱਕ ਮੁਕੰਮਲ ਕੰਮ |
| 4. | ਵੇਰਕਾ ਪਟਿਆਲਾ ਡੇਅਰੀ ਦੇ ਲਈ<br>**ਭਾੜੇ 'ਤੇ ਲੈਣਾ** :-<br>ੳ) ਸਮਾਣਾ, ਪਾਤੜਾਂ, ਘੱਗਾ ਦੇ ਲਈ ਤਾਜ਼ੇ ਦੁੱਧ ਅਤੇ ਤਾਜ਼ੇ ਦੁੱਧ ਦੇ ਉਤਪਾਦਾਂ ਦੀ ਢੋਆ ਢੁਆਈ ਲਈ 3 ਐਮਟੀ ਇੰਸੂਲੇਟਿਡ ਵਾਹਨ।<br>ਅ) ਸਵੀਗੀ ਲਈ ਤਾਜ਼ੇ ਦੁੱਧ ਅਤੇ ਤਾਜ਼ੇ ਦੁੱਧ ਦੇ ਉਤਪਾਦਾਂ ਦੀ ਢੋਆ ਢੁਆਈ ਲਈ 3 ਐਮਟੀ ਅਤੇ 6 ਐਮਟੀ ਰੈਫਰਿਜਰੇਟਿਡ ਵਾਹਨ (ਬਪਰੌਰ, ਸ਼ੰਭੂ)। | ਸਲਾਨਾ<br>ਸਲਾਨਾ |

ਨੋਟ : 1. ਉਕਤ ਟੈਂਡਰ (ਐਨਆਈਟੀ) ਸਬੰਧੀ ਮੁਕੰਮਲ ਵੇਰਵਿਆਂ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ ਭਾਵ www.verka.coop ਅਤੇ ਈ-ਟੈਂਡਰਿੰਗ ਪੋਰਟਲ ਭਾਵ **eproc.punjab.gov.in** ਦੇਖੋ।
2. ਸੋਧ, ਜੇਕਰ ਕੋਈ ਹੈ, ਕੇਵਲ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।
ਜਨਰਲ ਮੈਨੇਜਰ (ਖਰੀਦ)
**RO.No.PR-Advt.No.1018/12/2025-26/7772/Dated CHD : 02/02/2026**

**ਪੰਜਾਬ ਸਰਕਾਰ**
**ਟੈਂਡਰ ਹਵਾਲਾ ਨੰਬਰ MC ਪਠਾਨਕੋਟ/216/CE/2025-26**
ਨਗਰ ਨਿਗਮ ਪਠਾਨਕੋਟ ਵਿਭਾਗ ਵਿਕਾਸ ਕਾਰਜਾਂ ਲਈ ਔਨਲਾਈਨ ਬੋਲੀਆਂ ਮੰਗਦਾ ਹੈ
ਬੰਦ ਹੋਣ ਦੀ ਮਿਤੀ ਅਤੇ ਸਮਾਂ: 14-02-2026 (ਸ਼ਾਮ 5:00 ਵਜੇ)
ਵੇਰਵਿਆਂ ਲਈ https://eproc.punjab.gov.in 'ਤੇ ਲੌਗਇਨ ਕਰੋ
ਨੋਟ:- ਟੈਂਡਰ / ਆਰਐਫਪੀ ਨੋਟਿਸ ਦਾ ਕੋਈ ਵੀ ਸੋਧ (ਸ਼ੁੱਧੀਆਂ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
ਸਹੀ/-ਕਾਰਪੋਰੇਸ਼ਨ ਇੰਜੀਨੀਅਰ,
ਨਗਰ ਨਿਗਮ, ਪਠਾਨਕੋਟ।
**Ro No. PR Advt No. 3184/12/2025-26/7742/Dated Chd 2/02/2026**

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
ਰਜਿਸਟਰਡ ਦਫਤਰ : ਪੰ:ਰਾ: ਬਿ: ਬੋਰਡ: ਮੁੱਖ ਦਫਤਰ ਦੀ ਮਾਲ ਪਟਿਆਲਾ-147001
ਕਾਰਪੋਰੇਸ਼ਨ ਪਹਿਚਾਣ ਨੰ: U40109PB2010SGC033813
ਵੈਬ ਸਾਈਟ: www.pspcl.in. ਮੋਬਾਇਲ ਨੰ: 96461-17906
ਥੋੜ੍ਹੇ ਸਮੇਂ ਦੇ ਈ -ਟੈਂਡਰ ਇੰਨਕੁਆਰੀ ਨੰ: 39 ਅਤੇ 40/ਸੀ.ਡਬਲਿਯੂ.ਸੀ / 2025-26
ਮਿਤੀ : 30.01.2026
ਨਿਗਰਾਨ ਇੰਜੀਨੀਅਰ/ਸਿਵਲ ਨਿਰਮਾਣ ਹਲਕਾ, ਸ਼ੈਡ ਡੀ-4 ਏ, ਸ਼ਕਤੀ ਵਿਹਾਰ, ਪਟਿਆਲਾ ਵੱਲੋਂ ਉਪਰੋਕਤ ਟੈਂਡਰ ਇੰਨਕੁਆਰੀ ਨੰ 39/ਸੀ.ਡਬਲਿਯੂ.ਸੀ/ 2025-26 ਬਾਬਤ 66 ਕੇ. ਵੀ ਸਬ ਸਟੇਸ਼ਨ ਟਿੱਬਾ ਰੋਡ ਵਿਖੇ ਅਤੇ 40/ਸੀ.ਡਬਲਿਯੂ.ਸੀ/ 2025-26 ਬਾਬਤ 66 ਕੇ.ਵੀ ਸਬ ਸਟੇਸ਼ਨ ਪਾਮ ਗਾਰਡਨ ਵਿਖੇ ਅਡੀਸ਼ਨਲ ਟਰਾਂਸਫਾਰਮਰ ਪਲਿੰਥ ਅਤੇ ਹੋਰ ਸਿਵਲ ਉਸਾਰੀ ਦੇ ਕੰਮਾਂ ਸਬੰਧੀ ਥੋੜ੍ਹੇ ਸਮੇਂ ਦਾ ਈ-ਟੈਂਡਰ ਮੰਗੇ ਜਾਂਦੇ ਹਨ।
ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫੀਕੇਸ਼ਨ https://eproc.punjab.gov.in ਤੇ ਮਿਤੀ 31.01.2026 ਸ਼ਾਮ 5.00 ਵਜੇ ਤੋਂ ਬਾਅਦ ਵੇਖੇ ਜਾ ਸਕਦੇ ਹਨ।
ਨੋਟ: ਸੋਧ ਸਬੰਧੀ ਵੇਰਵੇ ਵੈਬਸਾਇਟ :-https://eproc.punjab.gov.in ਤੇ ਵੇਖੇ ਜਾਣ।
**C 187/26**
**Ro No. Advt: 1079/12/2025-26/7764/Dated CHD: 2/02/2026**

**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ**
ਰਜਿਸਟਰਡ ਆਫਿਸ : ਪੰ:ਰਾ:ਬਿ:ਬੋ:ਹੈਡ ਆਫਿਸ, ਦੀ ਮਾਲ ਪਟਿਆਲਾ-147001
ਕਾਰਪੋਰੇਸ਼ਨ ਆਈਡੈਂਟੀ ਨੰਬਰ: U40109PB2010SGC033813 ਵੈਬ ਸਾਈਟ www.pspchin
(ਮੋਬਾਇਲ ਨੰ:- 96461-10861) xen-civil-works rnkt1@pspcl.in
ਟੈਂਡਰ ਇੰਨਕੁਆਰੀ ਨੰ 25/CWD/MKS/2025-26 Date 02.02.2026
ਸੀਨੀਅਰ ਕਾਰਜਕਾਰੀ ਇੰਜੀਨੀਅਰ/ ਸਿਵਲ ਨਿਰਮਾਣ ਮੰਡਲ, 132 ਕੇ ਵੀ. ਗਰਿਡ ਕੰਪਲੈਕਸ ਪੀ ਐਸ. ਪੀ ਸੀ ਐਲ. ਸ੍ਰੀ ਮੁਕਤਸਰ ਸਾਹਿਬ, 152026 ਦੇ ਦਫਤਰ ਵੱਲੋਂ 66 ਕੇਵੀ ਸ/ਸ ਭੁਲੇਰੀਆਂ (ਅਧੀਨ ਵੰਡ ਹਲਕਾ, ਸ੍ਰੀ ਮੁਕਤਸਰ ਸਾਹਿਬ) ਵਿਖੇ 1 ਨੂੰ ਲਾਈਨ ਬੇਅ ਫਾਰ ਮੈਸ ਈਵਿਸਾ ਸੈਲਰ (7) ਅਤੇ ਸਬੰਧਤ ਸਿਵਲ ਵਰਕਸ ਦੇ ਉਸਾਰੀ ਦੇ ਕੰਮਾਂ ਸਬੰਧੀ ਓਪਨ ਈ- ਟੈਂਡਰ (ਸ਼ਾਰਟ ਟਰਮ) ਮੰਗੇ ਜਾਂਦੇ ਹਨ।
ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਨਾ ਵੈਬਸਾਈਟ "https://eproc.punjab.gov.in" ਉਪਰ ਮਿਤੀ: 02:02:2026 03:00 PM ਵਜੇ ਤੋਂ ਦੇਖੇ ਜਾ ਸਕਦੇ ਹਨ।
ਨੋਟ- ਸੋਧ ਸਬੰਧੀ ਵੇਰਵੇ ਜੇਕਰ ਕੋਈ ਹੋਏ, ਤਾਂ ਵੈਬਸਾਈਟ https://eproc.punjab.gov.in. ਤੇ ਵੇਖੇ "ਜਾਣ।
**C188/26**
**Ro No. Advt No. 1079/12/2025-26/7765/Dated CHD : 2/2/2026**

**NOTICE INVITING BIDS**
Mukh Sewadar of Gurudwara Singh Sabha, Urban Estate, Phase-2, Patiala Invites Lumpsum bids for the Architectural and structural design from qualified architects having experience/interest in Gurudwara architecture keeping in consideration parameters to be held on Whatsapp (9888882279) on request. Bids be supplied by 18/02/2026
Date: 30/01/2026
**Sd/- Mukh Sewadar Gurudwara Singh Sabha Phase-2, Urban Estate Patiala**
**Mob. No. 98888888803**

**Office Of The District & Sessions Judge, Patiala**
**Public Notice**
Applications Are Invited From Eligible Candidates Upto 17.02.2026 (Tuesday) Till 05.00 Pm, For Filling Up 20 (Twenty) Posts Of Stenographer Grade-III And 28 (Twenty Eight) Posts Of Clerk, Both On Adhoc Basis, Initially For A Period Of Six Months Or Till Regular Appointments Are Made By The Hon'ble High Court Against The Said Posts, Whichever Is Earlier.
for more details of advertisement, visit our website:https://patiala,dcourts.gov.in/notice-category/recruitments/
**Sd/- District & Sessions Judge, Patiala**

# ਕੇਂਦਰੀ ਬਜਟ-2026 ਦੇ ਲਾਇਵ ਪ੍ਰਸਾਰਣ ਨੂੰ ਲੈ ਕੇ ਮਲੋਟ 'ਚ ਭਾਜਪਾ ਵਰਕਰਾਂ ਦੀ ਬੈਠਕ, ਬਜਟ ਨੂੰ ਦੇਸ਼ ਦੀ ਅਰਥਵਿਵਸਥਾ ਲਈ ਮਜ਼ਬੂਤ ਕਦਮ ਕਰਾਰ ਦਿੱਤਾ



ਮਲੋਟ, 2 ਫਰਵਰੀ (ਅਮਨਦੀਪ ਸਿੰਘ ਮਹਿਰਾ): ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਸਾਲ 2026 ਦਾ ਕੇਂਦਰੀ ਬਜਟ ਮਲੋਟ ਵਿੱਚ ਭਾਜਪਾ ਵਰਕਰਾਂ ਵੱਲੋਂ ਇਕੱਠੇ ਹੋ ਕੇ ਲਾਇਵ ਦੇਖਿਆ ਗਿਆ।

ਇਹ ਲਾਇਵ ਪ੍ਰਸਾਰਣ ਭਾਜਪਾ ਦੇ ਨੌਜਵਾਨ ਆਗੂ ਰਾਘਵ ਗੋਇਲ ਦੇ ਘਰ ਵਿਖੇ ਜ਼ਿਲ੍ਹਾ ਵਾਈਸ ਪ੍ਰਧਾਨ ਅਤੇ ਬਜਟ ਦੇ ਜ਼ਿਲ੍ਹਾ ਕੋ-ਕਨਵੀਨਰ ਸੋਮ ਕਾਲੜਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪਾਰਟੀ ਦੇ ਟਕਸਾਲੀ ਆਗੂਆਂ ਅਤੇ ਸਮੂਹ ਵਰਕਰਾਂ ਨੇ ਹਾਜ਼ਰੀ ਲਗਾਈ।

ਇਸ ਮੌਕੇ ਸੋਮ ਕਾਲੜਾ ਨੇ ਕਿਹਾ ਕਿ ਕੇਂਦਰੀ ਬਜਟ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੇ ਨਾਲ ਨੌਜਵਾਨਾਂ ਲਈ ਵੱਖ-ਵੱਖ ਰੋਜ਼ਗਾਰ ਦੇ ਮੌਕੇ ਪੈਦਾ ਕਰੇਗਾ ਅਤੇ ਗਰੀਬੀ ਘਟਾਉਣ ਵਿੱਚ ਸਹਾਇਕ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਬਜਟ ਵਿੱਚ ਵਿਕਾਸ ਅਤੇ ਭਲਾਈ ਨਾਲ ਸੰਬੰਧਿਤ ਕਈ ਅਹਿਮ ਪ੍ਰਾਵਧਾਨ ਕੀਤੇ ਗਏ ਹਨ।

ਇਸ ਦੌਰਾਨ ਸੋਮ ਕਾਲੜਾ ਅਤੇ ਸਮੂਹ ਵਰਕਰਾਂ ਵੱਲੋਂ ਜਗਤ ਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਵਸ ਮੌਕੇ ਸੰਗਤਾਂ ਅਤੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ ਗਈ। ਨਾਲ ਹੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਆਦਮਪੁਰ ਏਅਰਪੋਰਟ ਦਾ ਨਾਮ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਰੱਖਣ ਲਈ ਧੰਨਵਾਦ ਵੀ ਕੀਤਾ ਗਿਆ।

ਇਸ ਮੌਕੇ ਭਾਜਪਾ ਦੇ ਆਗੂਆਂ ਵਿੱਚ ਸ਼੍ਰੀ ਗੁਲਸ਼ਨ ਕਾਠਪਾਲ, ਡਾ. ਜਗਦੀਸ਼ ਸ਼ਰਮਾ, ਹਰੀਸ਼ ਗਰੋਵਰ, ਹਰਬੰਸ ਸਿੰਘ ਬਠਲਾ, ਸੁਰਿੰਦਰ ਮਦਾਨ, ਹੈਪੀ ਡਾਵਰ, ਕੇਸ਼ਵ ਸਿਡਾਨਾ, ਵਿਜੈ ਬਜਾਜ, ਰਾਜਾ ਸਿੱਧੂ, ਸੀਤਾ ਰਾਮ ਖੱਟਕ, ਟੋਨੀ ਕਾਲੜਾ, ਉਮੇਸ਼ ਗੋਇਲ, ਚੀਨ ਚਾਵਲਾ, ਪ੍ਰਵੀਨ ਮਦਾਨ, ਰਜਨੀਸ਼ ਜੱਗਾ, ਮੋਹਨ ਲਾਲ ਅਰੋੜਾ, ਅਸ਼ੋਕ ਜੱਗਾ, ਡਾ. ਸੁਭਾਸ਼ ਅਰੋੜਾ, ਮਹਿੰਦਰ ਗਰੋਵਰ, ਸੁਭਾਸ਼ ਗੁੰਬਰ, ਡਾ. ਰਜਿੰਦਰ ਬਾਂਸਲ, ਅਸ਼ੋਕ ਖੁਰਾਣਾ, ਵੇਦ ਪ੍ਰਕਾਸ਼ ਚੁਚਰਾ, ਡਾ. ਸਤੀਸ਼ ਬਠਲਾ, ਵਿਜੈ ਛਾਬੜਾ, ਸੁਰਿੰਦਰ ਤਰਮਾਲਾ, ਰਜਿੰਦਰ ਮੀਚੂ, ਬ੍ਰਹਮ ਪ੍ਰਕਾਸ਼ ਮੰਗਲਾ, ਗੁਰਦੀਪ ਸਿੰਘ ਟੀਟੂ, ਲਾਲ ਸ਼ਰਮਾ, ਡਾ. ਮੋਹਨਜੀਤ ਤਨੇਜਾ, ਰਵਿੰਦਰ ਗਰੋਵਰ, ਰਜਨੀਸ਼ ਠਕੁਰਾਲ, ਵਿਕਾਸ ਗੋਇਲ, ਮੁਕੇਸ਼ ਜੱਗਾ, ਕੇਵਲ ਗੋਇਲ, ਕੁਲਵੰਤ ਗੁੰਬਰ, ਟੋਨੀ ਇਸ਼ਪੁਜਾਨੀ, ਹਿਮਾਸ਼ੂ ਗਰਗ, ਰੋਕੀ ਗਰਗ, ਅਮਨ ਮਿੱਡਾ, ਰਜਿੰਦਰ ਗਰਗ, ਅਮਰ ਚੰਦ, ਦਾਸ ਜਲਹੋਤਰਾ, ਓਮ ਪ੍ਰਕਾਸ਼ ਗਰੋਵਰ, ਸ਼ਿੰਪੂ ਗਾਬਾ, ਸੁਰੇਸ਼ ਢੀਂਗੜਾ, ਸੋਮਨਾਥ ਦੂਮੜਾ, ਸੁਰਿੰਦਰ ਗਰਗ ਭੋਲਾ, ਸਤੀਸ਼ ਅਰੋੜਾ ਅਤੇ ਗੁਲਸ਼ਨ ਸ਼ਰਮਾ ਸਮੇਤ ਅਨੇਕਾਂ ਵਰਕਰ ਮੌਜੂਦ ਸਨ।

**ਭਾਰਤੀ ਫੌਜ ਵਿੱਚ ਸ਼ਾਮਲ ਹੋਵੋ**
**ਜੇਏਜੀ ਐਂਟਰੀ ਸਕੀਮ 124ਵਾਂ ਕੋਰਸ (ਅਕਤੂਬਰ 2026): ਲਾਅ ਗ੍ਰੈਜੂਏਟ (ਪੁਰਸ਼ ਅਤੇ ਔਰਤਾਂ) ਲਈ ਸ਼ਾਰਟ ਸਰਵਿਸ ਕਮਿਸ਼ਨ (ਐਨਟੀ) ਕੋਰਸ**

**ਵਿਸ਼ੇਸ਼ਤਾਵਾਂ**
(ਹੇਠਾਂ ਦਿੱਤੀ ਗਈ ਜਾਣਕਾਰੀ ਸਿਰਫ ਆਮ ਜਾਗਰੂਕਤਾ ਲਈ ਹੈ) (ਐਂਟਰੀ ਬਾਰੇ ਵਿਸਤ੍ਰਿਤ ਜਾਣਕਾਰੀ ਲਈ - www.joinindianarmy.nic.in - 'ਤੇ ਪ੍ਰਕਾਸ਼ਿਤ ਕੋਰਸ ਨੋਟੀਫਿਕੇਸ਼ਨ ਦਾ ਹਵਾਲਾ ਦਿੱਤਾ ਜਾਣਾ ਚਾਹੀਦਾ ਹੈ)

| ਵਰਗ | ਵੇਰਵੇ | ਅਧਿਸੂਚਨਾ ਪੈਰਾ ਨੰਬਰ |
|---|---|---|
| ਦਾਖਲੇ ਦੀ ਕਿਸਮ | ਅਲਪਸੇਵਾ ਦਾਖਲਾ (ਜੇਏਜੀ)-124 ਕੋਰਸ | ਪੈਰਾ 1 |
| ਉਮਰ | 01 ਜੁਲਾਈ 2026 ਨੂੰ 21 ਤੋਂ 27 ਸਾਲ | ਪੈਰਾ 2 (ਬੀ) |
| ਇਸ ਲਈ ਖੁੱਲ੍ਹਾ ਹੈ | ਅਣਵਿਆਹੁਤਾ ਪੁਰਸ਼ ਅਤੇ ਅਣਵਿਆਹੁਤਾ ਮਹਿਲਾ (ਲਾਅ ਗ੍ਰੈਜੂਏਟ) | ਪੈਰਾ 1 |
| ਵਿਦਿਅਕ ਯੋਗਤਾ | ਉਨ੍ਹਾਂ ਦੀ ਐਲਐਲਬੀ ਡਿਗਰੀ ਵਿਚ ਘੱਟੋ ਘੱਟ 55% ਕੁੱਲ ਅੰਕ। ਕਲੈਟ ਪੀਜੀ ਪ੍ਰੀਖਿਆ-2025 ਲਈ ਹਾਜ਼ਰ ਹੋਣਾ ਚਾਹੀਦਾ ਹੈ | ਪੈਰਾ 2 (ਸੀ) |
| ਅਸਾਮੀਆਂ | 08 | ਪੈਰਾ 3 |
| ਚੋਣ ਪ੍ਰਕਿਰਿਆ | ਅਰਜ਼ੀ - ਛਾਂਟੀ - ਐਸਐਸਬੀ - ਮੈਡੀਕਲ - ਮੈਰਿਟ ਸੂਚੀ - ਨਿਯੁਕਤੀ ਪੱਤਰ | ਪੈਰਾ 10 |
| ਐਸਐਸਬੀ ਲਈ ਛਾਂਟੀ ਦੀ ਮਿਤੀ (ਕਲੈਟ ਪੀਜੀ ਸਕੋਰ 'ਤੇ ਆਧਾਰਿਤ) | ਮਾਰਚ ਦਾ ਦੂਜਾ ਹਫ਼ਤਾ | - |
| ਐਸਐਸਬੀ ਲਈ ਸੰਭਾਵੀ ਮਿਆਦ ਅਤੇ ਮਿਤੀਆਂ | ਮਈ/ਜੂਨ 2026 ਵਿਚ ਐਸਐਸਬੀ 5 ਦਿਨਾਂ ਤੱਕ (ਐਸਐਸਬੀ ਸੈਂਟਰ ਲਈ ਚੋਣ ਅਤੇ ਮਿਤੀਆਂ ਮਈ ਵਿਚ ਦੋ ਹਫ਼ਤਿਆਂ ਲਈ ਖੁੱਲ੍ਹੀਆਂ ਹਨ) | ਪੈਰਾ 10 (ਸੀ) |
| ਮੈਡੀਕਲ ਮਾਪਦੰਡ | www.joinindianarmy.nic.in 'ਤੇ ਦਰਸਾਏ ਅਨੁਸਾਰ | ਪੈਰਾ 11 |
| ਪੂਰਵ ਕਮਿਸ਼ਨ ਟ੍ਰੇਨਿੰਗ ਅਕਾਦਮੀ | ਅਧਿਕਾਰੀ ਸਿਖਲਾਈ ਅਕਾਦਮੀ, ਚੇਨਈ | ਪੈਰਾ 5 (ਏ) |
| ਸਿਖਲਾਈ ਦੀ ਮਿਆਦ | ਅਕਤੂਬਰ 2026 ਤੋਂ 49 ਹਫ਼ਤੇ | ਪੈਰਾ 5 |
| ਸਿਖਲਾਈ ਦੌਰਾਨ ਮਾਣਭੱਤਾ | ਰੁ. 56,100 ਪ੍ਰਤੀ ਮਹੀਨਾ | ਪੈਰਾ 7 (ਡੀ) |
| ਸਿਖਲਾਈ ਉਪਰੰਤ ਦਰਜਾ | ਲੈਫਟੀਨੈਂਟ | ਪੈਰਾ 7 (ਏ) |
| ਕਮਿਸ਼ਨਿੰਗ 'ਤੇ ਤਨਖਾਹ | ਸੀਟੀਸੀ ਅੰਦਾਜ਼ਨ 17-18 ਲੱਖ ਪ੍ਰਤੀ ਸਾਲ | ਪੈਰਾ 7 (ਡੀ) |
| ਕਮਿਸ਼ਨ ਦੀ ਕਿਸਮ | ਅਲਪ ਸੇਵਾ ਕਮਿਸ਼ਨ | ਪੈਰਾ 4 (ਏ) |
| ਸੇਵਾਮੁਕਤੀ ਲਈ ਵਿਕਲਪ | ਪਹਿਲਾ - 05 ਸਾਲ ਉਪਰੰਤ,<br>ਦੂਜਾ - 10 ਸਾਲ ਉਪਰੰਤ,<br>ਤੀਜਾ - 14 ਸਾਲ ਉਪਰੰਤ | ਪੈਰਾ 4 (ਏ) |
| ਸਥਾਈ ਕਮਿਸ਼ਨ ਲਈ ਵਿਕਲਪ | 10 ਸਾਲ ਉਪਰੰਤ | ਪੈਰਾ 4 (ਏ) |
| ਕਮਿਸ਼ਨ ਲਈ ਮੁੱਢਲੇ ਹਥਿਆਰ/ਸੇਵਾ | ਜੇਏਜੀ ਸ਼ਾਖਾ | - |
| ਸੇਵਾਮੁਕਤੀ ਲਾਭ | ਛੱਡਣ 'ਤੇ ਸੇਵਾ 'ਤੇ ਨਿਰਭਰ | - |

ਆਨਲਾਈਨ ਅਰਜ਼ੀ 27 ਜਨਵਰੀ 2026 ਨੂੰ 1500 ਵਜੇ ਖੁੱਲ੍ਹੇਗੀ ਅਤੇ 27 ਫਰਵਰੀ 2026 ਨੂੰ 1500 ਵਜੇ ਬੰਦ ਹੋਵੇਗੀ।
**CBC 10601/11/0069/2526**

# ਕੇਂਦਰੀ ਬਜਟ ਪੰਜਾਬ ਲਈ ਨਿਰਾਸ਼ਾਜਨਕ, ਭਾਜਪਾ ਸਰਕਾਰ ਵੱਲੋਂ ਸੌਤੇਲਾ ਸਲੂਕ: ਘੁਬਾਇਆ

ਫਾਜ਼ਿਲਕਾ, 2 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਕੇਂਦਰੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਕੇਂਦਰੀ ਬਜਟ 2026-27 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸਾਬਕਾ ਹਲਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਨੇ ਕਿਹਾ ਕਿ ਇਹ ਬਜਟ ਪੰਜਾਬ ਲਈ ਬੇਹੱਦ ਨਿਰਾਸ਼ਾਜਨਕ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਬਜਟ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਸੌਤੇਲਾ ਸਲੂਕ ਕਰ ਰਹੀ ਹੈ ਅਤੇ ਸੂਬੇ ਦੀਆਂ ਅਹਿਮ ਲੋੜਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ।



ਘੁਬਾਇਆ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ, ਨੌਜਵਾਨਾਂ, ਮਜ਼ਦੂਰ ਵਰਗ ਅਤੇ ਉਦਯੋਗਕ ਖੇਤਰ ਲਈ ਇਸ ਬਜਟ ਵਿੱਚ ਕੋਈ ਵੀ ਠੋਸ ਰਾਹਤ ਨਹੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਆਪਣੇ ਬਜਟ ਭਾਸ਼ਣ ਦੌਰਾਨ ਪੰਜਾਬ ਦੇ ਹਿੱਤਾਂ ਸਬੰਧੀ ਕੋਈ ਵੱਡਾ ਐਲਾਨ ਜਾਂ ਵਿਸ਼ੇਸ਼ ਯੋਜਨਾ ਨਹੀ ਦਿੱਤੀ, ਜਿਸ ਕਾਰਨ ਸੂਬੇ ਦੇ ਲੋਕਾਂ ਵਿੱਚ ਭਾਰੀ ਨਿਰਾਸ਼ਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਕਰਜ਼ੇ, ਬੇਰੁਜ਼ਗਾਰੀ ਅਤੇ ਖੇਤੀਬਾੜੀ ਸੰਕਟ ਨਾਲ ਜੂਝ ਰਿਹਾ ਹੈ, ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਸੂਬੇ ਲਈ ਕੋਈ ਖਾਸ ਆਰਥਿਕ ਪੈਕੇਜ ਜਾਂ ਵਿਸ਼ੇਸ਼ ਮਦਦ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਸਿਰਫ਼ ਕੁਝ ਚੁਣਿੰਦੇ ਸੂਬਿਆਂ ਨੂੰ ਫਾਇਦਾ ਪਹੁੰਚਾਉਣ ਵਾਲੀਆਂ ਨੀਤੀਆਂ ਅਪਣਾ ਰਹੀ ਹੈ, ਜਦਕਿ ਪੰਜਾਬ ਵਰਗਾ ਸਰਹੱਦੀ ਅਤੇ ਖੇਤੀਪ੍ਰਧਾਨ ਸੂਬਾ ਹਮੇਸ਼ਾਂ ਅਣਡਿੱਠਾ ਕੀਤਾ ਜਾਂਦਾ ਹੈ।

ਵਿਧਾਇਕ ਦਵਿੰਦਰ ਸਿੰਘ ਘੁਬਾਇਆ ਨੇ ਬਜਟ ਦੀ ਆਲੋਚਨਾ ਕਰਦਿਆਂ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਕਿਸਾਨੀ ਸੰਕਟ ਨਾਲ ਜੂਝ ਰਹੇ ਲੋਕਾਂ ਲਈ ਬਜਟ ਵਿੱਚ ਕੋਈ ਢੁਕਵਾਂ ਉਪਾਅ ਨਹੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਨਾਂ ਤਾਂ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਗਈ ਹੈ ਅਤੇ ਨਾਂ ਹੀ ਕਰਜ਼ਾ ਮੁਆਫ਼ੀ ਵਰਗੇ ਮੁੱਦਿਆਂ 'ਤੇ ਕੋਈ ਸਪਸ਼ਟਤਾ ਹੈ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਬਾਰੇ ਬਜਟ ਪੂਰੀ ਤਰ੍ਹਾਂ ਖ਼ਾਮੋਸ਼ ਹੈ। ਮਹਿੰਗਾਈ 'ਤੇ ਕਾਬੂ ਪਾਉਣ ਲਈ ਵੀ ਕੋਈ ਠੋਸ ਕਦਮ ਨਹੀ ਚੁੱਕੇ ਗਏ, ਜਿਸ ਨਾਲ ਆਮ ਪਰਿਵਾਰਾਂ 'ਤੇ ਵਿੱਤੀ ਬੋਝ ਹੋਰ ਵਧੇਗਾ। ਸਾਬਕਾ ਵਿਧਾਇਕ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਨੇ ਇਸ ਬਜਟ ਰਾਹੀ ਇੱਕ ਵਾਰ ਫਿਰ ਲੋਕ ਵਿਰੋਧੀ ਨੀਤੀਆਂ ਨੂੰ ਅੱਗੇ ਵਧਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਬਜਟ ਦੀ ਕੜੀ ਨਿੰਦਾ ਕਰਦੀ ਹੈ ਅਤੇ ਆਮ ਲੋਕਾਂ ਦੇ ਹੱਕਾਂ ਲਈ ਹਰ ਪੱਧਰ 'ਤੇ ਸੰਘਰਸ਼ ਜਾਰੀ ਰੱਖੇਗੀ।

ਘੁਬਾਇਆ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੀ ਆਰਥਿਕ ਹਾਲਤ, ਖੇਤੀਬਾੜੀ ਸੰਕਟ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਨੂੰ ਧਿਆਨ ਵਿੱਚ ਰੱਖਦਿਆਂ ਸੂਬੇ ਲਈ ਵਿਸ਼ੇਸ਼ ਆਰਥਿਕ ਪੈਕੇਜ ਦਾ ਤੁਰੰਤ ਐਲਾਨ ਕੀਤਾ ਜਾਵੇ।

# ਬਿਮਾਰੀ ਦੇ ਖ਼ਰਚਿਆਂ ਤੋਂ ਖਹਿੜਾ ਛੁਡਾਵੇਗੀ ਸਿਹਤ ਬੀਮਾ ਯੋਜਨਾ: ਚੇਅਰਮੈਨ ਰਾਜਾ

ਫਤਿਹਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਮਾਰਕੀਟ



ਕਮੇਟੀ ਚੇਅਰਮੈਨ ਰਸ਼ਪਿੰਦਰ ਸਿੰਘ ਰਾਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਵਿੱਚ ਸਿਹਤ ਬੀਮਾ ਯੋਜਨਾ ਦੀ ਬੜੀ ਚਰਚਾ ਹੋ ਰਹੀ ਹੈ, ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਲੱਖਾਂ ਪਰਿਵਾਰਾਂ ਦੀ ਭਲਾਈ ਲਈ ਇਹ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਦੇ ਤਹਿਤ ਪੰਜਾਬ ਦੇ ਹਰ ਇੱਕ ਨਾਗਰਿਕ ਦਾ 10 ਲੱਖ ਤੱਕ ਦਾ ਇਲਾਜ ਮੁਫਤ ਕੀਤਾ ਜਾਵੇਗਾ।

ਚੇਅਰਮੈਨ ਰਾਜਾ ਨੇ ਦੱਸਿਆ ਕਿ ਵੱਡੇ ਵੱਡੇ ਪਰਾਈਵੇਟ ਹਸਪਤਾਲ ਅਤੇ ਸਰਕਾਰੀ ਹਸਪਤਾਲਾਂ ਦੇ ਵਿੱਚ ਇਹ ਕਾਰਡ ਚੱਲ ਰਿਹਾ ਹੈ ਤੇ ਇਹ ਕਾਰਡ ਬਣਨ ਤੋਂ ਤੁਰੰਤ ਬਾਅਦ ਸ਼ੁਰੂ ਹੋ ਜਾਂਦਾ ਹੈ ਜਿਸ ਦੇ ਨਾਲ ਪੰਜਾਬ ਦੇ ਹਜ਼ਾਰਾਂ ਲੱਖਾਂ ਲੋਕ ਫਾਇਦਾ ਲੈ ਰਹੇ ਨੇ। ਉਨ੍ਹਾਂ ਕਿਹਾ ਕਿ ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਖਾਸ ਕਰ ਕਾਂਗਰਸ ਅਕਾਲੀ ਭਾਜਪਾ ਦੇ ਲੀਡਰਾਂ ਨੂੰ ਕਹਿਣਾ ਚਾਹੁੰਦਾ ਕਿ ਹਰ ਇੱਕ ਕੰਮ ਤੇ ਸਰਕਾਰ ਦੀਆਂ ਲੱਤਾਂ ਖਿੱਚਣ ਦੀ ਬਜਾਏ ਚੰਗੇ ਕੰਮਾਂ ਦੀ ਸਲਾਘਾ ਕਰਨੀ ਵੀ ਬਣਦੀ ਹੈ, ਇਹ ਸਕੀਮ ਜਿੱਥੇ ਪੰਜਾਬ ਦੇ ਲੋਕਾਂ ਲਈ ਲਗਾਤਾਰ ਵਰਦਾਨ ਸਾਬਿਤ ਹੋ ਰਹੀ ਹੋਵੇਗੀ,ਉੱਥੇ ਅਮੀਰ ਤੇ ਗਰੀਬ ਘਰਾਂ ਦੇ ਬਿਮਾਰੀਆਂ ਕਾਰਨ ਹੁੰਦੇ ਖਰਚੇ ਖਤਮ ਹੋ ਜਾਣਗੇ, ਉਨ੍ਹਾਂ ਕਿਹਾ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਸੀਸਾਂ ਦੇ ਰਹੇ ਨੇ ਕਿਉਂਕਿ ਕਈ ਵਾਰ ਆਮ ਲੋਕਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਮੌਤਾਂ ਮਹਿੰਗੇ ਇਲਾਜਾਂ ਤੋਂ ਵਾਂਝੇ ਹੋਣ ਕਰਕੇ ਹੋ ਜਾਂਦੀਆਂ ਸੀ। ਮੈਂ ਸਾਰਿਆਂ ਨੂੰ ਅਪੀਲ ਕਰਦਾ ਕਿ ਆਪਾਂ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇਸ ਸਕੀਮ ਦਾ ਵੱਧ ਤੋਂ ਵੱਧ ਫਾਇਦਾ ਉਠਾਈਏ ਤੇ ਆਪਣੇ ਆਸ-ਪਾਸ ਦੇ ਲੋਕਾਂ ਨੂੰ ਜਾਗਰੂਕ ਕਰੀਏ ਇਸ ਕਾਰਡ ਨੂੰ ਬਣਾਉਣ ਦੇ ਲਈ ਤਾਂ ਜੋ ਜਿਹੜਾ ਸਰਕਾਰ ਦੇ ਵੱਲੋਂ ਇਹ ਵੱਖਰਾ ਉਪਰਾਲਾ ਤੇ ਵਿਲੱਖਣ ਉਪਰਾਲਾ ਕੀਤਾ ਗਿਆ ਜਿਸ ਦੇ ਨਾਲ ਪੰਜਾਬ ਦੇ ਲੋਕਾਂ ਦਾ ਵੱਡਾ ਫਾਇਦਾ ਹੋ ਸਕਦਾ ਹੈ ਉਹ ਪੰਜਾਬ ਦੇ ਹਰ ਇੱਕ ਨਾਗਰਿਕ ਤੱਕ ਪਹੁੰਚ ਸਕੇ।

# ਸਫ਼ਾਈ ਕਰਮਚਾਰੀ ਕਮਿਸ਼ਨ ਸਫ਼ਾਈ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ: ਚੰਦਨ ਗਰੇਵਾਲ

ਫ਼ਤਿਹਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸਫਾਈ ਕਰਮਚਾਰੀਆਂ ਦੀ ਬਿਹਤਰੀ ਲਈ ਵਚਨਬੱਧ ਹੈ। ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਵੱਲੋਂ ਸੂਬੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਯਕੀਨੀ ਬਣਾਉਣ 'ਚ ਕੋਈ ਕਸਰ ਬਾਕੀ ਨਹੀ ਛੱਡੀ ਜਾ ਰਹੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਚੰਦਨ ਗਰੇਵਾਲ ਨੇ ਬੱਚਤ ਭਵਨ ਵਿਖੇ ਵੱਖ-ਵੱਖ ਵਿਭਾਗਾਂ ਤੇ ਨਗਰ ਕੌਸਲ ਸਰਹਿੰਦ, ਅਮਲੋਹ, ਮੰਡੀ ਗੋਬਿੰਦਗੜ੍ਹ, ਬੱਸੀ ਪਠਾਣਾ ਤੇ ਨਗਰ ਪੰਚਾਇਤ ਖਮਾਣੋ ਦੇ ਅਧਿਕਾਰੀਆਂ ਅਤੇ ਸਫਾਈ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਇਸ ਮੌਕੇ ਸਫਾਈ ਕਰਮਚਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਵੀ ਸੁਣੀਆਂ।



ਇਸ ਮੌਕੇ ਉਨ੍ਹਾਂ ਕਿਹਾ ਕਿ ਸਫ਼ਾਈ ਕਰਮਚਾਰੀ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਅਤੇ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਇਸ ਮੌਕੇ ਮੁੱਖ ਮੰਤਰੀ ਫੀਲਡ ਅਫਸਰ ਸ਼ੰਕਰ ਸ਼ਰਮਾ, ਡੀ ਐੱਸ ਪੀ ਇੰਦਰਪ੍ਰੀਤ ਸਿੰਘ, ਐਸ ਐਮ ਓ ਡਾ. ਕੇ. ਡੀ. ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਚੇਅਰਮੈਨ ਚੰਦਨ ਗਰੇਵਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਦਾ ਉਦੇਸ਼ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ, ਉਨ੍ਹਾਂ ਦਾ ਹੱਲ ਕਰਨਾ ਅਤੇ ਉਨ੍ਹਾਂ ਦੀ ਭਲਾਈ ਨਾਲ ਜੁੜੀਆਂ ਯੋਜਨਾਵਾਂ ਦੀ ਸਮੀਖਿਆ ਕਰਨਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਗਰੇਵਾਲ ਨੇ ਕਿਹਾ ਕਿ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ। ਇਸ ਦੇ ਨਾਲ ਹੀ, ਕੁਝ ਮੰਗਾਂ ਹਨ ਜੋ ਸੂਬਾ ਪੱਧਰ 'ਤੇ ਹਨ, ਜਿਨ੍ਹਾਂ ਨੂੰ ਸੂਬਾ ਸਰਕਾਰ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਵੀ ਜਲਦੀ ਹੱਲ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨੂੰ ਉਨ੍ਹਾਂ ਦੀ ਤਨਖਾਹ ਸਮੇਂ ਸਿਰ ਦਿੱਤੀ ਜਾਵੇ, ਸੁਰੱਖਿਆ ਉਪਕਰਣ ਅਤੇ ਲੋੜੀਦੀ ਸਿਖਲਾਈ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਕਰਮਚਾਰੀ ਅਣਗੌਲਿਆ ਮਹਿਸੂਸ ਨਾ ਕਰੇ। ਉਨ੍ਹਾਂ ਨੇ ਕਿਹਾ ਕਿ ਸਮਾਜ ਵਿਚ ਸਫਾਈ ਕਰਮਚਾਰੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਿਰਫ਼ ਸ਼ਬਦਾਂ 'ਚ ਹੀ ਨਹੀ, ਸਗੋਂ ਠੋਸ ਕਾਰਵਾਈਆਂ ਰਾਹੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸਰਕਾਰ, ਕਰਮਚਾਰੀਆਂ ਦੀ ਭਲਾਈ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਮਿਸ਼ਨ ਇਸ ਦਿਸ਼ਾ ਵਿਚ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਮੀਟਿੰਗ ਦੇ ਅੰਤ ਵਿਚ, ਉਨ੍ਹਾਂ ਨੇ ਮੌਜੂਦ ਸਫ਼ਾਈ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

# ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਭਰਤਗੜ੍ਹ ਵਲੋਂ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਯਾਦ ਵਿੱਚ ਦੋ ਰੋਜ਼ਾ ਕਬੱਡੀ ਕੱਪ

ਸ੍ਰੀ ਕੀਰਤਪੁਰ ਸਾਹਿਬ, 2 ਫਰਵਰੀ (ਬੀ.ਐਸ. ਰਾਣਾ): ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਸੰਤ ਬਾਬਾ ਪਰਮਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੀ ਰਹਿਨੁਮਾਈ ਹੇਠ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਭਰਤਗੜ੍ਹ ਵਲੋਂ ਭਰਤਗੜ ਵਿਖੇ ਦੋ ਰੋਜ਼ਾ 6ਵਾਂ ਕਬੱਡੀ ਕੱਪ ਕਰਵਾਇਆ ਗਿਆ।ਜਿਸ ਵਿੱਚ ਪੰਜਾਬ ਹਰਿਆਣਾ ਹਿਮਾਚਲ ਦੀਆਂ ਟੀਮਾਂ ਨੇ ਹਿੱਸਾ ਲਿਆ।



ਇਸ ਕਬੱਡੀ ਕੱਪ ਵਿੱਚ ਮਨੀਆ ਪਰਮੰਨੀਆਂ 40 ਤੋਂ ਜਿਆਦਾ ਟੀਮਾਂ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਵਿੱਚ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਕੇ ਐਲ ਠਾਕੁਰ, ਡਾਕਟਰ ਦਲਜੀਤ ਸਿੰਘ ਚੀਮਾ ਸਾਬਕਾ ਸਿੱਖਿਆ ਮੰਤਰੀ ਪੰਜਾਬ, ਭਾਜਪਾ ਆਗੂ ਸੁਭਾਸ਼ ਸ਼ਰਮਾ,ਅਰਵਿੰਦ ਮਿੱਤਲ, ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਦੇ ਸਪੁੱਤਰ ਰਾਣਾ ਵਿਸ਼ਵਪਾਲ ਸਿੰਘ ਪੁੱਜੇ ਹੋਏ ਸਨ।

ਕਬੱਡੀ ਕੱਪ ਦੇ ਨਤੀਜੇ ਜਾਰੀ ਕਰਦੇ ਹੋਏ ਕਲੱਬ ਦੇ ਅਹੁਦੇਦਾਰਾਂ ਜਸਪਾਲ ਸਿੰਘ ਤੇ ਅਜੀਤਪਾਲ ਰਾਣਾ ਨੇ ਸਾਂਝੇ ਤੌਰ ਤੇ ਦੱਸਿਆ ਕਿ ਭਾਰ 35 ਕਿੱਲੋ ਵਰਗ ਚ ਘਲਾਲ ਨੇ ਭਰਤਗੜ੍ਹ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਭਾਰ 42 ਕਿੱਲੋ ਚ ਜੋਗੀ ਪੀਰ ਨੰਗਲ ਨੇ ਘਲਾਲ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਭਾਰ 52 ਕਿੱਲੋ ਵਰਗ ਚ ਪੱਖੋਵਾਲ ਨੇ ਨੱਤ ਬੁਰਜ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਭਾਰ 60 ਕਿੱਲੋ ਵਰਗ ਚ ਕੰਡਿਆਲਾ ਨੇ ਸਕਰਪੁਰ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਭਾਰ 68 ਕਿੱਲੋ ਵਰਗ ਚ ਠੱਠੀ ਭਾਈ ਮੋਗਾ ਨੇ ਸ਼ਾਮ ਚੁਰਾਸੀ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਭਾਰ 75 ਕਿੱਲੋ ਵਰਗ ਓਪਨ ਵਿੱਚ ਭਗਵਾਨਪੁਰ ਨੇ ਰੰਧਾਵਾ ਮਸੰਦਾ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਜੇਤੂ ਤੇ ਉਪ ਜੇਤੂ ਟੀਮ ਨੂੰ 25 ਹਜਾਰ ਅਤੇ 18 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਕੁੜੀਆ ਦੇ ਸਰਕਲ ਓਪਨ ਮੁਕਾਬਲੇ ਚ ਲੈਂਡ ਮਾਰਗ ਮਹਿਣਾ ਨੇ ਜੋਧਪੁਰ ਚੀਮਾ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜੇਤੂ ਟੀਮ ਨੂੰ 15 ਹਜ਼ਾਰ ਰੁਪਏ ਅਤੇ ਉਹ ਜੇਤੂ ਟੀਮ ਨੂੰ 11ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਕੁੜੀਆ ਦੇ ਨੈਸ਼ਨਲ ਮੁਕਾਬਲੇ ਚ ਦਭੋਟਾ ਏ ਟੀਮ ਨੇ ਦਭੋਟਾ ਬੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਰੱਸਾਕੱਸੀ ਦੇ ਮੁਕਾਬਲੇ ਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਨੇ ਫਰੈਂਡਜ ਕਲੱਬ ਭਰਤਗੜ੍ਹ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਪਹਿਲੇ ਦਿਨ ਢਾਡੀ ਜਤਿੰਦਰ ਸਿੰਘ ਬੈਂਸ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਸ਼੍ਰੀ ਗੁਰੂ ਤੇਗ ਬਹਾਦਰ ਗੱਤਕਾ ਅਖਾੜਾ ਭਰਤਗੜ੍ਹ ਨੇ ਵੀ ਗਰਾਊਡ ਚ ਗੱਤਕਾ ਖੇਡ ਕੇ ਆਪਣੇ ਜੌਹਰ ਵਿਖਾਏ।ਪਿੰਡ ਦੀਆਂ ਧੀਆਂ ਵਲੋਂ ਧਾਰਮਿਕ ਸ਼ਬਦ ਅਤੇ ਕਵੀਸ਼ਰੀ ਗਾਈ ਗਈ। ਟੂਰਨਾਮੈਂਟ ਦੌਰਾਨ ਖਿਡਾਰੀਆਂ ਦੀ ਰਿਹਾਇਸ਼ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਤੋਂ ਇਲਾਵਾ ਗੁਰੂ ਦਾ ਲੰਗਰ ਅਟੁੱਟ ਚੱਲਦਾ ਰਿਹਾ।

ਇਸ ਮੌਕੇ ਸੁੱਚਾ ਸਿੰਘ ਸਰਸਾ ਨੰਗਲ,ਗੁਰਨਾਮ ਸਿੰਘ ਬਲਾਕ ਸੰਮਤੀ ਮੈਂਬਰ, ਐਡ. ਵਿਸ਼ਾਲ ਸੈਣੀ, ਸਰਬਜੀਤ ਸਿੰਘ ਪ੍ਰਿੰਸੀਪਲ ਪਰਿਵਾਰ ਵਿਛੋੜਾ ਸਕੂਲ, ਸਵਰਨਜੀਤ ਸਿੰਘ ਬੌਬੀ, ਹਰਮੇਸ਼ ਸਿੰਘ, ਜਰਨੈਲ ਸਿੰਘ ਸਹੋਤਾ, ਯੋਗੇਸ਼ ਪੁਰੀ, ਰਜਨੀਸ਼ ਪੁਰੀ, ਬਲਵਿੰਦਰ ਸਿੰਘ ਢਿੱਲੋਂ, ਸੋਨੀਆ ਪੁਰੀ, ਮਿਸ਼ੂ ਪੁਰੀ, ਮਨੋਜ ਪੁਰੀ, ਕੈਪਟਨ ਹਰੀਅਵਤਾਰ ਸਿੰਘ ,ਈਸ਼ਰ ਸਿੰਘ ਰਾਣਾ, ਹਰਕਿਰਪਾਲ ਸਿੰਘ ਰਾਣਾ, ਇਕਬਾਲ ਸਿੰਘ, ਸੁਰਿੰਦਰ ਭੱਲਾ ਵੇਟ ਲਿਫਟਿੰਗ ਕੋਚ, ਜਸਪਾਲ ਸਿੰਘ, ਅਜੀਤਪਾਲ ਰਾਣਾ, ਸੁਖਦੇਵ ਸਿੰਘ ਜਿੰਦਰ ਬੈਂਸ, ਮਨਜੀਤ ਢਿੱਲੋਂ, ਲੱਕੀ ਰੰਧਾਵਾ, ਗੁਰਨਾਮ ਢਿੱਲੋਂ, ਜੱਗਾ ਢਿੱਲੋਂ, ਬਿੰਦੀ ਲੰਬੜਦਾਰ, ਸੁਖਵਿੰਦਰ ਸਿੰਘ, ਵਰਿੰਦਰ ਰਾਣਾ, ਮਨਦੀਪ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

## ਫਤਿਹਗੜ੍ਹ ਸਾਹਿਬ ਦੇ ਵੱਖੋ-ਵੱਖ ਪਿੰਡਾਂ 'ਚ ਮਨਾਈ ਗਈ ਰਵਿਦਾਸ ਜੈਯੰਤੀ



ਫਤਿਹਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਹਲਕਾ ਫਤਿਹਗੜ੍ਹ ਸਾਹਿਬ ਦੇ ਵਧੇਰੇ ਪਿੰਡਾਂ ਦੇ ਵਿੱਚ ਰਵਿਦਾਸ ਜੈਅੰਤੀ ਦਾ ਪ੍ਰੋਗਰਾਮ ਬਹੁਤ ਹੀ ਧੂਮਧਾਮ ਅਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ। ਕੁਝ ਪਿੰਡਾਂ ਦੇ ਵਿੱਚ ਦਿਨ ਵੇਲੇ ਮਨਾਇਆ ਗਿਆ ਅਤੇ ਕੁਝ ਦੇ ਵਿੱਚ ਰਾਤ ਸਮੇਂ ਮਨਾਇਆ ਗਿਆ। ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਵਧੇਰੇ ਪਿੰਡਾਂ ਦੇ ਵਿੱਚ ਹਾਜ਼ਰੀ ਲਗਵਾਈ ਗਈ। ਇਸ ਸਬੰਧੀ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649 ਵਾਂ ਪ੍ਰਕਾਸ਼ ਪੁਰਬ ਦੇਸ਼ ਵਿੱਚ ਹੀ ਨਹੀ ਵਿਦੇਸ਼ਾਂ ਦੇ ਵਿੱਚ ਵੀ ਧੂਮ ਧਾਮ ਦੇ ਨਾਲ ਮਨਾਇਆ ਗਿਆ ਹੈ। ਸਤਿਗੁਰੂ ਰਵਿਦਾਸ ਜੀ ਨੇ ਜਾਤ ਪਾਤ ਦਾ ਖੰਡਨ ਕੀਤਾ ਅਤੇ ਸਾਨੂੰ ਸਮਾਜਿਕ ਕੁਰੀਤੀਆਂ ਤੋਂ ਬਚਾਉਣ ਦੇ ਲਈ ਪ੍ਰੇਰਿਤ ਕੀਤਾ ਹੈ। ਸਾਨੂੰ ਅਜਿਹੇ ਮਹਾਂਪੁਰਸ਼ਾਂ ਨੂੰ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ। ਪਿੰਡਾਂ ਦੇ ਵਿੱਚ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਮੁੱਖ ਮਨੋਰਥ ਉਨਾਂ ਦੀ ਜੀਵਨੀ ਅਤੇ ਉਦੇਸ਼ ਬਾਰੇ ਆਉਣ ਵਾਲੀਆਂ ਪੀੜੀਆਂ ਨੂੰ ਜਾਗਰੂਕ ਕਰਨਾ ਹੈ। ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਉਹਨਾਂ ਦੀ ਬਾਣੀ ਦਰਜ ਹੈ, ਜਿਸ ਨੂੰ ਪੜ੍ਹ ਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਸਾਨੂੰ ਉਹਨਾਂ ਦੇ ਦਰਸਾਏ ਮਾਰਗ ਦੇ ਉੱਤੇ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ।

## ਭਗਤ ਰਵਿਦਾਸ ਜੀ ਦਾ 649ਵਾਂ ਜਨਮ ਦਿਹਾੜਾ ਮਨਾਇਆ

ਗੜ੍ਹਦੀਵਾਲਾ, 2 ਫਰਵਰੀ (ਗੌਰਵ): ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਬਾਹਲੇ ਵਿਖੇ ਭਗਤ ਰਵਿਦਾਸ ਜੀ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਸ ਦੇ ਉਪਰੰਤ ਹਜੂਰੀ ਰਾਗੀ ਗੁਰੂਦੁਆਰਾ ਰਾਮਪੁਰ ਖੇੜਾ ਸਾਹਿਬ ਵਾਲਿਆਂ ਵੱਲੋਂ ਸ਼ਬਦ ਕੀਰਤਨ ਸੰਗਤਾਂ ਨੂੰ ਸੁਣਾਇਆ ਗਿਆ।

ਉਸ ਦੇ ਉਪਰੰਤ ਦਵਿੰਦਰ ਸਿੰਘ ਤੇ ਪਿੰਡ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਉਸ ਦੇ ਉਪਰੰਤ ਗੁਰ. ਰਾਮਪੁਰ ਖੇੜਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੇਵਾ ਸਿੰਘ ਜੀ ਵੱਲੋਂ ਭੇਜੀ ਗਏ ਸਰਦਾਰ ਭੁਪਿੰਦਰ ਸਿੰਘ ਤੇ ਹੋਰ ਸਿੰਘਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਭੁਪਿੰਦਰ ਸਿੰਘ ਬੋਲੋ ਭਗਤ ਰਵਿਦਾਸ ਮਹਾਰਾਜ ਜੀ ਦੀ ਉਪਮਾ ਕੀਤੀ ਗਈ ਤੇ ਨਾਲ ਹੀ ਉਨਾਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਨਾਲ ਹੀ ਉਹਨਾਂ ਨੇ ਹਰ ਸੰਭਵ ਮਦਦ ਦੇਣ ਦੀ ਗੱਲ ਵੀ ਕਹੀ। ਪ੍ਰਬੰਧਕ ਕਮੇਟੀ ਵੱਲੋਂ ਭੁਪਿੰਦਰ ਸਿੰਘ ਨੂੰ ਸਿਰੋਪਾ ਪਾਇਆ ਗਿਆ। ਇਸ ਮੌਕੇ ਤੇਂ ਭੁਪਿੰਦਰ ਸਿੰਘ ਰਾਮਪੁਰ ਖੇੜਾ ਸਾਹਿਬ ਵਾਲੇ ਤੇ ਪ੍ਰਧਾਨ ਹਰਵੰਤ ਸਿੰਘ, ਪਰਮਜੀਤ ਸਿੰਘ ਬਾਹਲਾ, ਪੰਚ ਜਸਵੀਰ ਸਿੰਘ, ਸੁਖਬੀਰ ਸਿੰਘ, ਪਲਵਿੰਦਰ ਸਿੰਘ ਦਵਿੰਦਰ ਸਿੰਘ, ਬਲਵੀਰ ਸਿੰਘ, ਅਜੀਤ ਸਿੰਘ, ਦਲਜੀਤ ਸਿੰਘ ਤੇ ਪਿੰਡ ਦੀਆਂ ਸੰਗਤਾਂ ਹਾਜ਼ਰ ਸਨ।

# ਅਕਾਲੀ ਦਲ ਵਾਰਸ ਪੰਜਾਬ ਦੀ ਦਲਜੀਤ ਸਿੰਘ ਮਿਆਦੀਆ ਦੀ ਅਗਵਾਈ ਹੇਠ ਕਾਨਫਰੰਸ

ਚੋਗਾਵਾਂ, 2 ਫਰਵਰੀ (ਸੁਬੇਗ ਸਿੰਘ ਸੋਨਾ): ਜਿਲਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਔਲਖ ਦੇ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਅੱਜ ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਪੰਜਾਬ ਵੱਲੋਂ ਪੰਥ ਬਚਾਓ ਪੰਜਾਬ ਬਚਾਓ ਤਹਿਤ ਵਿਸ਼ਾਲ ਕਾਨਫਰੰਸ ਮਿਹਨਤੀ ਤੇ ਜੁਝਾਰੂ ਆਗੂ ਦਲਜੀਤ ਮਿਆਦੀਆ ਦੀ ਅਗਵਾਈ ਹੇਠ ਹੋਈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਵਰਕਰਾਂ ਦਾ ਇਕੱਠ ਦੇਖਣ ਨੂੰ ਮਿਲਿਆ।



ਜਿਸ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ , ਸਰਪੰਚ ਚਰਨਜੀਤ ਸਿੰਘ ਗਾਲਬ, ਭਾਈ ਸਰਬਜੀਤ ਸਿੰਘ ਖਾਨਪੁਰ , ਨਾਥਵਿੰਦਰ ਸਿੰਘ ਹਲਕਾ ਇੰਚਾਰਜ, ਭਾਈ ਚਮਕੌਰ ਸਿੰਘ, ਭਾਈ ਰਜਿੰਦਰ ਸਿੰਘ ਤਲਵੰਡੀ, ਅਮਰਜੀਤ ਸਿੰਘ ਵਨ ਚੜੀ ਸ਼ਮਸ਼ੇਰ ਸਿੰਘ, ਭਾਈ ਸਰਬਜੀਤ ਸਿੰਘ ਭਾਈ ਸੁਖਬੀਰ ਸਿੰਘ ਬਾਬਾ ਬਕਾਲਾ, ਜੁਗਰਾਜ ਸਿੰਘ, ਗੁਰਵਿੰਦਰ ਸਿੰਘ ਜੀ ਹਲਕਾ ਫਤਿਹਗੜ੍ਹ ਸਾਹਿਬ ਪਰਮਜੀਤ ਸਿੰਘ ਚੋਹਲਾ, ਭਾਈ ਚਮਕੌਰ ਸਿੰਘ, ਭਾਈ ਰਜਿੰਦਰ ਸਿੰਘ ਤਲਵੰਡੀ, ਅਮਰਜੀਤ ਸਿੰਘ ਆਦਿ ਨੇ ਸ਼ਿਰਕਤ ਕੀਤੀ। ਇਸ ਮੌਕੇ ਦਲਜੀਤ ਸਿੰਘ ਮਿਆਦੀਆਂ ਜੀ ਨੇ ਭਰਵੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕੇ ਵਾਰਿਸ ਪੰਜਾਬ ਪਾਰਟੀ ਦੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਤੇ ਨਜਾਇਜ਼ ਐਨ.ਆਈ.ਐਸ. ਲਗਾ ਕੇ ਪਿਛਲੇ ਕਈ ਸਾਲਾ ਤੋ ਡਿਬਰੂਗੜ ਜੇਲ੍ਹ ਵਿੱਚ ਬੰਦ ਕੀਤਾ ਹੈ।

ਉਨ੍ਹਾਂ ਪੰਜਾਬ ਦੀਆ ਸਿਆਸੀ ਪਾਰਟੀਆਂ ਤੇ ਤਾਬੜ ਤੋੜ ਹਮਲੇ ਕਰਦਿਆ ਕੇ ਇਹਨਾ ਸਿਆਸੀ ਪਾਰਟੀਆ ਨੇ ਜਿਸ ਤਰ੍ਹਾਂ ਪੰਜਾਬ ਨੂੰ ਲੁੱਟਿਆ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕਿਆ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੰਜਾਬ ਵਾਸੀਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਲਿਆਂਦੀ ਪਰ ਉਹਨਾਂ ਨੇ ਵੀ ਕੋਈ ਕੰਮ ਨਹੀ ਕੀਤਾ। ਇਸ ਮੌਕੇ ਦਲਜੀਤ ਸਿੰਘ ਮਿਆਦੀਆਂ ਨੇ ਆਏ ਹੋਏ ਪਾਰਟੀ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਬਾਪੂ ਤਰਸੇਮ ਸਿੰਘ ਤੇ ਹੋਰਨਾ ਆਗੂਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।

ਇਸ ਮੌਕੇ ਜਸਪਾਲ ਸਿੰਘ ਭਲਵਾਨ ਬੋਹਲੀਆਂ, ਚਰਨਜੀਤ ਸਿੰਘ ਜਸਤਰਵਾਲ,ਪ੍ਰਗਟ ਸਿੰਘ ਮੀਆਵਿੰਡ, ਸੁਖਜੀਤ ਸਿੰਘ ਗਿੱਲ ਖਾਨਪੁਰ, ਬਾਬਾ ਕਾਹਨ ਸਿੰਘ ਜਸਰਾਊਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜਰ ਸਨ। ਅਖੀਰ ਦੇ ਵਿੱਚ ਦਲਜੀਤ ਸਿੰਘ ਮਿਆਦੀਆਂ ਜੀ ਦੇ ਵੱਲੋਂ ਆਏ ਹੋਏ ਵਲੰਟੀਅਰਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।

## ਸਫ਼ਾਈ ਕਰਮਚਾਰੀਆਂ ਵੱਲੋਂ ਬੈਂਕ ਬਾਹਰ ਰੋਸ

ਭੋਗਪੁਰ, 2 ਫਰਵਰੀ (ਜੰਡੀਰ ਸੈਣੀ) ਭੋਗਪੁਰ ਦੀ ਯੂਨੀਅਨ ਬੈਂਕ ਦੇ ਬਾਹਰ ਭੋਗਪੁਰ ਨਗਰ ਕੌਸਲ ਸਫਾਈ ਕਰਮਚਾਰੀਆਂ ਨੇ ਰੋਸ ਮੁਜ਼ਾਰਾ ਕੀਤਾ.ਰੋਸ ਮਜਾਰਾ ਕਰ ਰਹੇ ਮੁਖੀ ਸੋਨੂ ਨੇ ਕਿਹਾ ਕਿ ਉਹਨਾਂ ਦੀ ਘਰਵਾਲੀ ਪ੍ਰੀਤੀ ਨੇ ਯੂਨੀਅਨ ਬੈਂਕ ਚੋਂ 2 ਲੱਖ ਰੁਪਏ ਦਾ ਲੋਨ ਕਰਵਾਇਆ ਸੀ।



ਉਹਨਾਂ ਦੇ ਅਕਾਊਂਟ ਵਿੱਚ 2 ਲੱਖ ਪਾ ਕੇ ਕਦ ਗਾਇਬ ਕਰ ਦਿੱਤੇ ਗਏ ਉਹਨਾਂ ਨੂੰ ਪਤਾ ਨਹੀ ਲੱਗਣ ਦਿੱਤਾ ਗਿਆ.ਸੋਨੂ ਨੇ ਕਿਹਾ ਕੇ ਉਹਨਾਂ ਨੂੰ 40 ਹਜਾਰ ਨਗਦ ਦਿੱਤਾ ਗਿਆ ਸੀ.ਤੇ ਇੱਕ ਲੱਖ 60 ਹਜਾਰ ਉਹਨਾਂ ਨੂੰ ਨਹੀ ਦਿੱਤਾ ਗਿਆ ਤੇ ਉਹਨਾਂ ਕੋਲੋਂ ਚੈਂਕ ਸਾਈਨ ਕਰਕੇ ਲਏ ਗਏ ਸਨ ਲੋਨ ਦੇਣ ਵਾਸਤੇ, ਉਹਨਾਂ ਨੂੰ ਸ਼ੱਕ ਹੈ ਕਿ ਚੈਂਕ ਤੇ ਪੈਸੇ ਗਾਇਬ ਨਾ ਹੋਏ ਹੋਵਣ ਇਸ ਸਬੰਧੀ ਜਦ ਬੈਂਕ ਮੈਨੇਜਰ ਨੂੰ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਇਹਨਾਂ ਦੇ ਅਕਾਊਂਟ ਵਿੱਚ ਪੈਸੇ ਪਾਏ ਗਏ ਸਨ ਕਿਸ ਨੇ ਕਢਵਾਏ ਹਨ ਜਾਂਚ ਕੀਤੀ ਜਾਵੇਗੀ ਇਹਨਾਂ ਦਾ ਲੋਨ ਭੋਗਪੁਰ ਦੇ ਰਹਿਣ ਵਾਲੇ ਜਗਤਾਰ ਸਿੰਘ ਨੇ ਕੀਤਾ ਸੀ।

ਜੋ ਕਿ ਯੂਨੀਅਨ ਬੈਂਕ ਦਾ ਮੁਲਾਜ਼ਮ ਸੀ, ਜਗਤਾਰ ਸਿੰਘ ਨੇ ਫੋਨ ਰਾਹੀ ਦੱਸਿਆ ਕਿ ਉਹ ਇੱਕ ਮਹੀਨੇ ਤੋਂ ਬੈਂਕ ਦੀ ਸੇਵਾ ਛੱਡ ਚੁੱਕੇ ਹਨ। ਉਹਨਾਂ ਕਿਹਾ ਮੈਂ ਸੋਨੂ ਨੂੰ 40.000 ਨਗਦ ਦਿੱਤਾ ਸੀ। ਤੇ ਬਾਕੀ ਪੈਸੇ ਇਹਨਾਂ ਦੇ ਅਕਾਊਂਡ ਵਿੱਚ ਪਾਏ ਸਨ ਹੋਰ ਕੋਈ ਖਾਸ ਜਾਣਕਾਰੀ ਨਹੀ ਦਿੱਤੀ ਸੋਨੂ ਨੇ ਇਨਸਾਫ ਦੀ ਮੰਗ ਕੀਤੀ ਹੈ, ਉਹਨਾਂ ਕਿਹਾ ਕਿ ਥਾਣਾ ਭੋਗਪੁਰ ਦੀ ਪੁਲਿਸ ਨੂੰ ਵੀ ਸੂਚਿਤ ਕੀਤਾ ਗਿਆ ਹੈ।

# "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ: ਨਰਿੰਦਰਪਾਲ ਸਿੰਘ ਸਵਨਾ



ਫਾਜ਼ਿਲਕਾ, 2 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਤਹਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅਫਸਰ ਨਵੀਨ ਗਡਵਾਲ ਦੀ ਰਹਿਨੁਮਾਈ ਹੇਠ ਸਾਡੇ ਬਜੁਰਗ ਸਾਡਾ ਮਾਣ ਤਹਿਤ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਸਿਹਤ ਸੇਵਾਵਾਂ ਸਬੰਧੀ ਕੈਂਪ ਲਗਾਇਆ ਗਿਆ।

ਜਿਸ 'ਚ ਬਜ਼ੁਰਗਾਂ ਦੇ ਸੀਨੀਅਰ ਸਿਟੀਜਨ ਕਾਰਡ, ਬੁਢਾਪਾ ਪੈਨਸ਼ਨ ਦੇ ਫਾਰਮ ਭਰੇ ਗਏ ਤੇ ਬਜ਼ੁਰਗਾਂ ਨੂੰ ਬੈਂਕਾਂ ਦੀਆਂ ਸਕੀਮਾਂ ਤੇ ਆਨਲਾਈਨ ਫਰਾਡ ਤੋਂ ਬਚਾਅ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਕੈਂਪ 'ਚ ਮੁੱਖ ਮਹਿਮਾਨ ਵਜੋਂ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ. ਫਾਜ਼ਿਲਕਾ ਵੀਰਪਾਲ ਕੌਰ, ਸਿਵਲ ਸਰਜਨ ਡਾ. ਕਵਿਤਾ ਤੇ ਵਿਧਾਇਕ ਸਵਨਾ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਵੀ ਮੌਜੂਦ ਸਨ।

ਕੈਂਪ ਦੌਰਾਨ ਸਮੂਹ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ ਅੱਜ ਦੇ ਇਸ ਕੈਂਪ ਰਾਹੀ ਬਜ਼ੁਰਗਾਂ ਨੂੰ ਇੱਕ ਛੱਤ ਹੇਠਾਂ ਸਿਹਤ ਚੈਂਕਅੱਪ ਕੈਂਪ, ਪੰਜਾਬ ਨੈਸ਼ਨਲ ਬੈਂਕ, ਹੈਲਪ ਡੈਸਕ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਬੁਢਾਪਾ ਪੈਨਸ਼ਨ ਲਈ ਸੇਵਾ ਕੇਂਦਰ ਤੇ ਐਲਿਮਕੋ ਨਾਲ ਸਬੰਧਿਤ ਸਕੀਮਾਂ ਦੀਆਂ ਸਟਾਲਾਂ ਲਗਾ ਕੇ ਸੁਵਿਧਾਵਾਂ ਦਿੱਤੀਆਂ ਗਈਆਂ। ਇਸ ਦੌਰਾਨ ਉਨ੍ਹਾਂ ਕਿਹਾ ਕਿ ਆਉਣ ਵਾਲੇ ਕੁਝ ਦਿਨਾਂ ਬਾਅਦ ਅੰਗਹੀਣ ਤੇ ਦਿਵਿਆਂਗ ਲੋਕਾਂ ਲਈ ਵੀ ਇੱਕ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਉਨ੍ਹਾਂ ਨੂੰ ਮੁਫਤ ਕੰਨਾਂ ਦੇ ਸੁਣਨ ਵਾਲੀਆਂ ਮਸ਼ੀਨਾਂ, ਇਲੈਕਟ੍ਰਿਕ ਟਰਾਈਸਾਈਕਲ ਤੇ ਬਣਾਵਟੀ ਅੰਗ ਵੰਡੇ ਜਾਣਗੇ।

ਉਨ੍ਹਾਂ ਅੱਗੇ ਕਿਹਾ ਕਿ ਬਜ਼ੁਰਗ ਸਾਡਾ ਮਾਣ ਹਨ ਤੇ ਇਨ੍ਹਾਂ ਤੋਂ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਬਜ਼ੁਰਗ ਕੋਲ ਰਹਿਣ ਲਈ ਠਿਕਾਣਾ ਨਹੀ ਹੈ ਤਾਂ ਉਹ ਸਰਕਾਰ ਵੱਲੋਂ ਫਾਜ਼ਿਲਕਾ ਵਿਖੇ ਸਥਾਪਿਤ ਓਲਡ ਏਜ਼ ਹੋਮ ਵਿਖੇ ਰਹਿ ਸਕਦੇ ਹਨ ਜਿੱਥੇ ਬਜ਼ੁਰਗਾਂ ਦੇ ਰਹਿਣ ਸਹਿਣ ਤੇ ਖਾਣ ਪੀਣ ਦੇ ਮੁਫ਼ਤ ਪ੍ਰਬੰਧ ਹੋਣਗੇ। ਉਨ੍ਹਾਂ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਕਿਤੇ ਵੀ ਕੋਈ ਜ਼ਰੂਰਤਮੰਦ ਬਜ਼ੁਰਗਾਂ ਹੈ ਜਾਂ ਫਿਰ ਤੁਹਾਡੇ ਆਂਢ ਗੁਆਂਢ ਸਾਨੂੰ ਬੇਝਿਜਕ ਹੋ ਕੇ ਦੱਸਿਆ ਜਾਵੇ ਤਾਂ ਜੋ ਬਜ਼ੁਰਗ ਦੇ ਰਹਿਣ ਸਹਿਣ ਵਿੱਚ ਉਸਦੀ ਮਦਦ ਕੀਤੀ ਜਾਵੇ।

ਵਿਧਾਇਕ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਿਹਤ ਪੱਖੋਂ ਮੋਹਰੀ ਸੂਬਾ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਸਰਕਾਰੀ ਹਸਪਤਾਲ ਫਾਜ਼ਿਲਕਾ ਵਿੱਚ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ 50 ਡਾਕਟਰ ਤੈਨਾਤ ਕੀਤੇ ਗਏ ਹਨ ਤੇ 7 ਅੱਜ ਵੀ ਨਵੇਂ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਐੱਮ.ਆਰ ਮਸ਼ੀਨ ਵੀ ਜਲਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਲਈ ਇੱਕ ਨਵਾਂ ਹਸਪਤਾਲ ਵੀ 23 ਕਰੋੜ ਦੀ ਲਾਗਤ ਨਾਲ ਤਿਆਰ ਹੋ ਗਿਆ ਹੈ ਤੇ ਇਸ ਹਸਪਤਾਲ 'ਚ ਹਰ ਬਿਮਾਰੀ ਦਾ ਮਾਹਰ ਡਾਕਟਰਾਂ ਵੱਲੋਂ ਇਲਾਜ ਹੋਵੇਗਾ ਤੇ ਕਿਸੇ ਵੀ ਮਰੀਜ਼ ਤੇ ਦੁਰਘਟਾਗ੍ਰਸਤ ਨੂੰ ਫਰੀਦਕੋਟ ਰੈਫਰ ਹੋਣ ਦੀ ਥਾਂ ਫਾਜ਼ਿਲਕਾ ਵਿਖੇ ਹੀ ਉਸਦਾ ਇਲਾਜ ਹੋ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹਰੇਕ ਪਰਿਵਾਰ ਦਾ 10 ਲੱਖ ਦਾ ਸਿਹਤ ਬੀਮਾ ਕਾਰਡ ਬਣੇਗਾ ਤੇ ਲੋਕ ਆਪਣਾ 10 ਲੱਖ ਤੱਕ ਦਾ ਸਾਲਾਨਾ ਇਲਾਜ ਸਰਕਾਰੀ ਤੇ ਮਨਜ਼ੂਰਸੁਦਾ ਪ੍ਰਾਈਵੇਟ ਹਸਪਤਾਲਾਂ 'ਚ ਕਰਵਾ ਸਕਣਗੇ ਤੇ ਇਹ ਇਲਾਜ ਹਸਪਤਾਲਾਂ 'ਚ ਬਿਲਕੁਲ ਮੁਫ਼ਤ ਹੋਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਆਪਣਾ ਆਧਾਰ ਕਾਰਡ ਤੇ ਵੋਟ ਕਾਰਡ ਨਾਲ ਲੈ ਕੇ ਆਪਣਾ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਬਣਵਾ ਲੈਣ, ਇਹ ਕਾਰਡ ਪਿੰਡ ਪਿੰਡ ਜਾ ਕੇ ਵੀ ਬਣਾਏ ਜਾਣਗੇ।

ਇਸ ਉਪਰੰਤ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਕੈਂਪ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਾਲੇ ਡਾਕਟਰਾਂ ਨੂੰ ਸਨਮਾਨਿਤ ਵੀ ਕੀਤਾ।

## ਗੁਰਦਾਸਪੁਰ ਵਿਖੇ 10 ਤੋਂ 13 ਫਰਵਰੀ ਤੱਕ 'ਪੰਜਾਬ ਸਖੀ ਸ਼ਕਤੀ ਮੇਲਾ'



ਗੁਰਦਾਸਪੁਰ, 2 ਫਰਵਰੀ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ "ਪੰਜਾਬ ਸਖੀ ਸ਼ਕਤੀ ਮੇਲਾ" 2026 ਦੀਆਂ ਤਿਆਰੀਆਂ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਮੇਲੇ ਦੀ ਸੁਚਾਰੂ ਪ੍ਰਬੰਧ, ਸੁਰੱਖਿਆ ਪ੍ਰਬੰਧਾਂ ਤੇ ਵਿਭਾਗੀ ਤਾਲਮੇਲ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ।

ਇਸ ਮੌਕੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਪੰਜਾਬ ਸਖੀ ਸ਼ਕਤੀ ਮੇਲਾ-2026' ਪੁਰਾਣਾ ਬੱਸ ਅੱਡਾ, ਗੁਰਦਾਸਪੁਰ ਵਿਖੇ 10 ਤੋਂ 13 ਫਰਵਰੀ ਤੱਕ ਲਗਾਇਆ ਜਾਵੇਗਾ। ਇਹ ਮੇਲਾ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਤੇ ਪੰਜਾਬ ਉਦਯੋਗ ਤੇ ਵਣਜ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਜਾ ਰਿਹਾ ਹੈ। ਗੁਰਪ੍ਰੀਤ ਸਿੰਘ ਗਿੱਲ ਨੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੇਲੇ ਦੀਆਂ ਤਿਆਰੀਆਂ ਸਮੇਂ-ਸਿਰ ਪੂਰੀਆਂ ਕਰਨ ਤੇ ਆਉਣ ਵਾਲੇ ਲੋਕਾਂ ਨੂੰ ਹਰ ਸੰਭਵ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਕਿਰਤਪ੍ਰੀਤ ਕੌਰ, ਐਕਸੀਅਨ ਵਾਟਰ ਸਪਲਾਈ ਕੰਵਰਜੀਤ ਰੱਤੜਾ, ਜੇ.ਈ. ਕਰਨਬੀਰ ਸਿੰਘ, ਅਮਰਪਾਲ ਸਿੰਘ, ਰੁਪਿੰਦਰ ਕੌਰ ਬੀ.ਪੀ.ਐੱਮ, ਬਲਾਕ ਇੰਚਾਰਜ ਹਰਪ੍ਰੀਤ ਕੌਰ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਵਿਭਾਗ ਨੇ ਉਤਸ਼ਾਹ ਨਾਲ ਮਨਾਇਆ 'ਭਾਰਤੀ ਅਖ਼ਬਾਰ ਦਿਵਸ'

ਫ਼ਤਹਿਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵੱਲੋਂ ਭਾਰਤੀ ਅਖ਼ਬਾਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਰੀਲ ਬਣਾਉਣ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵਿਦਿਆਰਥੀਆਂ ਨੇ ਸਮਾਜ ਵਿੱਚ ਅਖ਼ਬਾਰਾਂ ਦੀ ਉਸਾਰੂ ਅਤੇ ਮਹੱਤਵਪੂਰਨ ਭੂਮਿਕਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਮੌਜੂਦਾ ਸੂਚਨਾ ਤਕਨਾਲੋਜੀ ਦੇ ਯੁੱਗ ਵਿੱਚ ਬਾਕੀ ਸੰਚਾਰ ਦੇ ਸਾਧਨਾਂ ਦੇ ਮੁਕਾਬਲੇ ਅਖ਼ਬਾਰਾਂ ਦੀ ਨਿਰਪੱਖਤਾ ਅਤੇ ਭਰੋਸੇਯੋਗਤਾ ਨੂੰ ਵੀ ਉਜਾਗਰ ਕੀਤਾ।



ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪੱਤਰਕਾਰੀ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸੂਚਨਾ ਦਾ ਸਹੀ ਪ੍ਰਚਾਰ-ਪ੍ਰਸਾਰ ਕਰਨ, ਪੱਤਰਕਾਰੀ ਦੀਆਂ ਨੈਤਿਕ ਕਦਰਾਂ ਕੀਮਤਾਂ ਬਣਾਈ ਰੱਖਣ ਅਤੇ ਵਿਕਾਸ ਦੇ ਮੁੱਖ ਮਸਲਿਆਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਅਖ਼ਬਾਰਾਂ ਦਾ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ।

ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਕਿਹਾ ਕਿ ਅਖ਼ਬਾਰਾਂ ਦਾ ਮੁੱਖ ਮੰਤਵ ਬੇਆਵਾਜ਼ ਲੋਕਾਂ ਦੀ ਆਵਾਜ਼ ਬਣਨਾ ਅਤੇ ਲੋਕਾਂ ਤੱਕ ਸੱਚ ਪਹੁੰਚਾਉਣਾ ਹੈ ਜਿਸ ਲਈ ਮਿਆਰੀ ਪੱਤਰਕਾਰੀ ਨੂੰ ਅਭਿਆਸ ਵਿੱਚ ਅਪਣਾਉਣ ਦੀ ਲੋੜ ਹੈ। ਇਸ ਮੁਕਾਬਲੇ ਵਿੱਚ ਐੱਮ.ਏ.ਜੇ.ਐੱਮ.ਸੀ. ਭਾਗ ਦੂਸਰਾ ਦੇ ਸਹਿਬਪ੍ਰੀਤ ਸਿੰਘ, ਅਕਾਂਸ਼ਾ ਕੰਸਲ ਅਤੇ ਭਵਨੀਤ ਕੌਰ, ਐੱਮ.ਏ.ਜੇ.ਐੱਮ.ਸੀ. ਭਾਗ ਪਹਿਲਾ ਦੀ ਰੱਜੀ ਗੁਪਤਾ, ਬੀ.ਏ.ਜੇ.ਐੱਮ.ਸੀ. ਭਾਗ ਦੂਸਰਾ ਦੀ ਹਰਨੀਤ ਕੌਰ, ਬੀ.ਏ.ਜੇ.ਐੱਮ.ਸੀ. ਭਾਗ ਪਹਿਲਾ ਦੇ ਵੈਦੇਹੀ, ਕ੍ਰਿਸ਼ਨਾ, ਦਲਜੀਤ ਸਿੰਘ, ਜਸਲੀਨ ਕੌਰ, ਸਹਿਜਪ੍ਰੀਤ ਕੌਰ ਅਤੇ ਸੰਤੋਸ਼ ਨੇ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਪੱਤਰਕਾਰੀ ਵਿਭਾਗ ਦੇ ਪ੍ਰੋ. ਭਗਵੰਤ ਸਿੰਘ, ਪ੍ਰੋ. ਲਵਨੀਤ ਵਸ਼ਿਸ਼ਠ, ਪ੍ਰੋ. ਨਾਦਿਸ਼, ਪ੍ਰੋ. ਅਮਨਦੀਪ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸਪੀਕਰ ਸੰਧਵਾਂ, ਮੰਤਰੀ ਖੁੱਡੀਆਂ ਤੇ ਸੌਂਦ ਵੱਲੋਂ ਹੀਰਾ ਮਹਿਲ ਵਿਖੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਨਾਭਾ ਦੇ ਦਸਤਾਰਬੰਦੀ ਸਮਰੋਹ 'ਚ ਸ਼ਿਰਕਤ

☛ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਪੰਜਾਬ ਤੇ ਸਿੱਖ ਪੰਥ ਦੀ ਕੀਤੀ ਸੇਵਾ ਦੀ ਤਰਜ਼ 'ਤੇ ਉਨ੍ਹਾਂ ਦੇ ਮੌਜੂਦਾ ਪਰਿਵਾਰ ਤੋਂ ਵੀ ਸੂਬੇ ਦੀ ਸੇਵਾ ਕਰਨ ਦੀ ਆਸ: ਸੰਧਵਾਂ, ਖੁੱਡੀਆਂ
☛ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਾਭਾ ਰਿਆਸਤੀ ਪਰਿਵਾਰ ਨੂੰ ਦਿੱਤੀ ਵਧਾਈ
☛ ਰਾਣੀ ਪ੍ਰੀਤੀ ਕੌਰ ਵੱਲੋਂ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਨਾਲ ਮਿਲਕੇ ਟੋਡਰ ਮੱਲ ਜਹਾਜ਼ੀ ਹਵੇਲੀ ਦੀ ਪੁਨਰਸੁਰਜੀਤੀ ਲਈ ਪਾਇਆ ਯੋਗਦਾਨ ਸ਼ਲਾਘਾਯੋਗ-ਸੌਂਦ







ਨਾਭਾ, 2 ਫਰਵਰੀ (ਅਮਰਜੀਤ ਸਿੰਘ) : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਹੀਰਾ ਮਹਿਲ ਵਿਖੇ ਰਿਆਸਤ-ਏ-ਨਾਭਾ ਦੇ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਭਾਨੂੰਪ੍ਰਤਾਪ ਸਿੰਘ ਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਪੁੱਤਰ ਕੰਵਰ ਅਭੀਉਦੇਪ੍ਰਤਾਪ ਸਿੰਘ ਦੀ ਦਸਤਾਰ ਬੰਦੀ ਦੀ ਰਸਮ ਦੇ ਸਮਾਰੋਹ ਮੌਕੇ ਸ਼ਿਰਕਤ ਕੀਤੀ।

ਇੱਥੇ ਗੁਰਦੁਆਰਾ ਦਰਬਾਰ ਸਿਰੋਪਾਓ ਸਾਹਿਬ ਵਿਖੇ ਭਾਈ ਰਾਜਾ ਸਿੰਘ ਕਾਲਝਰਾਨੀ ਨੇ 48 ਘੰਟਿਆਂ ਦੇ ਇੱਕ ਚੌਂਕੜੇ ਵਿੱਚ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ, ਜਿਸ ਦੀ ਸਮਾਪਤੀ ਦੀ ਅਰਦਾਸ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਕੀਤੀ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਗਈ।

ਸਮਾਰੋਹ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਅਤੇ ਸਮੁੱਚੇ ਪਰਿਵਾਰ ਨੂੰ ਦਸਤਾਰ ਬੰਦੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਰੱਖਦਿਆਂ ਪੁਰਾਤਨ ਰਵਾਇਤਾਂ ਨੂੰ ਨਿਭਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਮੀਦ ਜਤਾਈ ਕਿ ਜਿਸ ਤਰ੍ਹਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਪੰਜਾਬ, ਸਿੱਖ ਪੰਥ ਤੇ ਦੇਸ਼ ਦੀ ਸੇਵਾ ਕੀਤੀ, ਉਨ੍ਹਾਂ ਦਾ ਮੌਜੂਦਾ ਪਰਿਵਾਰ ਤੇ ਖਾਸ ਕਰਕੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਵੀ ਉਸੇ ਤਰਜ 'ਤੇ ਪੰਜਾਬ ਦੀ ਸੇਵਾ ਕਰਨਗੇ।

ਕੁਲਤਾਰ ਸਿੰਘ ਸੰਧਵਾਂ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਦੇਸ਼ ਪ੍ਰਤੀ ਸੇਵਾ ਅਤੇ ਪੰਥ ਪ੍ਰਸਤੀ ਨੂੰ ਸਾਰਾ ਸੰਸਾਰ ਜਾਣਦਾ ਹੈ ਅਤੇ ਉਨ੍ਹਾਂ ਦੇ ਵੰਸ਼ਜ ਵੱਲੋਂ ਆਪਣੀਆਂ ਪੁਰਾਤਨ ਰਵਾਇਤਾਂ ਦੀ ਪਾਲਣਾ ਕਰਦਿਆਂ ਵਿਰਾਸਤ ਨੂੰ ਚੇਤੇ ਰੱਖਣਾ ਬਹੁਤ ਮਾਣ ਵਾਲੀ ਗੱਲ ਹੈ।

ਸੈਰ ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ, ਸੂਬੇ ਦੀ ਵਿਰਾਸਤ ਤੇ ਵਿਰਾਸਤੀ ਇਮਾਰਤਾਂ ਨੂੰ ਸੰਭਾਲਣ ਲਈ ਵਚਨਬੱਧ ਹੈ, ਇਸੇ ਤਰਜ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਭਾਈ ਜੈਤਾ ਜੀ ਯਾਦਗਾਰੀ ਇਮਾਰਤ ਸ਼ਰਧਾਲੂਆਂ ਨੂੰ ਸਮਰਪਿਤ ਕੀਤੀ ਗਈ ਹੈ।

ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਸਰਕਾਰ ਸੰਭਾਲੀ, ਉਸ ਸਮੇਂ ਸਾਡੇ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਸਨ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਵਿਰਾਸਤ ਤੇ ਵਿਰਾਸਤੀ ਇਮਾਰਤਾਂ ਨੂੰ ਸੰਭਾਲਣ ਦਾ ਕੋਈ ਕਦਮ ਨਹੀਂ ਸੀ ਉਠਾਇਆ। ਉਨ੍ਹਾਂ ਕਿਹਾ ਕਿ ਪਹਿਲਾਂ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਨੂੰ ਇੱਕ ਡੰਮੀ ਮਹਿਕਮਾ ਬਣਾ ਰੱਖਿਆ ਸੀ, ਪਰੰਤੂ ਮੌਜੂਦਾ ਸਰਕਾਰ ਇੱਕ-ਇੱਕ ਕਰਕੇ ਸਾਰੀਆਂ ਵਿਰਾਸਤੀ ਤੇ ਪੁਰਾਤਨ ਇਮਾਰਤਾਂ ਨੂੰ ਸੰਭਾਲਣ ਲਈ ਠੋਸ ਕਦਮ ਉਠਾ ਰਹੀ ਹੈ ਅਤੇ ਬਹੁਤ ਜਲਦ ਸਾਰੀਆਂ ਵਿਰਾਸਤਾਂ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ।

ਸ. ਸੌਂਦ ਨੇ ਕਿਹਾ ਕਿ ਉਹ ਰਾਣੀ ਪ੍ਰੀਤੀ ਸਿੰਘ ਨੂੰ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਜਰੀਏ ਮਿਲੇ ਸਨ ਅਤੇ ਇਨ੍ਹਾਂ ਵੱਲੋਂ ਦੀਵਾਨ ਟੋਡਰ ਮੱਲ ਜਹਾਜ਼ੀ ਹਵੇਲੀ ਦੀ ਸਾਂਭ ਸੰਭਾਲ ਕਰਵਾਉਣ ਲਈ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ 124 ਸਾਲ ਪਹਿਲਾਂ ਭਾਈ ਕਾਨ੍ਹ ਸਿੰਘ ਨਾਭਾ ਦੇ ਪਿਤਾ ਭਾਈ ਨਰੈਣ ਸਿੰਘ ਨੇ ਇੱਕ ਚੌਂਕੜੇ ਵਿੱਚ ਇਸੇ ਅਸਥਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਰਵਾਇਤ ਨੂੰ ਜਿਉਂਦੇ ਰੱਖਣਾ ਬਹੁਤ ਮਾਣ ਵਾਲੀ ਗੱਲ ਹੈ।

ਆਈ ਹੋਈ ਸੰਗਤ ਤੇ ਸਮੁੱਚੀਆਂ ਸ਼ਖ਼ਸੀਅਤਾਂ ਦਾ ਬੀਬੀ ਊਮਾ ਨਾਭਾ, ਭਾਨੂੰਪ੍ਰਤਾਪ ਸਿੰਘ, ਰਾਣੀ ਪ੍ਰੀਤੀ ਸਿੰਘ ਨਾਭਾ ਤੇ ਕੁੰਵਰ ਅਭੀਉਦੇ ਪ੍ਰਤਾਪ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਨਾਭਾ ਵਾਸੀਆਂ ਤੇ ਸਮੁੱਚੇ ਪੰਜਾਬ ਦੇ ਸਦਾ ਰਿਣੀ ਰਹਿਣਗੇ ਕਿਉਂਕਿ ਉਨ੍ਹਾਂ ਦੇ ਪੁਰਖੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਸਮੇਤ ਹੋਰ ਪੂਰਵਜਾਂ ਨੂੰ ਧਰਮੀ ਤੇ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਕੁੰਵਰ ਅਭੀਉਦੇਪ੍ਰਤਾਪ ਸਿੰਘ ਨੇ ਕਿਹਾ ਕਿ ਹਰ ਸਿੱਖ ਆਪਣੇ ਬੱਚਿਆਂ ਦੀ ਦਸਤਾਰਬੰਦੀ ਦੀ ਰਸਮ ਜ਼ਰੂਰ ਕਰਵਾਏ, ਜਿਸ ਨਾਲ ਆਪਣੇ ਗੌਰਵਮਈ ਇਤਿਹਾਸ ਅਤੇ ਵਿਰਾਸਤ ਨੂੰ ਚੇਤੇ ਰੱਖਿਆ ਜਾ ਸਕਦਾ ਹੈ।

ਇਸ ਦੌਰਾਨ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਇੰਪਰੂਵਮੈਂਟ ਟਰੱਸਟ ਚੇਅਰਮੈਨ ਜੱਸੀ ਸੋਹੀਆਂ ਵਾਲਾ, ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ, ਉੱਘੇ ਕਲਾਕਾਰ ਕਰਮਜੀਤ ਅਨਮੋਲ, ਬੀਰ ਸਿੰਘ, ਪੰਮੀ ਬਾਈ, ਪ੍ਰਧਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਲਖਵਿੰਦਰ ਸਿੰਘ ਕਾਹਨੇਕੇ, ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਸਿੰਘ ਬਲਾਕੀਪੁਰ, ਮੰਚ ਸੰਚਾਲਨ ਜਨਰਲ ਸਕੱਤਰ ਗਿਆਨੀ ਜਸਵਿੰਦਰ ਸਿੰਘ, ਖ਼ਜ਼ਾਨਚੀ ਲਖਵਿੰਦਰ ਸਿੰਘ ਕੱਤਰੀ, ਵਿੱਤ ਸਕੱਤਰ ਦਲਵਾਰ ਸਿੰਘ ਧੌਲਾ, ਵਾਈਸ ਚਾਂਸਲਰ ਆਰ.ਪੀ. ਤਿਵਾੜੀ, ਸਾਬਕਾ ਐਮ.ਪੀ ਪ੍ਰਨੀਤ ਕੌਰ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਸਮੇਤ ਸ਼ਾਹੀ ਘਰਾਣੇ ਦੇ ਮੈਂਬਰ ਠਾਕੁਰ ਚੰਦਰ ਉਦੇ ਸਿੰਘ, ਹੇਮੰਤ ਸਿੰਘ ਧੌਲਪੁਰ, ਕਪੂਰਥਲਾ, ਬਡਰੁੱਖਾਂ, ਗੋਂਡਲ ਸਾਹੀ ਪਰਿਵਾਰ ਗੁਜਰਾਤ ਤੇ ਜੈਸਲਮੇਰ ਰਾਜ ਪਰਿਵਾਰ ਦੇ ਮੈਂਬਰ ਵੀ ਮੌਜੂਦ ਸਨ।

ਇਸ ਦੌਰਾਨ ਧਾਰਮਿਕ ਸ਼ਖ਼ਸੀਅਤਾਂ ਵਿੱਚ ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ, ਸੰਤ ਅਮਰ ਸਿੰਘ ਰਾੜਾ ਸਾਹਿਬ, ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ, ਬਾਬਾ ਨਰਿੰਦਰ ਸਿੰਘ ਅਲੌਹਰਾਂ, ਬਾਬਾ ਕਸ਼ਮੀਰ ਸਿੰਘ ਅਲਹੌਰਾ, ਬਾਬਾ ਹਰਬੰਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ਼ਾਹੀ ਸਮਾਧਾਂ, ਸ੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਨਾਮਧਾਰੀ ਸੰਸਥਾ, ਪਦਮਸ੍ਰੀ ਜਗਜੀਤ ਸਿੰਘ ਦਰਦੀ, ਬਾਬਾ ਜਗਸੀਰ ਸਿੰਘ ਘੋੜਿਆ ਵਾਲੇ, ਹੈਡ ਗ੍ਰੰਥੀ ਹਰਜਿੰਦਰ ਸਿੰਘ, ਡਾ. ਮਨਿੰਦਰ ਸਿੰਘ, ਮਹੰਤ ਗਿਆਨਦੇਵ, ਬਾਬਾ ਬਲਬੀਰ ਸਿੰਘ ਸੁਰਾਜਪੁਰ, ਬਾਬਾ ਰੋਸ਼ਨ ਸਿੰਘ ਧਬਲਾਨ, ਬਾਬਾ ਜਸਵੀਰ ਸਿੰਘ ਮੂਡਖੇੜਾ, ਬਾਬਾ ਦਰਸ਼ਨ ਸਿੰਘ ਮਸਤੂਆਣਾ ਸਾਹਿਬ, ਬਾਬਾ ਜਸਦੇਵ ਸਿੰਘ ਲੋਹਟਬੱਦੀ, ਬਾਬਾ ਕੇਸ਼ੋ ਰਾਮ, ਬਾਬਾ ਬਲਕਾਰ ਸਿੰਘ ਰੱਖੜਾ, ਗਿਆਨੀ ਜਸਵੀਰ ਸਿੰਘ ਹੈਡਗ੍ਰੰਥੀ ਗੁਰਦੁਆਰਾ ਚਮਕੌਰ ਸਾਹਿਬ ਸਮੇਤ ਕਰਨੈਲ ਸਿੰਘ ਸੰਧੂ ਕੈਨੈਡਾ, ਸਤਨਾਮ ਸਿੰਘ ਸੰਧੂ ਅਮਰੀਕਾ, ਗਿਆਨ ਸਿੰਘ ਸੰਧੂ ਕੈਨੇਡਾ, ਜਥੇਦਾਰ ਮਹਿੰਦਰ ਸਿੰਘ ਮਹਿਸਮਪੁਰ ਕੈਨੈਡਾ, ਹਰਬੰਸ ਸਿੰਘ ਜੰਡਾਲੀ ਕੈਨੇਡਾ, ਹਰਬੰਸ ਸਿੰਘ ਤੱਖਰ ਅਮਰੀਕਾ, ਸੁਖਵਿੰਦਰ ਸਿੰਘ ਢਿੱਲੋਂ, ਬਾਬਾ ਲਾਲ ਸਿੰਘ ਧੂਰਕੋਟ, ਗੁਰਜਿੰਦਰ ਸਿੰਘ ਛੰਨਾ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚੋਂ ਪਤਵੰਤੇ ਪੁੱਜੇ ਹੋਏ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਮਲਟੀਵਰਸਿਟੀ ਵੱਲੋਂ ਕਰਵਾਏ ਗੁਰਮਤਿ ਮੁਕਾਬਲਿਆਂ ਵਿੱਚ ਜਿੱਤੇ ਇਨਾਮ






ਪਟਿਆਲਾ, 2 ਫਰਵਰੀ (ਚ.ਨ.ਸ.) : ਗੁਰੂ ਨਾਨਕ ਮਲਟੀਵਰਸਿਟੀ ਅਤੇ ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਗਸਤ ਮਹੀਨੇ ਤੋਂ ਗੁਰਮਤਿ ਮੁਕਾਬਲੇ ਸ਼ੁਰੂ ਕਰਵਾਏ ਗਏ ਜਿਸ ਵਿੱਚ ਬਹੁਤ ਹੀ ਆਕਰਸ਼ਕ ਇਨਾਮ ਰੱਖੇ ਗਏ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ ਰਾਊਂਡ ਵਿੱਚ ਹੋਏ। ਇਸ ਵਿੱਚ ਪੰਜਾਬ ਦੇ ਵੱਖ ਵੱਖ ਸਕੂਲਾਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵੀ ਬਹੁਤ ਸਾਰੇ ਵਿਦਿਆਰਥੀਆਂ ਨੇ ਇਸ ਵਿੱਚ ਭਾਗ ਲਿਆ ਅਤੇ ਕਾਮਯਾਬੀ ਪ੍ਰਾਪਤ ਕੀਤੀ। ਜੇਤੂ ਵਿਦਿਆਰਥੀਆਂ ਨੂੰ ਮਿਤੀ 29 ਜਨਵਰੀ 2026 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇਨਾਮ ਵੰਡ ਸਮਾਰੋਹ ਵਿੱਚ ਇਨਾਮ ਦਿੱਤੇ ਗਏ। ਚੌਥੀ ਜਮਾਤ ਦੀ ਮਨਮੀਤ ਕੌਰ ਅਤੇ ਅਵਲੀਨ ਕੌਰ ਦੂਜੇ ਰਾਊਂਡ ਤੱਕ ਅਤੇ ਮਨਮੀਤ ਕੌਰ ਫਿਰ ਇਸ ਮੁਕਾਬਲੇ ਦੇ ਤੀਜੇ ਰਾਊਂਡ ਤੱਕ ਪਹੁੰਚੀ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ। ਸੰਸਥਾ ਵੱਲੋਂ ਮਨਮੀਤ ਕੌਰ ਨੂੰ ਟਰਾਫ਼ੀ, ਸਰਟੀਫਿਕੇਟ, ਬਲੇਜ਼ਰ, ਇਲੈਕਟ੍ਰਿਕ ਕੇਤਲੀ ਅਤੇ ਸਮਾਰਟ ਵਾਚ ਇਨਾਮ ਦੇ ਰੂਪ ਵਿੱਚ ਦਿੱਤੇ ਗਏ। ਇਸ ਤੋਂ ਇਲਾਵਾ ਬਾਕੀ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਸਮਾਰਟ ਵਾਚ ਇਨਾਮ ਵਜੋਂ ਦਿੱਤੀਆਂ ਗਈਆਂ। ਬੱਚਿਆਂ ਦੀ ਇਸ ਕਾਮਯਾਬੀ ਤੇ ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਸਕੂਲ ਦੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਡੂੰਘੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਉਹਨਾਂ ਵੱਲੋਂ ਸਾਰੇ ਬੱਚਿਆਂ ਨੂੰ ਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ ਤੇ ਅੱਗੇ ਵੀ ਵੱਧ ਚੜ੍ਹ ਕੇ ਇਹਨਾਂ ਗੁਰਮਤਿ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ ਗਿਆ ਤੇ ਹਮੇਸ਼ਾ ਹੀ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਵੀ ਦਿੱਤੀ ਗਈ।

## ਸਾਹਿਤ ਕਲਾ ਪਟਿਆਲਾ ਵੱਲੋਂ ਕਵੀ ਸੰਮੇਲਨ



ਪਟਿਆਲਾ, 2 ਫਰਵਰੀ (ਚ.ਨ.ਸ.): ਰਾਸ਼ਟਰੀ ਕਵੀ ਸੰਮੇਲਨ ਅਤੇ ਸਨਮਾਨ ਸਮਾਰੋਹ ਸਾਹਿਤ ਕਲਸ਼ ਪਟਿਆਲਾ ਵੱਲੋਂ ਵਿਸਟਾ ਲੈਂਡ ਦੇ ਸ਼ਿਸ਼ਟਾਚਾਰ ਨਾਲ ਪਟਿਆਲਾ ਵਿੱਚ ਇੱਕ ਰਾਸ਼ਟਰੀ ਪੱਧਰ ਦਾ ਕਵੀ ਸੰਮੇਲਨ ਆਯੋਜਿਤ ਕੀਤਾ ਗਿਆ। ਇਹ ਕਵੀ ਸੰਮੇਲਨ ਦੇਸ਼ ਦੇ ਪ੍ਰਸਿੱਧ ਵੀਰ ਕਵੀ ਦਿਨੇਸ਼ ਦੇਵਘਰੀਆ ਦੇ ਸਵਰਗੀ ਪਿਤਾ ਰਾਮਜੀਵਨ ਗੁਪਤਾ ਦੀ ਪਵਿੱਤਰ ਯਾਦ ਵਿੱਚ ਉਨ੍ਹਾਂ ਦੇ ਤਾਲਮੇਲ ਵਿੱਚ ਆਯੋਜਿਤ ਕੀਤਾ ਗਿਆ ਸੀ। ਪ੍ਰਸਿੱਧ ਹਾਸ-ਰਸ ਕਵੀ ਸਰਦਾਰ ਪ੍ਰਤਾਪ ਫੌਜਦਾਰ, ਇੰਡੀਅਨ ਲਾਫਟਰ ਸ਼ੋਅ ਤੋਂ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਗੁਰੂਗ੍ਰਾਮ, ਹਰਿਆਣਾ ਦੇ ਹਾਸ-ਰਸ ਕਵੀ ਸੁੰਦਰ ਕਟਾਰੀਆ, ਆਗਰਾ ਤੋਂ ਦੇਸ਼ ਦੀ ਸੁਰੀਲੀ ਕਵਿਤਰੀ ਡਾ. ਰੁਚੀ ਚਤੁਰਵੇਦੀ, ਸੰਸਥਾ ਦੇ ਸੰਸਥਾਪਕ ਅਤੇ ਪ੍ਰਸਿੱਧ ਕਵੀ ਸਾਗਰ ਸੂਦ ਦੇ ਨਾਲ ਪਟਿਆਲਾ ਦੇ ਨੌਜਵਾਨ ਹਾਸ-ਰਸ ਕਵੀ ਸਰਦਾਰ ਪ੍ਰਤਾਪ ਫੌਜਦਾਰ ਕਵੀਆਂ ਵਜੋਂ ਮੌਜੂਦ ਸਨ। ਮੁੱਖ ਮਹਿਮਾਨ ਵਜੋਂ, ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ, ਚੇਅਰਮੈਨ ਚੜ੍ਹਦੀਕਲਾ ਗਰੁੱਪ ਨੇ ਸੰਸਥਾ ਨੂੰ ਕੱਪੜੇ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਵਿਸਟਾਲੈਂਡ ਦੇ ਮੈਨੇਜਿੰਗ ਡਾਇਰੈਕਟਰ ਦੀ ਮੌਜੂਦਗੀ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ, ਉਨ੍ਹਾਂ ਨੇ ਸਾਰੇ ਵਿਸ਼ੇਸ਼ ਮਹਿਮਾਨਾਂ ਅਤੇ ਕਵੀਆਂ ਦਾ ਸਨਮਾਨ ਕੀਤਾ। ਸੰਸਥਾ ਦੇ ਸੰਸਥਾਪਕ ਸਾਗਰ ਸੂਦ, ਜੋ ਪ੍ਰੋਗਰਾਮ ਦੇ ਪਹਿਲੇ ਸੈਸ਼ਨ ਦਾ ਸੰਚਾਲਨ ਕਰ ਰਹੇ ਸਨ, ਨੇ ਕਿਹਾ ਕਿ ਇਹ ਪ੍ਰੋਗਰਾਮ ਦਿਨੇਸ਼ ਦੇਵਘਰੀਆ ਦੇ ਪਿਤਾ, ਸਵਰਗੀ ਰਾਮਜੀਵਨ ਗੁਪਤਾ ਦੀ ਯਾਦ ਵਿੱਚ ਆਯੋਜਿਤ ਕੀਤਾ ਗਿਆ ਸੀ, ਜੋ ਕਿ ਇੱਕ ਮਸ਼ਹੂਰ ਥੀਏਟਰ ਕਲਾਕਾਰ ਅਤੇ ਸਾਹਿਤਕਾਰ ਸਨ, ਜਿਨ੍ਹਾਂ ਨੇ ਅਦਾਕਾਰੀ ਤੋਂ ਇਲਾਵਾ ਕਈ ਨਾਟਕਾਂ ਦਾ ਨਿਰਦੇਸ਼ਨ ਵੀ ਕੀਤਾ। ਕਹਾਣੀਆਂ ਅਤੇ ਨਾਟਕ ਲਿਖਣ ਦੇ ਨਾਲ-ਨਾਲ, ਉਨ੍ਹਾਂ ਦੇ ਥੀਏਟਰ ਰੂਪਾਂਤਰਣ ਅਤੇ ਪੰਚ ਪਰਮੇਸ਼ਵਰ, ਹਿੰਸਾ ਪਰਮੋ ਧਰਮ, ਕਫ਼ਨ ਵਰਗੇ ਮੁਨਸ਼ੀ ਪ੍ਰੇਮਚੰਦ ਦੀਆਂ ਕਈ ਕਹਾਣੀਆਂ ਦੇ ਮੰਚਨ ਨੇ ਉਨ੍ਹਾਂ ਨੂੰ ਇਸ ਖੇਤਰ ਵਿੱਚ ਪ੍ਰਸਿੱਧੀ ਦਿੱਤੀ। ਪ੍ਰਸਿੱਧ ਥੀਏਟਰ ਸ਼ਖਸੀਅਤ ਅਤੇ ਸਾਹਿਤਕਾਰ ਸਵਰਗੀ ਰਾਮਜੀਵਨ ਗੁਪਤਾ ਦੀ ਪਵਿੱਤਰ ਯਾਦ ਵਿੱਚ, ਲੁਧਿਆਣਾ ਦੇ ਇੱਕ ਪ੍ਰਸਿੱਧ ਨੌਜਵਾਨ ਪੰਜਾਬੀ ਹਾਸ ਕਵੀ ਵਰਿੰਦਰ ਜਟਵਾਨੀ ਨੂੰ ਕਲਾ ਅਤੇ ਸਾਹਿਤ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਯੁਵਾ ਗੌਰਵ ਸਨਮਾਨ 2026 ਨਾਲ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਲਾਇਨ ਦਿਨੇਸ਼ ਸੂਦ, ਸ਼੍ਰੀ ਸੰਜੀਵ ਵਰਮਾ, ਡਾ. ਅੰਕੁਸ਼ ਕਾਂਸਲ, ਸ਼੍ਰੀ ਗਿਰੀਸ਼ ਚੰਦਰ ਸ਼ਰਮਾ, ਸ਼੍ਰੀ ਭਗਵਾਨ ਦਾਸ ਗੁਪਤਾ, ਡਾ. ਨੀਰਜ ਭਾਰਦਵਾਜ, ਸ਼੍ਰੀ ਅਮਿਤ ਕੁਮਾਰ, ਸ਼੍ਰੀ ਪਵਨ ਗੋਇਲ ਅਤੇ ਸ਼ਹਿਰ ਦੇ ਦੋ ਸੌ ਤੋਂ ਵੱਧ ਗਿਆਨਵਾਨ ਸਰੋਤੇ ਮੌਜੂਦ ਸਨ।

## ਕੇਂਦਰ ਸਰਕਾਰ ਦੇ ਨਿਰੰਤਰ ਸਮਰਥਨ ਨਾਲ ਹਰਿਆਣਾ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਆਈ ਤੇਜ਼ੀ

ਚੰਡੀਗੜ੍ਹ/ਨਵੀਂ ਦਿੱਲੀ, 2 ਫਰਵਰੀ (ਚ.ਨ.ਸ.) : ਕੇਂਦਰ ਸਰਕਾਰ ਵਿੱਤੀ ਤਬਾਦਲੇ, ਪੂੰਜੀ ਸਹਾਇਤਾ ਅਤੇ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਨਿਵੇਸ਼ਾਂ ਰਾਹੀਂ ਰਾਜਾਂ ਨੂੰ ਨਿਰੰਤਰ ਅਤੇ ਮਜ਼ਬੂਤ ਸਹਾਇਤਾ ਪ੍ਰਦਾਨ ਕਰ ਰਹੀ ਹੈ। ਹਰਿਆਣਾ ਇਨ੍ਹਾਂ ਯਤਨਾਂ ਦਾ ਇੱਕ ਵੱਡਾ ਲਾਭਪਾਤਰੀ ਬਣ ਕੇ ਉਭਰਿਆ ਹੈ, ਜਿਸ ਵਿੱਚ ਰੇਲਵੇ, ਸੜਕਾਂ, ਹਵਾਬਾਜ਼ੀ, ਸ਼ਹਿਰੀ ਆਵਾਜਾਈ, ਸਿਹਤ, ਸਿੱਖਿਆ, ਊਰਜਾ ਅਤੇ ਸਮਾਜਿਕ ਭਲਾਈ ਵਰਗੇ ਖੇਤਰਾਂ ਵਿੱਚ ਤੇਜ਼ੀ ਨਾਲ ਵਿਕਾਸ ਹੋਇਆ ਹੈ। ਵਧੀਆਂ ਕੇਂਦਰੀ ਤਬਾਦਲੇ ਹਰਿਆਣਾ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ਕਰਦੇ ਹਨ। ਹਰਿਆਣਾ ਨੂੰ ਕੇਂਦਰੀ ਤਬਾਦਲੇ ਪਿਛਲੇ ਸਾਲਾਂ ਵਿੱਚ ਕਾਫ਼ੀ ਵਧੇ ਹਨ, ਜਿਸ ਨਾਲ ਰਾਜ ਦੀ ਵਿੱਤੀ ਸਥਿਰਤਾ ਅਤੇ ਜਨਤਕ ਨਿਵੇਸ਼ ਸਮਰੱਥਾ ਮਜ਼ਬੂਤ ਹੋਈ ਹੈ। ਵਿੱਤੀ ਸਾਲ 2026-27 ਲਈ ਹਰਿਆਣਾ ਨੂੰ ਟੈਕਸ ਡਿਵੋਲਿਊਸ਼ਨ ਵਜੋਂ 20,772 ਕਰੋੜ ਅਲਾਟ ਕੀਤੇ ਗਏ ਹਨ, ਜਦੋਂ ਕਿ 2025-26 ਵਿੱਚ 9,792 ਕਰੋੜ ਸਹਾਇਤਾ-ਗ੍ਰਾਂਟ ਵਜੋਂ ਪ੍ਰਦਾਨ ਕੀਤੇ ਗਏ ਸਨ।



ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤੇਜ਼ ਕਰਨ ਲਈ, ਕੇਂਦਰ ਸਰਕਾਰ ਰਾਜਾਂ ਨੂੰ 50 ਸਾਲਾਂ ਦੀ ਮਿਆਦ ਵਾਲੇ ਵਿਆਜ-ਮੁਕਤ ਕਰਜ਼ਿਆਂ ਦੇ ਰੂਪ ਵਿੱਚ ਵਿਸ਼ੇਸ਼ ਪੂੰਜੀ ਸਹਾਇਤਾ ਪ੍ਰਦਾਨ ਕਰ ਰਹੀ ਹੈ, ਜਿਸਦਾ ਪੂਰਾ ਵਿਆਜ ਕੇਂਦਰ ਸਰਕਾਰ ਸਹਿਣ ਕਰੇਗੀ। ਪੱਛਮੀ ਸਮਰਪਿਤ ਮਾਲ ਕੋਰੀਡੋਰ ਦੇ 306 ਕਿਲੋਮੀਟਰ ਰੇਵਾੜੀ-ਮਦਰ ਭਾਗ ਦਾ ਉਦਘਾਟਨ ਜਨਵਰੀ 2021 ਵਿੱਚ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਹਰਿਆਣਾ ਵਿੱਚ 34 ਰੇਲਵੇ ਸਟੇਸ਼ਨਾਂ ਨੂੰ ਅਮਰੁਤ ਸਟੇਸ਼ਨਾਂ ਵਜੋਂ ਮੁੜ ਵਿਕਸਤ ਕੀਤਾ ਜਾ ਰਿਹਾ ਹੈ। ਸੈਰ-ਸਪਾਟਾ ਖੇਤਰ ਵਿੱਚ, ਪ੍ਰਸ਼ਾਦ ਯੋਜਨਾ ਦੇ ਤਹਿਤ 48.53 ਕਰੋੜ ਅਤੇ ਸਵਦੇਸ਼ ਦਰਸ਼ਨ ਯੋਜਨਾ ਦੇ ਤਹਿਤ 77 ਕਰੋੜ ਤੋਂ ਵੱਧ ਨੂੰ ਮਨਜ਼ੂਰੀ ਦਿੱਤੀ ਗਈ ਸੀ।

## ਸਾਹਨੀ ਨੇ ਪੰਜਾਬ ਲਈ ਤੁਰੰਤ ਜ਼ਮੀਨਦੋਜ਼ ਪਾਣੀ ਦੀ ਪੁਨਰ ਸੁਰਜੀਤੀ ਲਈ ਪੈਕੇਜ ਦੀ ਕੀਤੀ ਮੰਗ

ਨਵੀਂ ਦਿੱਲੀ, 2 ਫਰਵਰੀ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਦੇ ਚਿੰਤਾਜਨਕ ਪੱਧਰ ਤੱਕ ਡਿਗ ਜਾਣ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਲ ਸ਼ਕਤੀ ਮੰਤਰਾਲੇ ਵਲੋਂ ਰਾਜ ਸਭਾ ਵਿੱਚ ਉਨ੍ਹਾਂ ਵਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਕੇਂਦਰੀ ਭੂਮੀਗਤ ਪਾਣੀ ਬੋਰਡ ਦੇ ਅੰਕੜਿਆਂ ਅਨੁਸਾਰ ਹਾਲਾਂਕਿ ਲਗਭਗ 57% ਨਿਗਰਾਨੀ ਕੀਤੇ ਗਏ ਖੂਹਾਂ ਦੇ ਪਾਣੀ ਵਿੱਚ ਮਾਮੂਲੀ ਵਾਧਾ ਹੋਇਆ ਹੈ। ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਭਰ ਵਿੱਚ 42% ਤੋਂ ਵੱਧ ਖੂਹਾਂ ਵਿੱਚ ਭੂਮੀਗਤ ਪਾਣੀ ਦੇ ਪੱਧਰ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਡਾ. ਸਾਹਨੀ ਨੇ ਕਿਹਾ ਕਿ ਇਹ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ ਖੂਹਾਂ ਦਾ ਸਰਵੇਖਣ 2025 ਦੇ ਮਾਨਸੂਨ ਤੋਂ ਬਾਅਦ ਕੀਤਾ ਗਿਆ ਸੀ ਜਦੋਂ ਪੰਜਾਬ ਨੇ ਆਪਣੇ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਵੱਡੇ ਹੜ੍ਹ ਦੇਖੇ ਹਨ। ਫਿਰ ਵੀ ਇਹ ਚਿੰਤਾ ਦਾ ਮਸਲਾ ਹੈ ਕਿ ਰਾਜ ਭਰ ਵਿੱਚ 9% ਖੂਹਾਂ ਵਿੱਚ ਭੂਮੀਗਤ ਪਾਣੀ 40 ਮੀਟਰ ਤੋਂ ਵੱਧ ਡੂੰਘਾ ਹੈ, ਖਾਸ ਕਰਕੇ ਖੇਤੀਬਾੜੀ ਦੇ ਤੌਰ @ਤੇ ਮਹੱਤਵਪੂਰਨ ਜ਼ਿਲ੍ਹਿਆਂ ਜਿਵੇਂ ਕਿ ਸੰਗਰੂਰ (100%), ਬਰਨਾਲਾ (67%), ਪਟਿਆਲਾ (44%), ਮੋਗਾ ਅਤੇ ਮਲੇਰਕੋਟਲਾ ਵਿੱਚ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਨੀਵਾਂ ਹੈ। ਸ਼ਹਿਰੀ ਜ਼ਿਲ੍ਹਿਆਂ ਲੁਧਿਆਣਾ, ਜਲੰਧਰ ਅਤੇ ਬਠਿੰਡਾ ਵਿੱਚ ਵੀ, ਜ਼ਿਆਦਾਤਰ ਖੂਹ ਹੁਣ 10-40 ਮੀਟਰ ਡੂੰਘਾਈ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਜਿਸ ਤੋਂ ਭੂਮੀਗਤ ਪਾਣੀ ਦੇ ਅਸਥਾਈ ਸ਼ੋਸ਼ਣ ਦਾ ਸਬੂਤ ਮਿਲਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਗੱਲ ਹੈ ਕਿ ਭੂਮੀਗਤ ਪਾਣੀ ਦੇ ਤਣਾਅ ਦੇ ਇੰਨੇ ਸਪੱਸ਼ਟ ਸਬੂਤਾਂ ਅਤੇ ਰਾਜ ਸਰਕਾਰ ਦੁਆਰਾ ਵਾਰ-ਵਾਰ ਬੇਨਤੀਆਂ ਦੇ ਬਾਵਜੂਦ, ਪੰਜਾਬ ਨੂੰ ਕਦੇ ਵੀ ਅਟਲ ਭੂ-ਜਲ ਯੋਜਨਾ ਦੇ ਅਧੀਨ ਸ਼ਾਮਲ ਨਹੀਂ ਕੀਤਾ ਗਿਆ, ਜੋ ਕਿ ਹੈ ਪਾਣੀ ਦੀ ਕਮੀ ਵਾਲੇ ਖੇਤਰਾਂ ਲਈ ਇੱਕ ਪ੍ਰਮੁੱਖ ਪ੍ਰੋਗਰਾਮ ਹੈ।



## ਹਲਵਾਰਾ ਏਅਰਪੋਰਟ ਨਾਲ ਲੁਧਿਆਣਾ ਤੇ ਮਾਲਵਾ ਨੂੰ ਮਿਲੀ ਨਵੀਂ ਉਡਾਣ, ਰਾਜਿੰਦਰ ਗੁਪਤਾ ਨੇ ਪੀਐੱਮ ਮੋਦੀ ਦਾ ਕੀਤਾ ਧੰਨਵਾਦ

ਲੁਧਿਆਣਾ, 2 ਫਰਵਰੀ (ਚ.ਨ.ਸ.): ਰਾਜ ਸਭਾ ਮੈਂਬਰ ਅਤੇ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮਰੀਟਸ ਪਦਮਸ਼੍ਰੀ ਰਾਜਿੰਦਰ ਗੁਪਤਾ ਨੇ ਹਲਵਾਰਾ ਸਥਿਤ ਅੰਤਰਰਾਸ਼ਟਰੀ ਏਅਰਪੋਰਟ ਦੇ ਉਦਘਾਟਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਕਾਫੀ ਸਮੇਂ ਤੋਂ ਲਟਕਿਆ ਹੋਇਆ ਸੀ, ਜਿਸ ਦੇ ਸਾਕਾਰ ਹੋਣ ਨਾਲ ਪੰਜਾਬ ਦੇ ਉਦਯੋਗਿਕ ਅਤੇ ਆਰਥਿਕ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ। ਰਾਜਿੰਦਰ ਗੁਪਤਾ ਨੇ ਕਿਹਾ ਕਿ ਲੁਧਿਆਣਾ ਦੇ ਹਲਵਾਰਾ ਵਿਖੇ ਸ਼ੁਰੂ ਹੋਇਆ ਨਵਾਂ ਸਿਵਲ ਟਰਮੀਨਲ ਮਾਲਵਾ ਖੇਤਰ ਦੀ ਅਰਥਵਿਵਸਥਾ ਲਈ ਮੀਲ ਦਾ ਪੱਥਰ ਸਾਬਤ ਹੋਵੇਗਾ। ਇਸ ਮਹੱਤਵਪੂਰਨ ਉਪਲਬਧੀ ਲਈ ਉਨ੍ਹਾਂ ਕੇਂਦਰ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਏਅਰਪੋਰਟ ਅਥਾਰਟੀ ਆਫ ਇੰਡੀਆ (ਏਏਆਈ) ਅਤੇ ਪੰਜਾਬ ਸਰਕਾਰ ਦੇ ਸਾਂਝੇ ਯਤਨਾਂ ਨਾਲ 54.67 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਇਸ ਟਰਮੀਨਲ ਦਾ ਖੇਤਰਫਲ ਲਗਭਗ 2,000 ਵਰਗ ਮੀਟਰ ਹੈ। ਇਹ ਟਰਮੀਨਲ ਪੀਕ ਆਵਰਜ਼ ਦੌਰਾਨ 300 ਯਾਤਰੀਆਂ ਦੀ ਆਵਾਜਾਈ ਸੰਭਾਲਣ ਸਮਰੱਥ ਹੈ, ਜਦਕਿ ਸਾਲਾਨਾ ਤਕਰੀਬਨ ਦੋ ਲੱਖ ਯਾਤਰੀਆਂ ਨੂੰ ਸਹੂਲਤਾਂ ਪ੍ਰਦਾਨ ਕਰ ਸਕੇਗਾ। ਇਸ ਨਾਲ ਉਦਯੋਗ, ਸਿਹਤ ਅਤੇ ਸਿੱਖਿਆ ਖੇਤਰ ਨੂੰ ਸਿੱਧਾ ਲਾਭ ਮਿਲਣ ਦੇ ਨਾਲ-ਨਾਲ ਖੇਤਰੀ ਕਨੈਕਟਿਵਟੀ ਵੀ ਮਜ਼ਬੂਤ ਹੋਵੇਗੀ। ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਜਨਮ ਦਿਵਸ ਦੇ ਪਾਵਨ ਮੌਕੇ 'ਤੇ ਕੇਂਦਰ ਸਰਕਾਰ ਵੱਲੋਂ ਜਲੰਧਰ ਸਥਿਤ ਆਦਮਪੁਰ ਹਵਾਈ ਅੱਡੇ ਦਾ ਨਾਂ ਬਦਲ ਕੇ 'ਸ੍ਰੀ ਗੁਰੂ ਰਵਿਦਾਸ ਜੀ ਹਵਾਈ ਅੱਡਾ, ਆਦਮਪੁਰ' ਰੱਖਿਆ ਗਿਆ। ਇਸ ਹਵਾਈ ਅੱਡੇ ਦਾ ਰਸਮੀ ਉਦਘਾਟਨ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਕੀਤਾ ਗਿਆ। ਇਸ ਦਰਮਿਆਨ ਲੁਧਿਆਣਾ ਦੇ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਟਰਮੀਨਲ ਇਮਾਰਤ ਦੇ ਉਦਘਾਟਨ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਕੋਲ ਆਪਣੀ ਮੰਗ ਦੁਹਰਾਉਂਦੇ ਹੋਏ ਕਿਹਾ ਕਿ ਇਸ ਹਵਾਈ ਅੱਡੇ ਦਾ ਨਾਂ ਦੇਸ਼ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ 'ਤੇ ਰੱਖਿਆ ਜਾਣਾ ਚਾਹੀਦਾ ਹੈ, ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ 'ਤੇ ਹਵਾਈ ਅੱਡੇ ਦਾ ਨਾਂ ਰੱਖਣਾ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਸਭ ਤੋਂ ਨੌਜਵਾਨ ਅਤੇ ਮਹਾਨ ਨਾਇਕਾਂ ਵਿੱਚੋਂ ਇੱਕ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਕੇਂਦਰੀ ਨਾਗਰਿਕ ਹਵਾਬਾਜ਼ੀ ਮੰਤਰੀ ਸ੍ਰੀ ਰਾਮ ਮੋਹਨ ਨਾਇਡੂ ਕਿੰਜਰਾਪੂ ਵੀ ਹਾਜ਼ਰ ਸਨ।





# ਮਾਝਾ-ਦੁਆਬਾ

ਆਸ ਪਾਸ



## ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਝਬਾਲ ਵਿਖੇ ਰਸਦਾਂ ਦੀ ਸਟੋਰੇਜ ਲਈ ਗੁਦਾਮਾਂ ਦਾ ਪਾਇਆ ਲੈਂਟਰ



ਅੰਮ੍ਰਿਤਸਰ, 2 ਫਰਵਰੀ (ਬਬਲੂ ਮਹਾਜਨ): ਸਿੱਖ ਧਰਮ ਦੇ ਪ੍ਰਸਿੱਧ ਪਵਿੱਤਰ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ (ਝਬਾਲ) ਵਿਖੇ ਸੰਗਤਾਂ ਦੀ ਨਿੱਤ ਵਧਦੀ ਆਮਦ ਨੂੰ ਵੇਖਦਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਬੰਧ ਵਿੱਚ ਵੱਡੇ ਵਿਸਥਾਰ ਕੀਤੇ ਜਾ ਰਹੇ ਹਨ।। ਇਹ ਕਾਰਜ ਨਾ ਸਿਰਫ਼ ਸੰਗਤਾਂ ਦੀ ਸਹੂਲਤਾਂ ਲਈ ਹਨ ਬਲਕਿ ਗੁਰੂ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਸੇਵਾ, ਸੰਗਤ ਅਤੇ ਪੰਗਤ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਾਲੇ ਵੀ ਹਨ। ਇਨ੍ਹਾਂ ਕਾਰਜਾਂ ਦੀ ਜ਼ਿੰਮੇਵਾਰੀ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ, ਜਿਨਾਂ ਦੀ ਦੇਖਰੇਖ ਵਿੱਚ ਅੱਜ ਅਰਦਾਸ ਉਪਰੰਤ ਵੱਡੇ ਗੁਦਾਮਾਂ ਦਾ ਲੈਂਟਰ ਪਾਇਆ ਗਿਆ ਹੈ। ਇਹ ਗੁਦਾਮ ਗੁਰੂ ਘਰ ਵਿਖੇ ਲੰਗਰ ਅਤੇ ਕੜਾਹ ਪ੍ਰਸ਼ਾਦ ਲਈ ਵਰਤੀਆਂ ਜਾਣ ਵਾਲੀਆਂ ਰਸਦਾਂ ਨੂੰ ਸਟੋਰ ਕਰਨ ਲਈ ਤਿਆਰ ਕੀਤੇ ਜਾ ਰਹੇ ਹਨ, ਜੋ ਕਿ ਸੰਗਤਾਂ ਦੀ ਵਧਦੀ ਗਿਣਤੀ ਨੂੰ ਧਿਆਨ ਵਿੱਚ ਰੱਖ ਕੇ ਇੱਕ ਵੱਡੀ ਲੋੜ ਸੀ।

ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਜੀ ਭੂਰੀ ਵਾਲਿਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ, ਗੁਰਦੁਆਰਾ ਸਾਹਿਬ ਵਿਖੇ ਮੀਰੀ ਪੀਰੀ ਗੁਰਮਤਿ ਅੰਮ੍ਰਿਤ-ਸੰਚਾਰ ਹਾਲ ਦੀ ਉਸਾਰੀ, ਦਰਬਾਰ ਸਾਹਿਬ ਦੇ ਕੰਪਲੈਕਸ ਵਿੱਚ ਪੱਥਰ ਲਗਾਉਣ, ਕੜਾਹ ਪ੍ਰਸ਼ਾਦ ਦੇ ਕਾਊਂਟਰ ਅਤੇ ਸ਼ੈਡ ਤਿਆਰ ਕਰਨ ਅਤੇ ਲੰਗਰ ਹਾਲ ਦੀ ਮੁਕੰਮਲ ਰੈਨੋਵੇਸ਼ਨ ਵਰਗੇ ਕਾਰਜਾਂ ਨੂੰ ਮੁਕੰਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲੰਗਰ ਵਰਤਾਉਣ ਲਈ ਲੰਗਰ ਹਾਲ ਵਿੱਚ ਦਾਲ-ਸਬਜ਼ੀਆਂ ਵਾਲੇ ਟੱਬ-ਕੜਾਹੇ ਰੱਖਣ ਲਈ ਥੜੇ ਅਤੇ ਹੋਰ ਸਹੂਲਤਾਂ ਵੀ ਸ਼ਾਮਲ ਹਨ। ਅੱਜ ਰਸਦਾਂ ਦੀ ਵੱਡੇ ਪੱਧਰ 'ਤੇ ਸਟੋਰੇਜ ਲਈ ਗੁਦਾਮਾਂ ਦੇ ਲੈਂਟਰ ਪਾਏ ਗਏ ਹਨ । ਉਹਨਾਂ ਕਿਹਾ ਕਿ ਗੁਰੂ ਘਰ ਦੀ ਲੋੜ ਅਨੁਸਾਰ ਅਗਲੇ ਕਾਰਜ ਵੀ ਸਮੇਂ ਅਨੁਸਾਰ ਸੰਪੂਰਨ ਕੀਤਾ ਜਾਣਗੇ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਸੇਵਾ ਨੂੰ ਸਭ ਤੋਂ ਉੱਤਮ ਕਰਮ ਮੰਨਿਆ ਜਾਂਦਾ ਹੈ ਅਤੇ ਇਹ ਸੇਵਾ ਦੇ ਇਹ ਕਾਰਜ ਗੁਰੂ ਘਰ ਪ੍ਰਤੀ ਸੰਗਤਾਂ ਵਿੱਚ ਸ਼ਰਧਾ ਭਾਵਨਾ ਪੈਦਾ ਕਰਦੇ ਹਨ।

ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਧਰਵਿੰਦਰ ਸਿੰਘ ਮਾਨੋਚਾਹਲ ਨੇ ਕਿਹਾ ਕਿ ਰਸਦਾਂ ਦੀ ਸਟੋਰੇਜ ਲਈ ਗੁਦਾਮਾਂ ਦੀ ਉਸਾਰੀ ਸਮੇਂ ਦੀ ਵੱਡੀ ਲੋੜ ਸੀ ਅਤੇ ਸੰਤ ਮਹਾਂਪੁਰਖਾਂ ਵੱਲੋਂ ਦਿਨ ਰਾਤ ਸੇਵਾ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਬਾਬਾ ਜੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਤਨ, ਮਨ ਅਤੇ ਧਨ ਨਾਲ ਇਸ ਸੇਵਾ ਵਿੱਚ ਸਹਿਯੋਗ ਕਰਨ । ਲੈਂਟਰ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਨੇ ਸੇਵਾ ਦੇ ਕਾਰਜ ਨਿਰਵਿਘਨ ਸੰਪੂਰਨ ਹੋਣ ਦੀ ਅਰਦਾਸ ਕੀਤੀ ਗਈ।

ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ ਧੱਤਲ ਬਾਬਾ ਸੋਹਨ ਸਿੰਘ, ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਵਾਲਿਆਂ ਵੱਲੋਂ ਬਾਬਾ ਜਸਵੰਤ ਸਿੰਘ, ਮੀਤ ਮੈਨੇਜਰ ਗੁਰਜੀਤਸਿੰਘ ਤੇ ਸ ਦਿਲਬਾਗ ਸਿੰਘ, ਅਕਾਊਂਟੈਂਟ ਅਮਰਬੀਰ ਸਿੰਘ,ਬਾਬਾ ਜੱਗਾ ਸਿੰਘ, ਬਾਬਾ ਅਵਤਾਰ ਸਿੰਘ ਬਾਬਾ ਨਾਜਰ ਸਿੰਘ , ਬਾਬਾ ਕਰਨ ਸਿੰਘ,ਬਾਬਾ ਮਨੋਹਰ ਸਿੰਘ ,ਬਾਬਾ ਮਨਜੀਤ ਸਿੰਘ ਝਬਾਲ ,ਬਾਬਾ ਨਿਰਮਲ ਸਿੰਘ, ਬਾਬਾ ਫਤਿਹ ਸਿੰਘ,ਬਾਬਾ ਪਰਮਜੀਤ ਸਿੰਘ,ਬ, ਹੈੱਡ ਮਿਸਤਰੀ ਭਾਈ ਅਮਰੀਕ ਸਿੰਘ, ਬਾਬਾ ਯਾਦਵਿੰਦਰ ਸਿੰਘ, ਬਾਬਾ ਲੱਕੀ ਸਿੰਘ, ਬਾਬਾ ਕੁੰਵਰਪ੍ਰਤਾਪ ਸਿੰਘ, ਬਾਬਾ ਜਸਵੰਤ ਸਿੰਘ ਬਾਬਾ ਰੋਬਨ ਸਿੰਘ, ਬਾਬਾ ਜਗਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਮੈਡੀਕਲ ਟਰੱਸਟ ਵੱਲੋਂ 16ਵਾਂ ਮੁਫ਼ਤ ਕੈਂਸਰ ਤੇ ਜਨਰਲ ਮੈਡੀਕਲ ਕੈਂਪ



ਗੜ੍ਹਸ਼ੰਕਰ, 2 ਫ਼ਰਵਰੀ (ਅਜਮੇਰ ਸਿੰਘ ਭਨੋਟ): ਪਿੰਡ ਮੋਰਾਂਵਾਲੀ ਵਿਖੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹਰਸੇਵਾ ਮੈਡੀਕਲ ਟਰੱਸਟ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 16ਵਾਂ ਸਾਲਾਨਾ ਮੁਫ਼ਤ ਕੈਂਸਰ ਅਤੇ ਅੱਖਾਂ ਤੇ ਜਨਰਲ ਮੈਡੀਕਲ ਕੈਂਪ 22 ਫਰਵਰੀ ਨੂੰ ਲਗਾਇਆ ਜਾ ਰਿਹਾ ਹੈ। ਇਸ ਸਲਾਨਾ ਮੈਗਾ ਮੈਡੀਕਲ ਕੈਂਪ ਦੇ ਸਬੰਧ ਵਿੱਚ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸਦੀ ਅਗਵਾਈ ਵਰਿੰਦਰ ਕੌਰ ਬਰਾੜ ਨੇ ਕੀਤੀ।

ਇਸ ਮੌਕੇ ਟਰੱਸਟੀ ਅਤੇ ਸਰਪੰਚ ਸ ਅਮਨਦੀਪ ਸਿੰਘ ਰਾਏ, ਡਾ ਅਵਤਾਰ ਸਿੰਘ ਬਰਾੜ, ਸੁਖਵੀਰ ਸਿੰਘ ਰਾਏ, ਸ਼੍ਰੀ ਦਰਸ਼ਨ ਰਾਮ, ਪਰਮਿੰਦਰ ਸਿੰਘ ਰਾਏ, ਸ਼ਵੇਤਾ ਪਰਮਾਰ, ਮਨਦੀਪ ਕੌਰ ਅਤੇ ਭਾਗ ਸਿੰਘ ਨੇ ਆਪਣੇ ਵਿਚਾਰ ਰੱਖੇ।

ਜਾਣਕਾਰੀ ਦਿੰਦੇ ਡਾਕਟਰ ਅਵਤਾਰ ਸਿੰਘ ਬਰਾੜ ਨੇ ਦੱਸਿਆ ਕਿ ਵਰਲਡ ਕੈਂਸਰ ਕੇਅਰ ਟੀਮ ਵਲੋਂ ਮਰੀਜ਼ਾਂ ਦਾ ਕੈਂਸਰ ਦਾ ਫ੍ਰੀ ਚੈਕਅੱਪ ਤੇ ਜਨਰਲ ਰੋਗਾਂ ਦੇ ਮਾਹਿਰ ਡਾਕਟਰਾਂ ਵੱਲੋਂ ਚੈਕਅੱਪ ਕੀਤਾ ਜਾਵੇਗਾ।

ਅਵਤਾਰ ਸਿੰਘ ਬਰਾੜ ਨੇ ਦੱਸਿਆ ਕਿ ਹਰਸੇਵਾ ਮੈਡੀਕਲ ਟਰੱਸਟ ਵੱਲੋਂ 2012 ਤੋਂ ਇਲਾਕੇ ਦੇ ਲੋਕਾਂ ਦੇ ਲੋੜਵੰਦ ਮਰੀਜ਼ਾਂ ਦੇ ਲਈ ਪਿੰਡ ਮੋਰਾਂਵਾਲੀ ਦੇ ਵਿੱਚ ਸਾਲਾਨਾ ਕੈਂਪ ਤੋਂ ਇਲਾਵਾ ਸਾਲ ਭਰ ਦੇ ਵਿੱਚ ਵੱਖ-ਵੱਖ ਪਿੰਡਾਂ ਦੇ ਵਿੱਚ ਕੈਂਪ ਲਗਾਏ ਜਾਂਦੇ ਹਨ ਤੇ ਇਨ੍ਹਾਂ ਕੈਂਪਾਂ ਤੋਂ ਚੁਣੇ ਹੋਏ ਮਰੀਜ਼ਾਂ ਇਲਾਜ ਪਿੰਡ ਵਿੱਚ ਬਣੇ ਹਰਸੇਵਾ ਮੈਡੀਕਲ ਸੈਂਟਰ ਦੇ ਵਿੱਚ ਮੁਫ਼ਤ ਵਿੱਚ ਕੀਤਾ ਜਾਂਦਾ ਹੈ।

ਦੱਸ ਦਈਏ ਕਿ ਹਰਸੇਵਾ ਮੈਡੀਕਲ ਟਰੱਸਟ ਵੱਲੋਂ ਪਿੰਡ ਮੋਰਾਂਵਾਲੀ ਦੇ ਵਿੱਚ ਸਕੂਲ ਦੀ ਬਿਲਡਿੰਗ, ਜਿੰਮ ਤੇ ਪਿੰਡ ਦੀ ਤਰੱਕੀ ਦੇ ਵਿੱਚ ਵੱਡਾ ਸਹਿਯੋਗ ਕੀਤਾ ਹੈ। ਉਨ੍ਹਾਂ ਇਲਾਕੇ ਦੇ ਜ਼ਰੂਰਤਮੰਦ ਮਰੀਜ਼ਾਂ ਨੂੰ ਅਪੀਲ ਕੀਤੀ ਹੈ ਕਿ ਇਸ ਕੈਂਪ ਦੇ ਵਿੱਚ ਵੱਧ ਚੜ੍ਹ ਕੇ ਪਹੁੰਚ ਕੇ ਇਸ ਕੈਂਪ ਦਾ ਫ਼ਾਇਦਾ ਲੈਣ ਅਤੇ ਇਸ ਕੈਂਪ ਦੇ ਵਿੱਚ ਚੁਣੇ ਮਰੀਜਾਂ ਦਾ ਪੂਰਾ ਸਾਲ ਮੁਫ਼ਤ ਵਿੱਚ ਇਲਾਜ਼ ਕੀਤਾ ਜਾਵੇਗਾ।

## ਕਰਮਜੀਤ ਸਿੰਘ ਰਿੰਟੂ ਵੱਲੋਂ ਸੰਧੂ ਕਲੋਨੀ, ਵਿਸ਼ਾਲ ਵਿਹਾਰ ਅਤੇ ਪ੍ਰਕਾਸ਼ ਵਿਹਾਰ 'ਚ ਗਲੀਆਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ



ਅੰਮ੍ਰਿਤਸਰ, 2 ਫਰਵਰੀ (ਬਬਲੂ ਮਹਾਜਨ): ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਉੱਤਰੀ ਵਿਧਾਨ ਸਭਾ ਹਲਕੇ ਲਈ ਆਮ ਆਦਮੀ ਪਾਰਟੀ ਦੇ ਇੰਚਾਰਜ ਕਰਮਜੀਤ ਸਿੰਘ ਰਿੰਟੂ ਨੇ ਅੱਜ ਵਾਰਡ ਨੰਬਰ 13 ਅਤੇ 17 ਦੇ ਸੰਧੂ ਕਲੋਨੀ, ਵਿਸ਼ਾਲ ਵਿਹਾਰ ਅਤੇ ਪ੍ਰਕਾਸ਼ ਵਿਹਾਰ ਦੇ ਖੇਤਰਾਂ ਵਿੱਚ ਗਲੀਆਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਗਲੀਆਂ ਵਿੱਚ ਸੀਵਰੇਜ ਸਿਸਟਮ ਦੀ ਪਹਿਲਾਂ ਮੁਰੰਮਤ ਕੀਤੀ ਗਈ ਸੀ, ਅਤੇ ਹੁਣ ਗਲੀਆਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਉਹ ਰੋਜ਼ਾਨਾ ਲੋਕਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਲੱਭਣ ਲਈ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰੀ-ਮਿਕਸ ਸੜਕ ਨਿਰਮਾਣ ਦਾ ਕੰਮ ਵੀ ਮਾਰਚ ਵਿੱਚ ਸ਼ੁਰੂ ਹੋਵੇਗਾ।

ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ, ਉਹ ਨਿੱਜੀ ਤੌਰ 'ਤੇ ਲੋਕਾਂ ਤੱਕ ਪਹੁੰਚ ਕਰ ਰਹੇ ਹਨ ਤੇ ਇਸ ਯੋਜਨਾ ਤਹਿਤ ਬੀਮਾ ਕਾਰਡਾਂ ਲਈ ਸਲਿੱਪਾਂ ਜਾਰੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉੱਤਰੀ ਵਿਧਾਨ ਸਭਾ ਹਲਕੇ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਮੁਹਿੰਮ ਸ਼ੁਰੂ ਕੀਤੀ ਗਈ ਹੈ, ਤੇ ਅੰਮ੍ਰਿਤਸਰ ਜ਼ਿਲ੍ਹੇ 'ਚ ਵੀ ਸਿਹਤ ਬੀਮਾ ਕਾਰਡ ਜਾਰੀ ਕਰਨਾ ਸ਼ੁਰੂ ਹੋ ਗਿਆ ਹੈ, ਜਿਸ ਤਹਿਤ ਪੰਜਾਬ ਦੇ ਹਰ ਨਾਗਰਿਕ ਨੂੰ 10 ਲੱਖ ਰੁਪਏ ਦਾ ਬੀਮਾ ਕਵਰ ਪ੍ਰਦਾਨ ਕਰਦੇ ਹੋਏ ਸਿਹਤ ਬੀਮਾ ਕਾਰਡ ਜਾਰੀ ਕੀਤਾ ਜਾਵੇਗਾ।

ਕਰਮਜੀਤ ਸਿੰਘ ਰਿੰਟੂ ਨੇ ਦੱਸਿਆ ਕਿ ਸਿਹਤ ਬੀਮਾ ਯੋਜਨਾ ਤਹਿਤ, ਅੰਮ੍ਰਿਤਸਰ ਜ਼ਿਲ੍ਹੇ ਦੇ 41 ਸੇਵਾ ਕੇਂਦਰਾਂ ਦੇ ਨਾਲ-ਨਾਲ 486 ਹੋਰ ਆਮ ਸੇਵਾ ਕੇਂਦਰਾਂ 'ਤੇ ਸਿਹਤ ਬੀਮਾ ਕਾਰਡ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਸ਼ੁਰੂ ਹੋਣ ਨਾਲ, ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਯੋਜਨਾ ਦੇ ਲਾਗੂ ਹੋਣ ਨਾਲ, ਸਭ ਤੋਂ ਮਹਿੰਗੇ ਹਸਪਤਾਲ ਵੀ, ਜੋ ਕਦੇ ਅਮੀਰਾਂ ਲਈ ਪਹੁੰਚਯੋਗ ਸਨ, ਹੁਣ ਗਰੀਬਾਂ ਲਈ ਪਹੁੰਚਯੋਗ ਹੋ ਗਏ ਹਨ।

ਰਿੰਟੂ ਨੇ ਅੱਗੇ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਵਿੱਚ ਸਫਾਈ ਵਿੱਚ ਵੀ ਸੁਧਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘਰ-ਘਰ ਕੂੜਾ ਇਕੱਠਾ ਕਰਨ ਵਾਲੇ ਵਾਹਨਾਂ ਦੀ ਗਿਣਤੀ ਵੀ ਵਧਾਈ ਜਾ ਰਹੀ ਹੈ। ਹਰ ਘਰ ਦੇ ਸਾਹਮਣੇ ਸਕੈਨ ਕੋਡ ਲਗਾਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਕੋਈ ਜਾਣਦਾ ਹੈ ਕਿ ਉਨ੍ਹਾਂ ਦਾ ਕੂੜਾ ਇਕੱਠਾ ਕੀਤਾ ਜਾ ਰਿਹਾ ਹੈ। ਇਸ ਮੌਕੇ ਵਾਰਡ ਇੰਚਾਰਜ ਅਨੀਕ ਸਿੰਘ, ਕੌਂਸਲਰ ਗੁਲਜ਼ਾਰ ਬਿੱਟੂ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਵਸਨੀਕ ਮੌਜੂਦ ਸਨ।

## ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਵਿਸ਼ੇਸ਼ ਅਕਾਦਮਿਕ ਲੈਕਚਰ ਕਰਵਾਇਆ

### ਵਿਦਿਆਰਥੀਆਂ ਨੇ ਕੇਂਦਰੀ ਬਜਟ ਦੀਆਂ ਆਰਥਿਕ ਨੀਤੀਆਂ ਅਤੇ ਵਿਹਾਰਕ ਪੱਖਾਂ ਬਾਰੇ ਹਾਸਲ ਕੀਤੀ ਡੂੰਘੀ ਜਾਣਕਾਰੀ



ਅੰਮ੍ਰਿਤਸਰ, 2 ਫਰਵਰੀ (ਬਬਲੂ ਮਹਾਜਨ): ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਅੱਜ ਇਕਨਾਮਿਕਸ ਵਿਭਾਗ ਵੱਲੋਂ 1 ਫ਼ਰਵਰੀ 2026 ਨੂੰ ਪੇਸ਼ ਕੀਤੇ ਗਏ ਕੇਂਦਰੀ ਬਜਟ 2026 ਬਾਰੇ ਇੱਕ ਵਿਸ਼ੇਸ਼ ਅਕਾਦਮਿਕ ਲੈਕਚਰ ਦਾ ਸਫ਼ਲ ਆਯੋਜਨ ਕੀਤਾ ਗਿਆ। ਇਹ ਸਮਾਗਮ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਇਕਨਾਮਿਕਸ ਵਿਭਾਗ ਦੇ ਮੁਖੀ ਡਾ. ਹਰਜੀਵ ਕੌਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਲੈਕਚਰ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਦੇਸ਼ ਦੀਆਂ ਮੌਜੂਦਾ ਆਰਥਿਕ ਨੀਤੀਆਂ, ਬਜਟ ਦੀਆਂ ਤਰਜੀਹਾਂ ਅਤੇ ਆਮ ਨਾਗਰਿਕ 'ਤੇ ਇਸ ਦੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਸੀ।ਇਸ ਅਕਾਦਮਿਕ ਪ੍ਰੋਗਰਾਮ ਵਿੱਚ ਬੀ.ਏ., ਬੀ.ਕਾਮ., ਬੀ.ਐਸਸੀ., ਬੀ.ਸੀ.ਏ. ਅਤੇ ਬੀ.ਐਸਸੀ. (ਅਰਥਸ਼ਾਸਤਰ) ਵਰਗੇ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਅਧਿਆਪਕਾਂ ਨੇ ਬਜਟ ਦੀਆਂ ਗੁੰਝਲਦਾਰ ਆਰਥਿਕ ਧਾਰਨਾਵਾਂ ਨੂੰ ਬਹੁਤ ਹੀ ਸਰਲ ਅਤੇ ਵਿਦਿਆਰਥੀ-ਹਿਤੈਸ਼ੀ ਭਾਸ਼ਾ ਵਿੱਚ ਸਮਝਾਇਆ, ਤਾਂ ਜੋ ਵਿਦਿਆਰਥੀ ਕਿਤਾਬੀ ਗਿਆਨ ਨੂੰ ਅਸਲ ਅਰਥਵਿਵਸਥਾ ਨਾਲ ਜੋੜ ਕੇ ਦੇਖ ਸਕਣ।ਲੈਕਚਰ ਦੌਰਾਨ ਵਿਸ਼ੇਸ਼ ਤੌਰ 'ਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਮਨੁੱਖੀ ਜੀਵਨ ਲਈ ਲੋੜੀਂਦੇ ਸਰੋਤ ਸੀਮਿਤ ਹਨ, ਜਿਸ ਕਾਰਨ ਬਜਟ ਰਾਹੀ ਇਹਨਾਂ ਸਰੋਤਾਂ ਦੀ ਉਚਿਤ ਅਤੇ ਸੰਤੁਲਿਤ ਵਰਤੋਂ ਕਰਨਾ ਹੀ ਆਧੁਨਿਕ ਅਰਥਵਿਵਸਥਾ ਦਾ ਕੇਂਦਰੀ ਟੀਚਾ ਹੈ। ਬਜਟ 2026 ਦੀਆਂ ਮੁੱਖ ਵਿਸ਼ੇਸ਼ਤਾਵਾਂ 'ਤੇ ਚਰਚਾ ਕਰਦਿਆਂ ਦੱਸਿਆ ਗਿਆ ਕਿ ਕਿਵੇਂ ਸਰਕਾਰ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਕਰਕੇ ਆਰਥਿਕ ਸਥਿਰਤਾ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪ੍ਰੋ. ਮਨਪ੍ਰੀਤ ਕੌਰ ਨੇ ਬਜਟ ਵਿੱਚ ਟੈਕਸਟਾਈਲ ਅਤੇ ਐਪੈਰਲ ਸੈਕਟਰ (ਕੱਪੜਾ ਉਦਯੋਗ) ਲਈ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

ਇਹ ਜਾਣਕਾਰੀ ਫੈਸ਼ਨ ਡਿਜ਼ਾਇਨਿੰਗ ਦੇ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਸਾਬਤ ਹੋਈ, ਕਿਉਂਕਿ ਇਸ ਨਾਲ ਉਹਨਾਂ ਨੂੰ ਆਪਣੇ ਭਵਿੱਖ ਦੇ ਪੇਸ਼ੇ ਨਾਲ ਸਬੰਧਿਤ ਸਰਕਾਰੀ ਨੀਤੀਆਂ ਨੂੰ ਸਮਝਣ ਦਾ ਮੌਕਾ ਮਿਲਿਆ।

ਇਸ ਮੌਕੇ ਡਾ. ਗੁਰਸ਼ਰਨ ਕੌਰ, ਡਾ. ਰਨਦੀਪ ਕੌਰ, ਪ੍ਰੋ. ਮਨਪ੍ਰੀਤ ਕੌਰ ਅਤੇ ਪ੍ਰੋ. ਅਮਨਦੀਪ ਕੌਰ ਸਮੇਤ ਸਮੂਹ ਸਟਾਫ ਮੈਂਬਰ ਮੌਜੂਦ ਸਨ। ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਲੈਕਚਰ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਬੇਹੱਦ ਜ਼ਰੂਰੀ ਹਨ। ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਦੀਆਂ ਸ਼ੰਕਾਵਾਂ ਨੂੰ ਵੀ ਦੂਰ ਕੀਤਾ ਗਿਆ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਜ਼ਿਲ੍ਹੇ 'ਚ ਰਜਿਸਟ੍ਰੇਸ਼ਨ ਸ਼ੁਰੂ: ਡਿਪਟੀ ਕਮਿਸ਼ਨਰ



ਨਵਾਂਸ਼ਹਿਰ, 2 ਫਰਵਰੀ (ਸੁਖਦੇਵ ਸਿੰਘ ਉੜਾਪੜ): ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸਬੰਧੀ ਜ਼ਿਲ੍ਹੇ ਅੰਦਰ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਆਪਣੇ ਦਫ਼ਤਰ ਵਿੱਚ ਜ਼ਿਲ੍ਹਾ ਅਧਿਕਾਰੀਆਂ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸਮੀਖਿਆ ਕਰਦਿਆਂ ਦਿੱਤੀ। ਇਸ ਮੀਟਿੰਗ ਵਿੱਚ ਚੇਅਰਮੈਨ ਜ਼ਿਲ੍ਹਾ ਨਗਰ ਸੁਧਰ ਟਰੱਸਟ ਸਤਨਾਮ ਸਿੰਘ ਜਲਵਾਹਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਰਜਿਸਟ੍ਰੇਸ਼ਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਨੂੰ ਤੀਰਥ ਯਾਤਰਾਂ 'ਤੇ ਲਿਜਾਉਣ ਸਬੰਧੀ ਫਾਰਮ ਬੂਥ ਪੱਧਰ ਉੱਤੇ ਭਰੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀ ਪੂਰਨ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ।

ਉਨ੍ਹਾਂ ਦੱਸਿਆ ਕਿ ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ। ਇਸ ਲਈ ਰਜਿਸਟ੍ਰੇਸ਼ਨ ਵਾਸਤੇ ਵੋਟਰ ਕਾਰਡ ਲਾਜ਼ਮੀ ਹੋਵੇਗਾ। ਉਨ੍ਹਾਂ ਕਿਹਾ ਕਿ ਹਰੇਕ ਰਜਿਸਟਰਡ ਵਿਅਕਤੀਆਂ ਵਿਚੋਂ ਹਰੇਕ ਬੂਥ ਤੋਂ ਡਰਾਅ ਰਾਹੀ ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਚੇਅਰਮੈਨ ਜ਼ਿਲ੍ਹਾ ਨਗਰ ਸੁਧਰ ਟਰੱਸਟ ਸਤਨਾਮ ਸਿੰਘ ਜਲਵਾਹਾ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਲਈ ਮੁੱਖ ਮੰਤਰੀ ਤੀਰਥ ਯਾਤਰਾ ਸ਼ੁਰੂ ਕੀਤੀ ਗਈ ਜਿਸ ਸਬੰਧੀ ਉਨ੍ਹਾਂ ਜ਼ਿਲ੍ਹਾ ਕੋਆਡੀਨੇਟਰ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਤੋਂ ਜ਼ਿਲ੍ਹੇ ਦੇ ਤਿੰਨਾਂ ਹਲਕਿਆਂ ਵਿੱਚ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਹੋ ਚੁੱਕੀ ਹੈ ਅਤੇ 10 ਫਰਵਰੀ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਲਈ ਬੱਸ ਰਵਾਨਾ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯਾਤਰਾ ਦੀ ਸਹੂਲਤ ਲਈ ਹਰ ਤਰ੍ਹਾਂ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਅਤੇ ਯਾਤਰਾ ਦੌਰਾਨ ਯਾਤਰੀਆਂ ਦੀ ਸਹੂਲਤ ਲਈ ਖਾਣਾ, ਮੈਡੀਕਲ ਸਹੂਲਤ, ਰਹਿਣ ਆਦਿ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 10 ਫਰਵਰੀ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਅੰਮ੍ਰਿਤਸਰ ਵਿਖੇ ਰਵਾਨਾ ਹੋਵੇਗੀ ਜਿਥੇ ਸ਼ਰਧਾਲੂਆਂ ਨੂੰ ਸ਼੍ਰੀ ਦਰਬਾਰ ਸਾਹਿਬ, ਰਾਮ ਤੀਰਥ ਮੰਦਿਰ, ਬਾਘਾ ਬਾਰਡਰ, ਜਲ੍ਹਿਆਂਵਾਲਾ ਬਾਗ ਆਦਿ ਥਾਂਵਾਂ ਦੀ ਯਾਤਰਾ ਕਰਵਾਈ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਬੰਧਤ ਏਜੰਸੀ ਨਾਲ ਤਾਲਮੇਲ ਕਰਕੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੱਸਾਂ ਦੇ ਸਡਿਊਲ ਅਨੁਸਾਰ ਯਾਤਰਾ ਦੇ ਯੋਗ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਇਸ ਮੌਕੇ 'ਤੇ ਹੋਰਨਾਂ ਤੋਂ ਇਲਵਾ ਦੁਆਬਾ ਇੰਚਾਰਜ ਤਰੁਣ ਅਰੋੜ, ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਹਾਜ਼ਰ ਸਨ।

## *ਮਜੀਠੀਆ ਨੂੰ ਜ਼ਮਾਨਤ ਮਿਲਣ ਨਾਲ ਸਚਾਈ ਦੀ ਜਿੱਤ: ਰਾਜਨਬੀਰ ਘੁਮਾਣ*

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 2 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਉੱਤੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਆਮਦਨ ਤੋਂ ਵੱਧ ਆਮਦਨ ਵਾਲੇ ਦਰਜ਼ ਮਾਮਲੇ ਵਿੱਚੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦੇਣ ਤੇ ਸਚਾਈ ਦੀ ਜਿੱਤ ਹੋਈ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨਾਲ ਕਰਦਿਆਂ ਮਾਝੇ ਦੇ ਨਿਧੜਕ ਜਰਨੈਲ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਸਾਥੀ ਅਤੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਮਾਨਯੋਗ ਸੁਪਰੀਮ ਕੋਰਟ ਦਾ ਧੰਨਵਾਦ ਕਰਦੇ ਹਨ। ਜਿਨ੍ਹਾਂ ਨੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦਿੱਤੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੀ ਮਾਨ ਸਰਕਾਰ ਵੱਲੋਂ ਬਿਕਰਮ ਮਜੀਠੀਆ ਦੀ ਪਾਰਟੀ 'ਚ ਸਵੀ ਨੂੰ ਖਰਾਬ ਕਰਨ ਲਈ ਬੇਬੁਨਿਆਦ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਬਿਕਰਮ ਸਿੰਘ ਮਜੀਠੀਆ ਦੇ ਜ਼ਮਾਨਤ ਤੇ ਬਾਹਰ ਆਉਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਰਦੂਲ ਸਿੰਘ ਔਲਖ, ਸੀਨੀਅਰ ਆਗੂ ਸੁਲੱਖਣ ਸਿੰਘ ਬਾਠ ਘੁਮਾਣ, ਪ੍ਰਧਾਨ ਵਿਨੋਦ ਕੁਮਾਰ ਘੁਮਾਣ , ਜ਼ਿਲ੍ਹਾ ਯੂਥ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਭੋਮਾ, ਦਲਜੀਤ ਸਿੰਘ ਮੰਡ, ਪ੍ਰਧਾਨ ਕੁਲਦੀਪ ਸਿੰਘ ਮੂੜ, ਜਥੇਦਾਰ ਅਮਰਜੀਤ ਸਿੰਘ ਸੇਖਵਾਂ, ਪ੍ਰਧਾਨ ਸੁਖਦੇਵ ਸਿੰਘ ਵੈਰੋਨੰਗਲ, ਪ੍ਰਧਾਨ ਬਖਸ਼ੀਸ਼ ਸਿੰਘ ਭੋਮਾ, ਸਾਬਕਾ ਸਰਪੰਚ ਹਰਜਿੰਦਰ ਸਿੰਘ ਦਕੋਹਾ, ਯੂਥ ਆਗੂ ਰਵੀ ਦਕੋਹਾ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

## ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਵੰਡੇ ਪੰਜ-ਪੰਜ ਲੱਖ ਦੇ ਚੈੱਕ



ਅੰਮ੍ਰਿਤਸਰ, 2 ਫਰਵਰੀ (ਚ.ਨ.ਸ.): ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ 2.0 ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਅਤੇ ਇਸ ਮੁਹਿੰਮ ਤਹਿਤ ਵੱਖ-ਵੱਖ ਖੇਤਰਾਂ ਵਿੱਚ ਨਸ਼ਾ ਮੁਕਤੀ ਮੋਰਚੇ ਵਲੋਂ ਜਾਗਰੂਕਤਾ ਯਾਤਰਾਵਾਂ ਕੱਢ ਕੇ ਲੋਕਾਂ ਨੂੰ ਨਸ਼ੇ ਦੇ ਮਾਰੂ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ ਜਾ ਰਿਹਾ ਹੈ। ਮੈਡਮ ਮਾਨ ਨੇ ਇਸ ਮੌਕੇ ਹਾਜ਼ਰ ਵੀ.ਐਲ.ਡੀ.ਸੀ. ਮੈਂਬਰਾਂ ਨੂੰ ਨਸ਼ਾ ਮੁਕਤੀ ਮੋਰਚੇ ਦੀ ਐਪ ਡਾਊਨਲੋਡ ਕਰਵਾਉਂਦਿਆਂ ਕਿਹਾ ਕਿ ਉਹ ਇਸ ਐਪ ਰਾਹੀ ਆਪਣੇ ਇਲਾਕੇ ਵਿੱਚ ਕਿਸੇ ਵੀ ਨਸ਼ਾ ਸਮੱਗਲਰ ਦੀ ਸੂਚਨਾ ਪੁਲਿਸ ਨੂੰ ਮੁਹੱਈਆ ਕਰਵਾ ਸਕਦੇ ਹਨ। ਉਨਾਂ ਦੱਸਿਆ ਕਿ ਸੂਚਨਾ ਦੇਣ ਵਾਲੇ ਦਾ ਨਾਮ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਉਨਾਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀ ਜਾਵੇਗਾ ਅਤੇ ਉਨਾਂ ਵਲੋਂ ਬਣਾਈ ਗਈ ਗੈਰ ਕਾਨੂੰਨੀ ਢੰਗ ਨਾਲ ਜਾਇਦਾਦ ਨੂੰ ਢਾਹ ਦਿੱਤਾ ਜਾਵੇਗਾ।

ਇਸ ਮੌਕੇ ਮੈਡਮ ਸੋਨੀਆ ਮਾਨ ਵਲੋਂ ਬਲਾਕ ਹਰਸ਼ਾ ਛੀਨਾ ਦੀਆਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਪੰਜ-ਪੰਜ ਲੱਖ ਰੁਪਏ ਦੇ ਚੈੱਕ ਵੀ ਵੰਡੇ ਗਏ। ਉਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਵਾਅਦਾ ਕੀਤਾ ਸੀ ਕਿ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾ ਨੂੰ ਪੰਜ-ਪੰਜ ਲੱਖ ਰੁਪਏ ਦੇ ਚੈੱਕ ਦਿੱਤੇ ਜਾਣਗੇ ਤੇ ਆਪਣੇ ਵਾਅਦੇ ਅਨੁਸਾਰ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਚੈੱਕਾਂ ਦੀ ਵੰਡ ਕੀਤੀ ਗਈ ਹੈ। ਉਨਾਂ ਦੱਸਿਆ ਕਿ ਪੰਚਾਇਤਾਂ ਇਸ ਰਾਸੀ ਨੂੰ ਆਪਣੀ ਮਰਜ਼ੀ ਨਾਲ ਕਿਸੇ ਵੀ ਵਿਕਾਸ ਕਾਰਜ ਤੇ ਖਰਚ ਸਕਦੀਆਂ ਹਨ। ਉਨਾਂ ਦੱਸਿਆ ਕਿ ਇਹ ਰਾਸ਼ੀ ਪੰਚਾਇਤਾਂ ਲਈ ਕਾਫ਼ੀ ਕਾਰਗਾਰ ਸਿੱਧ ਹੋਵੇਗੀ। ਇਸ ਮੌਕੇ ਤੇ ਲਗਭਗ 20 ਪੰਚਾਇਤਾਂ ਨੂੰ ਇਕ ਕਰੋੜ ਰੁਪਏ ਦੀ ਰਾਸ਼ੀ ਨੂੰ ਵੰਡ ਕੀਤੀ ਗਈ। ਇਨਾਂ ਪੰਚਾਇਤਾਂ 'ਚ ਕੋਟਲੀ ਸੱਕਾ, ਲੱਲਾ ਅਫਗਾਨਾ, ਧਰਮਕੋਟ, ਜਗਦੇਵ ਕਲਾਂ, ਰਾਣੇ ਵਾਲੀ, ਕੋਟ ਸਿੱਧੂ, ਬੰਗਾ ਖੁਰਦ, ਬੰਗਾ ਕਲਾਂ, ਚੈਨਪੁਰ, ਰਾਏ ਪੁਰ ਖੁਰਦ, ਕੋਟਲੀ ਕੋਰੋਟਾਨਾ ਅਦਿ ਸ਼ਾਮਿਲ ਸਨ।

ਇਸ ਮੌਕੇ ਜਿਲ੍ਹਾ ਪ੍ਰੀਸ਼ਦ ਮੈਂਬਰ ਰੇਸ਼ਮ ਸਿੰਘ ਵੜੈਚ, ਤੇਜਬੀਰ ਸਿੰਘ ਬੱਗਾ, ਸੁਖਚੈਨ ਸਿੰਘ, ਸਵਿੰਦਰ ਸਿੰਘ ਦੁੱਲਾ, ਕੌਂਸਲਰ ਕੁਲਵਿੰਦਰ ਸਿੰਘ ਔਲਖ, ਸਾਹਬ ਸਿੰਘ ਸਰਪੰਚ, ਸੁੱਖ ਕੋਟਲੀ, ਸੁਬੇਗ ਸਿੰਘ ਸਰਪੰਚ ਜਗਦੇਵ ਕਲਾਂ, ਗੁਰਪਾਲ ਸਿੰਘ ਮੱਲੂਨੰਗਲ, ਸਰਪੰਚ ਸਤਨਾਮ ਸਿੰਘ ਲੱਲਾ ਅਫ਼ਗਾਨਾ, ਬੀਡੀਪੀਓ ਪ੍ਰਗਟ ਸਿੰਘ, ਸਕੱਤਰ ਨਿਰਮਲ ਸਿੰਘ, ਜਤਿੰਦਰ ਸਿੰਘ ਰਿੰਕੂ ਬਲਾਕ ਪ੍ਰਧਾਨ, ਲਖਬੀਰ ਸਿੰਘ ਮੰਝ, ਸੁਬੇਗਾ ਸਿੰਘ, ਮੋਰ ਸਿੰਘ, ਬਲਦੇਵ ਸਿੰਘ, ਸੁਖਚੈਨ ਸਿੰਘ ਅਦਲੀਵਾਲ, ਸਤਨਾਮ ਸਿੰਘ ਅਦਲੀਵਾਲ, ਨਿਸ਼ਾਨ ਸਿੰਘ, ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋਆਰਡੀਨੇਟਰ ਸੁਖਦੀਪ ਸਿੰਘ ਛੀਨਾ, ਸੰਗਠਨ ਇੰਚਾਰਜ ਰਾਜਬੀਰ ਸਿੰਘ ਤੋਲਾ ਨੰਗਲ, ਸੋਸ਼ਲ ਮੀਡੀਆ ਕੋਆਰਡੀਨੇਟਰ ਅਮਿਤੋਜ ਸਿੰਘ, ਲਵਦੀਪ ਸਿੰਘ। ਨਿਹਾਲ ਸਿੰਘ ਆਦਿ ਸ਼ਾਮਲ ਸਨ।

## ਐਸ.ਐਚ.ਓ. ਸੁਖਵਿੰਦਰ ਸਿੰਘ ਸਰਾਂ ਦੀ ਅਗਵਾਈ ਹੇਠ ਪੀ.ਓ. ਸਟਾਫ ਨੇ ਦਬੋਚਿਆ ਫਰਾਰ ਮੁਲਜ਼ਮ



ਅੰਮ੍ਰਿਤਸਰ, 2 ਫਰਵਰੀ (ਬਬਲੂ ਮਹਾਜਨ): ਰੇਲਵੇ ਪੁਲਿਸ (GRP) ਅੰਮ੍ਰਿਤਸਰ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਪੀ.ਓ. ਸਟਾਫ ਨੇ ਇੱਕ ਅਜਿਹੇ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਜੋ ਲੰਬੇ ਸਮੇਂ ਤੋਂ ਅਦਾਲਤੀ ਕਾਰਵਾਈ ਤੋਂ ਭੱਜ ਰਿਹਾ ਸੀ। ਥਾਣਾ ਜੀ.ਆਰ.ਪੀ. ਅੰਮ੍ਰਿਤਸਰ ਦੇ ਮੁੱਖ ਅਫਸਰ ਸੁਖਵਿੰਦਰ ਸਿੰਘ ਸਰਾਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚਲਾਈ ਗਈ ਮੁਹਿੰਮ ਤਹਿਤ, ਪੁਲਿਸ ਨੇ ਬਲਵਿੰਦਰ ਸਿੰਘ ਉਰਫ ਬਲਿੰਦਰ ਨੂੰ ਕਾਬੂ ਕਰ ਲਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਮਾਮਲਾ 21 ਜੂਨ 2018 ਦਾ ਹੈ। ਉਸ ਸਮੇਂ ਰੇਲਵੇ ਸਟੇਸ਼ਨ ਅੰਮ੍ਰਿਤਸਰ ਦੇ ਸੈਕਿੰਡ ਕਲਾਸ ਮੁਸਾਫਰਖਾਨਾ ਵਿਖੇ ਚੈਕਿੰਗ ਦੌਰਾਨ HC ਮਨਜੀਤ ਸਿੰਘ ਨੇ ਮੁਲਜ਼ਮ ਬਲਵਿੰਦਰ ਸਿੰਘ (ਵਾਸੀ ਹਿੰਦੋਸਤਾਨੀ ਬਸਤੀ, ਅੰਮ੍ਰਿਤਸਰ) ਦੀ ਤਲਾਸ਼ੀ ਲਈ ਸੀ। ਤਲਾਸ਼ੀ ਦੌਰਾਨ ਮੁਲਜ਼ਮ ਕੋਲੋਂ ਇੱਕ ਨਾਜਾਇਜ਼ ਕਮਾਨੀਦਾਰ ਚਾਕੂ ਬਰਾਮਦ ਹੋਇਆ ਸੀ, ਜਿਸ ਤੋਂ ਬਾਅਦ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਦਿਆਂ ਮੁਕੱਦਮਾ ਦਰਜ ਕੀਤਾ ਗਿਆ ਸੀ।

ਪੁਲਿਸ ਵੱਲੋਂ ਇਸ ਮਾਮਲੇ ਦਾ ਚਲਾਨ 23 ਅਕਤੂਬਰ 2018 ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਪਰ ਟਰਾਇਲ ਦੌਰਾਨ ਮੁਲਜ਼ਮ ਲਗਾਤਾਰ ਅਦਾਲਤ ਵਿੱਚ ਪੇਸ਼ ਨਹੀ ਹੋਇਆ। ਇਸ ਲਾਪਰਵਾਹੀ ਤੇ ਕਾਨੂੰਨ ਦੀ ਉਲੰਘਣਾ ਕਾਰਨ ਅਦਾਲਤ ਨੇ 20 ਨਵੰਬਰ 2025 ਨੂੰ ਬਲਵਿੰਦਰ ਸਿੰਘ ਨੂੰ ਧਾਰਾ 299 CrPC ਤਹਿਤ ਭਗੌੜਾ (PO) ਕਰਾਰ ਦੇ ਦਿੱਤਾ ਸੀ।

ਐਸ.ਐਚ.ਓ. ਸੁਖਵਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਜੀ.ਆਰ.ਪੀ. ਦੇ ਪੀ.ਓ. ਸਟਾਫ ਨੇ ਮੁਸਤੈਦੀ ਦਿਖਾਉਂਦੇ ਹੋਏ ਅੱਜ ਮਿਤੀ 02-02-2026 ਨੂੰ ਇਸ ਭਗੌੜੇ ਮੁਲਜ਼ਮ ਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਨੂੰ ਅੱਜ ਹੀ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਅਪਰਾਧਿਕ ਅਨਸਰਾਂ ਤੇ ਭਗੌੜਿਆਂ ਵਿਰੁੱਧ ਇਹ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ ਤਾਂ ਜੋ ਸ਼ਹਿਰ ਅਤੇ ਰੇਲਵੇ ਸਟੇਸ਼ਨ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਨਸ਼ਿਆਂ ਵਿਰੁੱਧ ਪਦਯਾਤਰਾ



ਬਟਾਲਾ, 2 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈ): ਡਿਪਟੀ ਕਮਿਸ਼ਨਰ ਗੁਰਦਾਸਪੁਰ, ਸ੍ਰੀ ਆਦਿੱਤਿਆ ਉੱਪਲ ਦੇ ਦਿਸ਼ਾ ਨਿਰਦੇਸ਼ਾਂ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਜਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਪਦਯਾਤਰਾ ਜਾ ਰਹੀਆਂ ਹਨ।

ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ-ਕਮ- ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ, ਜਸ ਤਹਿਤ ਨਸ਼ਿਆਂ ਵਿਰੁੱਧ ਵਿੱਢੇ ਯੁੱਧ ਦੇ ਦੂਜੇ ਪੜਾਅ ਤਹਿਤ ਪਿੰਡਾਂ ਅਤੇ ਵਾਰਡਾਂ 'ਚ ਪੈਦਲ ਯਾਤਰਾ ਕੀਤੀਆਂ ਜਾ ਰਹੀਆਂ ਹਨ , ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ।

ਉਨ੍ਹਾਂ ਦੱਸਿਆ ਬਟਾਲਾ ਦੀ ਵਾਰਡ ਨੰਬਰ 3, 4 ਅਤੇ 5 ਸਮੇਤ ਵੱਖ-ਵੱਖ ਵਾਰਡਾਂ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਪਦਯਾਤਰਾ ਕੀਤੀਆਂ ਗਈਆਂ। ਦੱਸਣਯੋਗ ਹੈ ਕਿ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਨੰਬਰ ਤੇ ਮਿਸ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ 'ਚ ਸ਼ਾਮਲ ਹੋ ਸਕਦਾ ਹੈ।

ਇਸ ਮੌਕੇ ਮਨਜੀਤ ਸਿੰਘ ਬੰਮਰਾਹ, ਹਲਕਾ ਕੁਆਰਡੀਨੇਟਰ ਨਸ਼ਾ ਮੁਕਤੀ ਮੋਰਚਾ, ਨਗਰ ਨਿਗਮ ਦਫਤਰ ਤੋਂ ਪਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਪ੍ਰਧਾਨ ਵੀਨੂੰ ਕਾਹਲੋਂ, ਅਮਰੀਕ ਸਿੰਘ, ਭੁਪਿੰਦਰ ਸਿੰਘ, ਅਮਿਤ ਸੋਢੀ, ਪ੍ਰਦੀਪ ਕੁਮਾਰ ਸਮੇਤ ਵਾਰਡ ਵਾਸੀ ਮੌਜੂਦ ਸਨ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਡੀ.ਐਸ.ਪੀ. ਜੰਡਿਆਲਾ ਨੂੰ ਇਲਾਕੇ ਦੇ ਪੁਲਿਸ ਨਾਲ ਸਬੰਧਿਤ ਮਸਲਿਆਂ ਬਾਰੇ ਦਿੱਤਾ ਮੰਗ ਪੱਤਰ



ਬਾਬਾ ਬਕਾਲਾ ਸਾਹਿਬ, 2 ਫਰਵਰੀ (ਬਲਰਾਜ ਸਿੰਘ ਰਾਜਾ): 02/02/2026 ਜੰਡਿਆਲਾ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਪੁਲਿਸ ਨਾਲ ਸੰਬੰਧਿਤ ਚਿਰਾਂ ਤੋਂ ਲਟਕ ਰਹੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਥਾਣਾ ਜੰਡਿਆਲਾ ਮੂਹਰੇ 7 ਫ਼ਰਵਰੀ ਨੂੰ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ, ਇਹ ਜਾਣਕਾਰੀ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਿਲ੍ਹਾ ਅੰਮ੍ਰਿਤਸਰ ਦੇ ਜੋਨ ਟਾਂਗਰਾ ਦੇ ਪ੍ਰਧਾਨ ਅਮਰਿੰਦਰ ਸਿੰਘ ਮਾਲੋਵਾਲ ਅਤੇ ਜਿਲ੍ਹਾ ਆਗੂ ਬਲਵਿੰਦਰ ਸਿੰਘ ਰੁਮਾਣਾ ਚੱਕ ਨੇ ਕਿਸਾਨਾਂ ਮਜਦੂਰਾਂ ਦੇ ਵਫਦ ਨਾਲ ਡੀ ਐੱਸ ਪੀ ਜੰਡਿਆਲਾ ਗੁਰੂ ਨੂੰ ਇਸ ਸਬੰਧੀ ਮੰਗ ਪੱਤਰ ਸੌਂਪਣ ਉਪਰੰਤ ਦਿੱਤੀ। ਉਹਨਾ ਦੱਸਿਆ ਕਿ ਸੰਬੰਧਿਤ DSP ਜੰਡਿਆਲਾ ਗੁਰੂ ਜਾਣਕਾਰੀ ਵਿੱਚ ਇਲਾਕੇ ਦੀਆਂ ਸਮੱਸਿਆਵਾਂ ਨੂੰ ਲਿਖਤੀ ਰੂਪ ਵਿੱਚ ਦੱਸ ਦਿੱਤਾ ਗਿਆ ਹੈ।

ਉਹਨਾ ਕਿਹਾ ਕਿ ਲੰਬੇ ਅਰਸੇ ਤੋਂ ਥਾਣਾ ਜੰਡਿਆਲਾ ਵੱਲੋਂ ਬਹੁਤ ਸਾਰੇ ਮਸਲਿਆਂ ਤੇ ਕਾਰਵਾਈ ਵਿੱਚ ਢਿੱਲਾ ਰਵਈਆ ਅਖਤਿਆਰ ਕੀਤਾ ਹੋਇਆ ਹੈ, ਜਿੰਨਾ ਵਿੱਚ ਖਾਸ ਕਰਕੇ ਸੁਖਰਾਜ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਧਾਰੜ੍ਹ ਉਪਰ ਪੁਲਿਸ ਵੱਲੋਂ ਕੀਤੇ ਨਜਾਇਜ਼ ਪਰਚੇ ਦੀ ਜਾਂਚ ਕਰਕੇ ਰੱਦ ਕਰਨ, ਹਰਜੀਤ ਕੌਰ ਪਤਨੀ ਅਮਰਜੀਤ ਸਿੰਘ ਅਤੇ ਅਮਰਜੀਤ ਸਿੰਘ ਪੁੱਤਰ ਸੁੱਚਾ ਸਿੰਘ ਦਾ ਡਾਕਟਰੀ ਰਿਪੋਰਟ ਅਨੁਸਾਰ ਪਰਚਾ ਦਰਜ਼ ਕਰਕੇ ਬਣਦੀ ਕਾਰਵਾਈ ਕਰਨ, ਰੁਪਿੰਦਰ ਕੌਰ ਪਤਨੀ ਸੁਖਰਾਜ ਸਿੰਘ ਵਾਸੀ ਪਿੰਡ ਧਾਰੜ੍ਹ ਦੇ ਬਿਆਨ ਤੇ ਦਰਜ਼ ਕੀਤਾ ਕਰਾਸ ਪਰਚਾ ਰੋਜ਼ਨਾਮਚਾ ਨੰ 038, ਮਿਤੀ 10-07-2022 ਦਾ ਚਲਾਨ ਪੇਸ਼ ਕਰਕੇ ਬਣਦੀ ਕਾਰਵਾਈ ਕਰਨ ਸਮੇਤ ਹੋਰ ਮਸਲੇ ਹੱਲ ਕੀਤੇ ਜਾਣ। ਉਹਨਾ ਕਿਹਾ ਕਿ ਨਸ਼ਿਆਂ ਤੇ ਸਰਕਾਰ ਵੱਲੋਂ ਸਿਰਫ ਪ੍ਰਚਾਰ ਤੇ ਜ਼ੋਰ ਦਿੱਤਾ ਗਿਆ ਹੈ ਜਦਕਿ ਨਸ਼ੇ ਦਾ ਪੱਧਰ ਪਿੰਡਾਂ ਵਿੱਚ ਬਹੁਤ ਵੱਧ ਚੁੱਕਾ ਹੈ, ਜਿਸ ਨਾਲ ਪਿੰਡਾਂ ਦੀ ਨੌਜੁਆਨੀ ਮੌਤ ਦੇ ਮੂੰਹ ਵਿੱਚ ਜਾ ਰਹੀ ਹੈ, ਪੁਲਿਸ ਕਾਰਵਾਈ ਕਰਕੇ ਨਸ਼ੇ ਦੇ ਇਸ ਕੋਹੜ ਨੂੰ ਅਮਲ ਵਿੱਚ ਖ਼ਤਮ ਕਰਨ ਲਈ ਮਜਬੂਤ ਕਦਮ ਚੱਕੇ ਜਾਣੇ ਚਾਹੀਦੇ ਹਨ। ਉਹਨਾ ਕਿਹਾ ਕਿ ਇਲਾਕੇ ਵਿੱਚ ਹਰ ਰੋਜ਼ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਪੁਲਿਸ ਦੀ ਗਸ਼ਤ ਵਧਾ ਕੇ ਚੋਰਾਂ ਤੇ ਸ਼ਿਕੰਜਾ ਕੱਸਿਆ ਜਾਵੇ।

ਉਹਨਾ ਕਿਹਾ ਕਿ ਲੋਕਾਂ ਦੀ ਮੰਗ ਹੈ ਕਿ ਦਿਨ ਦਿਹਾੜੇ ਹੋ ਰਹੇ ਕਤਲਾਂ ਅਤੇ ਲੁੱਟ ਖੋਹ ਕਾਰਨ ਵਿਗੜ ਰਹੀ ਕਾਨੂੰਨੀ ਵਿਵਸਥਾ ਵਿੱਚ ਸੁਧਾਰ ਕੀਤਾ ਜਾਵੇ ਅਤੇ ਸਿਆਸੀ ਦਬਾਅ ਹੇਠ ਨਜਾਇਜ਼ ਪਰਚੇ ਅਤੇ ਧੱਕੇਸ਼ਾਹੀ ਬੰਦ ਕਰਕੇ ਲੋਕਾਂ ਨੂੰ ਨਿਆਂ ਦਿਤਾ ਜਾਵੇ।

ਉਹਨਾ ਕਿਹਾ ਕਿ ਜੇਕਰ ਇਹਨਾਂ ਮੰਗਾਂ ਮਸਲਿਆਂ ਤੇ ਧਿਆਨ ਨਾ ਦਿੱਤਾ ਗਿਆ ਤਾਂ 07 ਫਰਵਰੀ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਟਾਂਗਰਾ ਵੱਲੋਂ, ਆਮ ਲੋਕਾਂ ਦੀਆਂ ਇਹਨਾਂ ਮੁਸ਼ਕਿਲਾਂ ਦੇ ਸਬੰਧ 'ਚ ਸਮੁੱਚੀ ਜੋਨ ਟੀਮ ਦੀ ਅਗਵਾਈ ਹੇਠ ਇਲਾਕਾ ਨਿਵਾਸੀਆਂ ਵੱਲੋ ਐੱਸ ਐੱਚ ਓ ਜੰਡਿਆਲਾ ਗੁਰੂ ਦੇ ਬਾਰ ਮੂਹਰੇ ਧਰਨਾ ਲੱਗੇਗਾ। ਜੇਕਰ ਇਸਦੇ ਨਾਲ ਲੋਕਾਂ ਨੂੰ ਕੋਈ ਪਰੇਸ਼ਾਨੀ ਆਉਦੀ ਹੈ ਤਾਂ ਉਸਦੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

ਇਸ ਮੌਕੇ ਜੋਨ ਆਗੂ ਬਲਦੇਵ ਸਿੰਘ ਭੰਗੂ, ਜੁਝਾਰ ਸਿੰਘ ਗਹਿਰੀ ਮੰਡੀ, ਸੁਖਰਾਜ ਸਿੰਘ ਧਾਰੜ੍ਹ, ਹਰਦੀਪ ਸਿੰਘ ਭੰਗੂ, ਅਮਰਜੀਤ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ ਗਹਿਰੀ ਮੰਡੀ, ਗੁਰਨੇਕ ਸਿੰਘ, ਦਲਬੀਰ ਸਿੰਘ, ਸ਼ਿੰਦਰ ਸਿੰਘ, ਕਾਲਾ ਸਿੰਘ ਆਦਿ ਕਿਸਾਨ ਮਜ਼ਦੂਰ ਹਾਜ਼ਰ ਰਹੇ।

# ਰੋਹਿਤ ਸ਼ੈਟੀ ਦੇ ਘਰ ਦੇ ਬਾਹਰ ਗੋਲੀਬਾਰੀ, ਇਲਾਕੇ 'ਚ ਦਹਿਸ਼ਤ ਦਾ ਮਾਹੌਲ

ਮੁੰਬਈ, 2 ਫਰਵਰੀ (ਚ.ਨ.ਸ): ਫਿਲਮ ਨਿਰਦੇਸ਼ਕ ਰੋਹਿਤ ਸ਼ੈਟੀ ਦੇ ਘਰ ਦੇ ਬਾਹਰ ਕੱਲ੍ਹ ਦੇਰ ਰਾਤ ਫਾਇਰਿੰਗ ਦੀ ਆਵਾਜ਼ ਸੁਣਾਈ ਦਿੱਤੀ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ ਮੁੰਬਈ ਦੇ ਪੱਛਮੀ ਉਪਨਗਰ ਜੁਹੂ ਸਥਿਤ ਫਿਲਮ ਨਿਰਮਾਤਾ ਰੋਹਿਤ ਸ਼ੈਟੀ ਦੀ ਰਿਹਾਇਸ਼ ਦੇ ਬਾਹਰ ਅਣਪਛਾਤੇ ਲੋਕਾਂ ਨੇ ਗੋਲੀਬਾਰੀ ਕੀਤੀ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਤੜਕੇ ਹੋਈ, ਜਿਸ ਤੋਂ ਬਾਅਦ ਇਮਾਰਤ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ਅਧਿਕਾਰੀ ਨੇ ਕਿਹਾ ਕਿ ਕਿਸੇ ਨੇ ਇਮਾਰਤ 'ਤੇ ਗੋਲੀ ਚਲਾਈ ਹੈ। ਖੇਤਰੀ ਪੁਲਿਸ ਅਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਇਸ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਘਟਨਾ ਦੇ ਸਮੇਂ ਫਿਲਮ ਨਿਰਮਾਤਾ ਆਪਣੇ ਘਰ ਮੌਜੂਦ ਸਨ ਜਾਂ ਨਹੀਂ। ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਰਿਪੋਰਟਾਂ ਅਨੁਸਾਰ, ਅਣਪਛਾਤੇ ਲੋਕਾਂ ਨੇ



ਇਮਾਰਤ 'ਤੇ ਚਾਰ ਰਾਊਂਡ ਗੋਲੀਆਂ ਚਲਾਈਆਂ, ਪਰ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜੁਹੂ ਪੁਲਿਸ ਅਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਅੱਗੇ ਦੱਸਿਆ ਕਿ ਇਮਾਰਤ ਦੇ ਬਾਹਰ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ ਅਤੇ ਸਬੂਤ ਇਕੱਠੇ ਕਰਨ ਲਈ ਫੋਰੈਂਸਿਕ ਵਿਗਿਆਨ ਟੀਮ (Forensic Team) ਮੌਕੇ 'ਤੇ ਪਹੁੰਚ ਗਈ ਹੈ।

# ਗੁ. ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਨਾਲ ਮਨਾਇਆ

ਸ੍ਰੀ ਫਤਿਹਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਸ਼ਹੀਦਾਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਸਿੰਘ ਭਾਈ ਆਕਾਸ਼ਦੀਪ ਸਿੰਘ ਦੇ ਜਥਿਆਂ ਵੱਲੋਂ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ 'ਤੇ ਅਰਦਾਸ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਤੇ ਕਥਾਵਾਚਕ ਭਾਈ ਸਤਨਾਮ ਸਿੰਘ ਵੱਲੋਂ ਕੀਤੀ ਗਈ।ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰੀਆ ਵੱਲੋਂ ਵੀ ਸਮੁੱਚੇ ਜਗਤ ਨੂੰ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਦੱਸਿਆ



ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੇ ਗੁਰਦੁਆਰਾ ਸਾਹਿਬਾਨ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਗੁਰੂ ਦੀ ਇਲਾਹੀ ਬਾਣੀ ਦੇ ਕੀਰਤਨ ਵੀ ਕੀਤੇ ਗਏ।ਉਨ੍ਹਾਂ ਕਿਹਾ ਕਿ ਇਸ ਮੌਕੇ 'ਤੇ ਸੰਗਤਾਂ ਦੀ ਵੱਡੀ ਗਿਣਤੀ ਵਿੱਚ ਆਮਦ ਨੂੰ ਮੁੱਖ ਰੱਖਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਤੇ ਵਾਹਨਾਂ ਦੀ ਪਾਰਕਿੰਗਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਉਨਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ 'ਤੇ ਅਮਲ ਕਰਕੇ ਆਪਣਾ ਜੀਵਨ ਸਫਰ ਕਰਨਾ ਚਾਹੀਦਾ ਹੈ। ਇਸ ਮੌਕੇ ਬਲਜੀਤ ਸਿੰਘ ਭੁੱਟਾ ਸਾਬਕਾ ਚੇਅਰਮੈਨ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਸ਼੍ਰੋਮਣੀ ਕਮੇਟੀ ਮੈਂਬਰ ਅਵਤਾਰ ਸਿੰਘ ਰਿਆ, ਬਲਵਿੰਦਰ ਸਿੰਘ ਭਮਾਰਸੀ ਐਡੀਸ਼ਨਲ ਮੈਨੇਜਰ, ਅਮਰਜੀਤ ਸਿੰਘ ਹੈਡ, ਮੀਤ ਮੈਨੇਜਰ ਜਗਮੀਤ ਸਿੰਘ, ਮੀਤ ਮੈਨੇਜਰ ਪ੍ਰਿਤਪਾਲ ਸਿੰਘ, ਮੇਜਰ ਸਿੰਘ ਸਟੋਰ ਕੀਪਰ, ਹਰਮਨਜੀਤ ਸਿੰਘ ਰਿਕਾਰਡ ਕੀਪਰ, ਹਰਜੀਤ ਸਿੰਘ ਰਿਕਾਰਡ ਕੀਪਰ, ਗਗਨਦੀਪ ਸਿੰਘ, ਪਰਮਿੰਦਰ ਸਿੰਘ ਹਾਜ਼ਰ ਸਨ।

# ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੀ ਬਰਸੀ 'ਤੇ ਦੇਸ਼-ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ 'ਚ ਸੰਗਤਾਂ ਨਤਮਸਤਕ

ਮਸਤੂਆਣਾ ਸਾਹਿਬ, 2 ਫਰਵਰੀ (ਹਰਕੰਵਲ ਸਿੰਘ ਹੈਪੀ): ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੀ 99ਵੀਂ ਬਰਸੀ ਮੌਕੇ ਕਰਵਾਏ ਜਾ ਰਹੇ ਸਾਲਾਨਾ ਜੋੜ ਮੇਲੇ ਦੌਰਾਨ ਦੇਸ਼-ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ 'ਚ ਸੰਗਤ ਨੇ ਮੱਥਾ ਟੇਕਿਆ । ਜੋੜ ਮੇਲੇ ਦੌਰਾਨ ਖੁੱਲ੍ਹੇ ਪੰਡਾਲ ਵਿੱਚ ਸਟੇਜ ਤੋਂ ਸਿਆਸੀ ਆਗੂਆਂ ਤੋਂ ਇਲਾਵਾ ਅਕਾਲ ਕਾਲਜ



ਕੌਂਸਲ ਦੇ ਪ੍ਰਧਾਨ ਸੰਤ ਕਾਕਾ ਸਿੰਘ ਦਮਦਮਾ ਸਾਹਿਬ, ਸਕੱਤਰ ਜਸਵੰਤ ਸਿੰਘ ਖਹਿਰਾ, ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, 'ਆਪ' ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਤੇ ਐਮ ਪੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਰਾਗੀ-ਢਾਡੀ ਜਥਿਆਂ ਤੋਂ ਇਲਾਵਾ ਸਾਧੂ, ਸੰਤਾਂ, ਮਹਾਤਮਾਵਾਂ ਅਤੇ ਸਿੱਖ ਵਿਦਵਾਨਾਂ ਨੇ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਮੋਹਤਬਰਾਂ ਨੂੰ ਅਕਾਲ ਕਾਲਜ ਕੌਂਸਲ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਪ੍ਰਧਾਨ ਪਰਮਿੰਦਰ ਸਿੰਘ ਢੀਂਡਸਾ, ਕੌਂਸਲ ਪ੍ਰਧਾਨ ਸੰਤ ਕਾਕਾ ਸਿੰਘ, ਕੌਂਸਲ ਸਕੱਤਰ ਜਸਵੰਤ ਸਿੰਘ ਖਹਿਰਾ, ਬਾਬਾ ਬਲਜੀਤ ਸਿੰਘ ਫੱਕਰ, ਜਥੇਦਾਰ ਹਰਜੀਤ ਸਿੰਘ ਸੰਜੂਮਾ, ਬਲਦੇਵ ਸਿੰਘ ਭੰਮਾਵੱਦੀ, ਜਸਪਾਲ ਸਿੰਘ ਸਿੱਧੂ, ਜਥੇਦਾਰ ਬਹਾਦਰ ਸਿੰਘ ਭਸੌੜ, ਡਾ. ਗੁਰਵੀਰ ਸਿੰਘ ਸੋਹੀ, ਗੁਲਜ਼ਾਰ ਸਿੰਘ ਕੱਟੂ, ਜੀਤ ਸਿੰਘ ਢੀਂਡਸਾ, ਮਨਜੀਤ ਸਿੰਘ ਬਾਲੀਆਂ, ਹਰਬੰਸ ਸਿੰਘ ਅਕੋਈ ਸਾਹਿਬ, ਜਗਰੂਪ ਸਿੰਘ ਲੱਡਾ, ਜਥੇਦਾਰ ਮੇਵਾ ਸਿੰਘ ਉੱਪਲੀ, ਭਾਈ ਅਵਤਾਰ ਸਿੰਘ ਬਡਰੁੱਖਾਂ ਸਮੇਤ ਹੋਰ ਕੌਂਸਲ ਮੈਂਬਰ ਹਾਜ਼ਰ ਸਨ। ਇਸ ਤੋਂ ਪਹਿਲਾਂ ਅਕਾਲ ਕਾਲਜ ਕੌਂਸਲ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਸੰਤ ਅਤਰ ਸਿੰਘ ਟਰੱਸਟ ਤੇ ਅਕਾਲ ਕਾਲਜ ਕੌਂਸਲ ਅਧੀਨ ਚਲਾਈਆਂ ਜਾ ਰਹੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਸਾਲਾਨਾ ਰਿਪੋਰਟ ਪੇਸ਼ ਕੀਤੀ।

# ਕੇਂਦਰੀ ਬਜਟ 2026 ਵਿਕਾਸ ਕੇਂਦਰਿਤ ਤੇ ਜਨਤਾ-ਹਿਤੈਸ਼ੀ: ਰਮੇਸ਼ ਕਟਾਰੀਆ

## ☛ਮੱਧ ਵਰਗ ਲਈ ਆਮਦਨ ਕਰ ਵਿੱਚ ਦਿੱਤੀ ਗਈ ਰਾਹਤ ਦਾ ਸਵਾਗਤ

ਫਾਜ਼ਿਲਕਾ, 2 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਬੀ ਜੇ ਪੀ. ਦੇ ਮੰਡਲ ਪ੍ਰਧਾਨ ਰਮੇਸ਼ ਕਟਾਰੀਆ ਨੇ ਕੇਂਦਰੀ ਬਜਟ 2026 ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਜਟ ਵਿਕਾਸ ਕੇਂਦਰਿਤ ਹੈ ਅਤੇ ਖੇਤੀਬਾੜੀ, ਵਪਾਰ, ਸਿੱਖਿਆ ਅਤੇ ਸਿਹਤ ਸਮੇਤ ਸਮਾਜ ਦੇ ਹਰ ਵਰਗ ਲਈ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਬਜਟ ਦੇਸ਼ ਦੀ ਆਰਥਿਕ ਖੁਸ਼ਹਾਲੀ ਨੂੰ ਨਵੀਂ ਊਰਜਾ ਪ੍ਰਦਾਨ ਕਰੇਗਾ। ਕਟਾਰੀਆ ਨੇ ਕਿਹਾ ਕਿ ਬਜਟ ਵਿੱਚ ਕੋਈ ਨਵਾਂ ਕਰ ਨਹੀਂ ਲਗਾਇਆ ਗਿਆ ਅਤੇ ਵੱਖ-ਵੱਖ ਖੇਤਰਾਂ ਨੂੰ ਰਾਹਤ ਦਿੱਤੀ ਗਈ ਹੈ, ਤਾਂ ਜੋ ਦੇਸ਼ ਵਿੱਚ ਵਪਾਰ ਕਰਨਾ ਹੋਰ ਆਸਾਨ ਬਣ ਸਕੇ। ਉਨ੍ਹਾਂ ਬੁਨਿਆਦੀ ਢਾਂਚੇ, ਉਦਯੋਗ ਅਤੇ ਖੇਤੀਬਾੜੀ ਵਿੱਚ ਨਵੇਂ ਮੌਕੇ ਪੈਦਾ ਕਰਨ ਲਈ ਦਿੱਤੇ ਗਏ ਜ਼ੋਰ ਦੀ ਵੀ ਪ੍ਰਸ਼ੰਸਾ ਕੀਤੀ।



ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਨੂੰ ਦੇਖਦੇ ਹੋਏ ਮੈਡੀਕਲ ਅਤੇ ਵੈਟਰਨਰੀ ਸਿੱਖਿਆ ਨੂੰ ਵੀ ਬਜਟ ਵਿੱਚ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ। ਨਾਲ ਹੀ ਆਈ.ਟੀ. ਖੇਤਰ ਅਤੇ ਛੋਟੇ ਤੇ ਦਰਮਿਆਨੇ ਪੱਧਰ ਦੇ ਉਦਯੋਗਾਂ 'ਤੇ ਖ਼ਾਸ ਧਿਆਨ ਦਿੱਤਾ ਗਿਆ ਹੈ, ਜਿਸ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਰਮੇਸ਼ ਕਟਾਰੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੂਰਦਰਸ਼ੀ ਨੇਤਾ ਦੱਸਦਿਆਂ ਕਿਹਾ ਕਿ ਉਹ ਭਾਰਤ ਨੂੰ ਵਿਕਾਸ ਦੇ ਨਵੇਂ ਰਾਹ 'ਤੇ ਲੈ ਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਜਟ ਵਿੱਚ ਕੀਤੀਆਂ ਗਈਆਂ ਵਿੱਤੀ ਵੰਡਾਂ 'ਵਿਕਸਿਤ ਭਾਰਤ' ਦੇ ਸੁਪਨੇ ਦੀ ਸਪੱਸ਼ਟ ਝਲਕ ਪੇਸ਼ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਵੱਲੋਂ ਪੇਸ਼ ਕੀਤਾ ਗਿਆ ਇਹ ਬਜਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਵਿਕਸਿਤ ਅਤੇ ਆਤਮ-ਨਿਰਭਰ ਭਾਰਤ ਦੀ ਨੀਂਹ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਬਜਟ ਰਾਹੀਂ ਮੱਧ ਵਰਗ ਨੂੰ ਰਾਹਤ, ਨੌਜਵਾਨਾਂ ਦੇ ਸਸ਼ਕਤੀਕਰਨ, ਕਿਸਾਨਾਂ ਦੀ ਭਲਾਈ ਅਤੇ ਮਹਿਲਾ-ਨੇਤ੍ਰਿਤਵ ਵਾਲੇ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ ਸਪੱਸ਼ਟ ਹੁੰਦੀ ਹੈ। ਕਟਾਰੀਆ ਨੇ ਖ਼ਾਸ ਤੌਰ 'ਤੇ ਮੱਧ ਵਰਗ ਲਈ ਆਮਦਨ ਕਰ ਵਿੱਚ ਦਿੱਤੀ ਗਈ ਰਾਹਤ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਦੀ ਖਰੀਦ ਸ਼ਕਤੀ ਵਧੇਗੀ ਤੇ ਦੇਸ਼ ਦੀ ਅਰਥਵਿਵਸਥਾ ਨੂੰ ਹੋਰ ਮਜ਼ਬੂਤੀ ਮਿਲੇਗੀ।

# ਬਲੋਚਿਸਤਾਨ 'ਚ ਹਾਲਾਤ ਤਣਾਅਪੂਰਨ, ਪਾਕਿ ਫੌਜੀ ਹੋਏ ਸ਼ਹੀਦ

ਅੰਮ੍ਰਿਤਸਰ, 2 ਫਰਵਰੀ (ਚ.ਨ.ਸ): ਪਾਕਿਸਤਾਨ ਦੇ ਅਸ਼ਾਂਤ ਸੂਬੇ ਬਲੋਚਿਸਤਾਨ ਵਿੱਚ ਸੁਰੱਖਿਆ ਬਲਾਂ ਤੇ ਅਤਿਵਾਦੀਆਂ ਵਿਚਾਲੇ ਹੋਈ ਭਾਰੀ ਗੋਲੀਬਾਰੀ ਵਿੱਚ ਘੱਟੋ-ਘੱਟ 15 ਪਾਕਿਸਤਾਨੀ ਫ਼ੌਜੀ ਸ਼ਹੀਦ ਹੋ ਗਏ ਹਨ, ਜਦੋਂਕਿ ਜਵਾਬੀ ਕਾਰਵਾਈ ਵਿੱਚ 92 ਅਤਿਵਾਦੀ ਮਾਰੇ ਗਏ ਹਨ। ਫ਼ੌਜ ਵੱਲੋਂ ਐਤਵਾਰ ਨੂੰ ਜਾਰੀ ਕੀਤੇ ਗਏ ਬਿਆਨ ਅਨੁਸਾਰ, ਇਹ ਅਪਰੇਸ਼ਨ ਉਸ ਸਮੇਂ ਸ਼ੁਰੂ ਕੀਤੇ ਗਏ ਜਦੋਂ ਬਲੋਚ ਨਸਲੀ ਸਮੂਹਾਂ ਨਾਲ ਸਬੰਧਤ ਅਤਿਵਾਦੀਆਂ ਨੇ ਸ਼ਨੀਵਾਰ ਨੂੰ ਕਈ ਥਾਵਾਂ 'ਤੇ ਹਮਲੇ ਕੀਤੇ ਸਨ । ਅਤਿਵਾਦੀਆਂ ਨੇ ਆਮ ਨਾਗਰਿਕਾਂ ਨੂੰ ਵੀ ਨਿਸ਼ਾਨਾ ਬਣਾਇਆ, ਜਿਸ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ 18 ਲੋਕਾਂ ਦੀ ਜਾਨ ਚਲੀ ਗਈ । ਫ਼ੌਜ ਨੇ ਸਪੱਸ਼ਟ ਕੀਤਾ ਹੈ ਕਿ ਮਾਰੇ ਗਏ ਅਤਿਵਾਦੀਆਂ ਵਿੱਚ ਤਿੰਨ ਆਤਮਘਾਤੀ ਹਮਲਾਵਰ ਵੀ ਸ਼ਾਮਲ



ਸਨ। ਪਾਕਿਸਤਾਨੀ ਫ਼ੌਜ ਨੇ ਦੱਸਿਆ ਕਿ ਪਿਛਲੇ ਦੋ ਦਿਨਾਂ ਤੋਂ ਜਾਰੀ ਇਸ ਮੁਹਿੰਮ ਵਿੱਚ ਹੁਣ ਤੱਕ ਕੁੱਲ 133 ਅਤਿਵਾਦੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ 41 ਅਤਿਵਾਦੀ ਪਾਬੰਦੀਸ਼ੁਦਾ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (TTP) ਨਾਲ ਸਬੰਧਤ ਸਨ। ਰਿਪੋਰਟਾਂ ਮੁਤਾਬਕ ਪਾਕਿਸਤਾਨ ਵਿੱਚ ਅਤਿਵਾਦੀ ਹਿੰਸਾ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ; ਸਾਲ 2025 ਦੌਰਾਨ ਅਤਿਵਾਦੀ ਘਟਨਾਵਾਂ ਵਿੱਚ 34 ਫ਼ੀਸਦੀ ਦਾ ਉਛਾਲ ਦੇਖਿਆ ਗਿਆ ਹੈ। ਸਰਕਾਰ ਨੇ 'ਨੈਸ਼ਨਲ ਐਕਸ਼ਨ ਪਲਾਨ' ਤਹਿਤ ਦੇਸ਼ ਵਿੱਚੋਂ ਅਤਿਵਾਦ ਦਾ ਸਫ਼ਾਇਆ ਕਰਨ ਲਈ ਇਸ ਮੁਹਿੰਮ ਨੂੰ ਪੂਰੀ ਰਫ਼ਤਾਰ ਨਾਲ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ।

# ਐਨਆਰਆਈ ਬਜ਼ੁਰਗ ਦਾ ਕਤਲ ਕਰਕੇ ਲਾਸ਼ ਬਾਥਰੂਮ 'ਚ ਸੁੱਟੀ

ਖੰਨਾ, 2 ਫਰਵਰੀ (ਚ.ਨ.ਸ): ਇਥੋਂ ਦੇ ਨਵੀਂ ਆਬਾਦੀ ਇਲਾਕੇ ਵਿੱਚ ਇੱਕ ਘਰ ਦੇ ਪਖਾਨੇ ਵਿੱਚੋਂ 81 ਸਾਲਾ ਐਨਆਰਆਈ ਔਰਤ ਦੀ ਲਾਸ਼ ਬਰਾਮਦ ਹੋਈ। ਔਰਤ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਤੇ ਘਟਨਾ ਤੋਂ ਬਾਅਦ ਇਲਾਕੇ ਵਿੱਚ ਡਰ ਦਾ ਮਾਹੌਲ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕਾ ਦੀ ਪਹਿਚਾਣ ਜਗਪਾਲ ਕੌਰ ਵਜੋਂ ਹੋਈ ਹੈ ਜੋ ਇੱਕ ਸੇਵਾਮੁਕਤ ਅਧਿਆਪਕਾ ਸੀ ਅਤੇ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੀ ਸੀ। ਜਗਪਾਲ ਕੌਰ ਅਕਤੂਬਰ 2025 ਵਿੱਚ ਕੈਨੇਡਾ ਤੋਂ ਭਾਰਤ ਵਾਪਸ ਆਈ ਸੀ ਤੇ ਅਪਰੈਲ ਵਿੱਚ ਕੈਨੇਡਾ ਜਾਣ ਦੀ ਤਿਆਰੀ ਕਰ ਰਹੀ ਸੀ। ਉਹ ਖੰਨਾ ਨਵੀਂ ਅਬਾਦੀ ਆਪਣੇ ਘਰ ਵਿੱਚ ਇਕੱਲੀ ਰਹਿ ਰਹੀ ਸੀ ਜਦੋਂ ਅੱਜ ਸਵੇਰੇ ਘਰ ਅੰਦਰੋਂ ਤੇਜ਼ ਬਦਬੂ ਆਉਣ ਲੱਗੀ ਤਾਂ ਲੋਕਾਂ ਨੂੰ ਸ਼ੱਕ ਹੋਇਆ ਤੇ ਉਨ੍ਹਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਮੌਕੇ 'ਤੇ ਪੁੱਜੀ ਪੁਲਿਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਹੱਥ ਪੈਰ ਬੰਨ੍ਹੀ ਲਾਸ਼ ਬਰਾਮਦ ਹੋਈ, ਜਿਸ ਨੂੰ ਦੇਖ ਕੇ ਸਪੱਸ਼ਟ ਹੁੰਦਾ ਹੈ ਕਿ ਇਹ ਕਤਲ ਇੱਕ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ। ਪੁਲਿਸ ਨੇ ਸਬੂਤ ਇਕੱਠੇ ਕਰਨ ਲਈ ਇੱਕ ਫੋਰੈਂਸਿਕ ਟੀਮ ਨੂੰ ਘਟਨਾ ਸਥਾਨ 'ਤੇ ਬੁਲਾਇਆ ਤੇ ਸੁਰਾਗ ਲੱਭਣ ਲਈ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।ਮ੍ਰਿਤਕਾ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਘਰ ਦੇ ਉਪਰਲੇ ਹਿੱਸੇ ਵਿੱਚ ਰਹਿੰਦੇ ਕਿਰਾਏਦਾਰ ਚਲੇ ਗਏ ਸਨ, ਜਿਸ ਕਾਰਨ ਜਗਪਾਲ ਕੌਰ ਘਰ ਵਿੱਚ ਇਕੱਲੀ ਰਹਿੰਦੀ ਸੀ । ਐਸਪੀ ਪਵਨਜੀਤ ਚੌਧਰੀ ਨੇ ਕਿਹਾ ਕਿ ਪੁਲਿਸ ਇਸ ਮਾਮਲੇ ਦੀ ਹਰ ਪਹਿਲੂ ਦੀ ਵੀ ਜਾਂਚ ਕਰ ਰਹੀ ਹੈ, ਜਲਦ ਹੀ ਕਾਤਲਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।



# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਭਾਵਨਾ ਨਾਲ ਮਨਾਇਆ



ਭੋਗਪੁਰ, 2 ਫਰਵਰੀ (ਜੰਡੀਰ ਸੈਣੀ): ਅੱਜ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਪ੍ਰਬੰਧਕ ਕਮੇਟੀ ਮੰਡੀ ਹਰਜੀ ਰਾਮ ਮਲੋਟ ਤੇ ਸ੍ਰੀ ਰਵਿਦਾਸ ਸਿੰਘ ਸਭਾ ਮੰਡੀ ਹਰਜੀ ਰਾਮ ਮਲੋਟ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵ ਨਾਲ ਮਨਾਇਆ ਗਿਆ। ਗੁਰੂਘਰ ਦੇ ਮੁੱਖ ਗ੍ਰੰਥੀ ਬਾਬਾ ਦਵਿੰਦਰ ਸਿੰਘ ਦਰਦੀ ਜੀਆਂ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਨਾਲ ਜੁੜਨ ਦਾ ਸੁਨੇਹਾ ਦਿੱਤਾ। ਗੁਰੂਘਰ ਵਿਖੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਦੀ ਸੇਵਾ ਪ੍ਰਿਸੀਪਲ ਅਮਰਜੀਤ ਸਿੰਘ ਵੱਲੋਂ ਕੀਤੀ ਗਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ 'ਤੇ ਗੁਰਤੇਜ ਸਿੰਘ ਘੁੜਿਆਣਾ ਸਾਬਕਾ ਐਮ.ਐਲ.ਏ. ਸੁਖਦੇਵ ਸਿੰਘ ਈ.ਓ.ਦਰਸ਼ਨ ਸਿੰਘ ਘੁੜਿਆਣਾ, ਪਰਮਵੀਰ ਸੋਨੀ, ਸੁਰਜੀਤ ਸਿੰਘ ਧੰਜੂ, ਜਥੇਦਾਰ ਸੁਦੇਸ਼ ਪਾਲ ਸਿੰਘ ਖਾਲਸਾ ਤੇ ਹਰਦੀਪ ਸਿੰਘ ਗਰੇਵਾਲ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਅੰਤਰਰਾਸ਼ਟਰੀ ਜ਼ੀਬਰਾ ਦਿਵਸ ਦੇ ਜਾਗਰੂਕਤਾ ਤੇ ਸੰਰੱਖਣ ਲਈ ਵਿਸ਼ੇਸ਼ ਸਮਾਗਮ

ਸ੍ਰੀ ਫਤਿਹਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਜ਼ੂਆਲੋਜੀ ਵਿਭਾਗ ਵੱਲੋਂ ਸੋਸਾਇਟੀ ਆਫ਼ ਐਨੀਮਲ ਸਾਇੰਸਜ਼ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਜ਼ੀਬਰਾ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਕੋਆਰਡੀਨੇਟਰ ਡਾ. ਜਸਪ੍ਰੀਤ ਕੌਰ ਸਨ ਤੇ ਇਸ ਦਾ ਮੁੱਖ ਉਦੇਸ਼ ਜ਼ੀਬਰਿਆਂ ਦੀਆਂ ਵੱਖ-ਵੱਖ ਪ੍ਰਜਾਤੀਆਂ, ਉਹਨਾਂ ਦੀ ਜੈਵਿਕ ਵਿਭਿੰਨਤਾ, ਪਰਿਆਵਰਣ ਵਿੱਚ ਅਹਿਮ ਭੂਮਿਕਾ ਤੇ ਉਹਨਾਂ ਦੇ ਸੰਰੱਖਣ ਬਾਰੇ ਵਿਦਿਆਰਥੀਆਂ ਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੌਕੇ 'ਜ਼ੀਬਰਿਆਂ ਦਾ ਜੀਵਨ (ਵਾਈਲਡਲਾਈਫ- ਐਨੀਮਲ ਵਰਲਡ) ਨਾਮਕ ਇੱਕ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ।ਇਸ ਵਿੱਚ ਜ਼ੀਬਰਿਆਂ ਦੇ ਜੀਵਨ ਚੱਕਰ, ਉਹਨਾਂ ਦੇ ਵਿਵਹਾਰ, ਆਵਾਸ ਵਿੱਚ ਘਟਾਅ ਤੇ ਸੰਰੱਖਣ ਨਾਲ ਜੁੜੀਆਂ ਚੁਣੌਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।



ਐਮ.ਐਸਸੀ. ਤੇ ਬੀ.ਐਸਸੀ. ਜ਼ੂਆਲੋਜੀ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਡਾਕੂਮੈਂਟਰੀ ਵੇਖਣ ਤੋਂ ਬਾਅਦ ਵਿਦਿਆਰਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ, ਜ਼ੀਬਰਾ ਸੰਰੱਖਣ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਤੇ ਕੁਝ ਸੁਝਾਅ ਵੀ ਦਿੱਤੇ, ਜਿਸ ਨਾਲ ਪੂਰਾ ਸੈਸ਼ਨ ਬਹੁਤ ਰਸਭਰਿਆ ਤੇ ਗਿਆਨਵਰਧਕ ਬਣ ਗਿਆ। ਸਮਾਗਮ ਦੇ ਅੰਤ ਵਿੱਚ ਜ਼ੂਆਲੋਜੀ ਵਿਭਾਗ ਦੇ ਮੁਖੀ ਡਾ. ਚਰਨ ਕਮਲ ਸੇਖੋਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਨਜੀਵ ਸੰਰੱਖਣ ਵਿੱਚ ਉਹਨਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ।ਇਸ ਦੌਰਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਤੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਵਿਭਾਗ ਦੀ ਇਸ ਸ਼ਾਨਦਾਰ ਕੋਸ਼ਿਸ਼ ਦੀ ਸ਼ਲਾਘਾ ਕੀਤੀ ਤੇ ਇਸ ਨੂੰ ਸਫਲ ਮੰਨਿਆ।ਉਹਨਾਂ ਕਿਹਾ ਕਿ ਇਹ ਉਪਰਾਲਾ ਮਨੁੱਖ ਨੂੰ ਵਨਜੀਵ ਸੰਸਾਰ ਨਾਲ ਜੋੜਨ ਤੇ ਜੰਗਲੀ ਜਾਨਵਰਾਂ ਦੇ ਸੰਰੱਖਣ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗਾ।ਸਮਾਗਮ ਵਿੱਚ ਡਾ. ਮੋਨਿਕਾ ਏਅਰੀ, ਡਾ. ਯਚਨਾ ਕਪੂਰ ਤੇ ਡਾ. ਤਰੁਣ ਢਡਵਾਲ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ 'ਚ ਸਰਹਿੰਦ ਦੇ ਵਾਰਡ 13 'ਚ 80 ਲੱਖ ਰੁਪਏ ਦੀ ਲਾਗਤ ਨਾਲ ਬਣੇਗਾ ਕਮਿਊਨਿਟੀ ਹਾਲ: ਰਾਏ

## ☛ਵਿਧਾਇਕ ਰਾਏ ਨੇ ਵਾਰਡ ਨੰ. 13 ਵਿਖੇ ਰੱਖਿਆ ਕਮਿਊਨਿਟੀ ਹਾਲ ਦਾ ਨੀਂਹ ਪੱਥਰ

ਸ੍ਰੀ ਫਤਿਹਗੜ੍ਹ ਸਾਹਿਬ, 2 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵਾਰਡ ਨੰਬਰ 13 ਵਿਖੇ ਕਰੀਬ 80 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ । ਜਿਸ ਕਾਰਨ ਵਾਰਡ ਵਾਸੀਆਂ ਦੇ ਵਿੱਚ ਖੁਸ਼ੀ ਦੇਖਣ ਨੂੰ ਮਿਲੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰਾਏ ਨੇ ਕਿਹਾ ਕਿ ਦੇਸ਼ ਵਿਦੇਸ਼ ਦੇ ਵਿੱਚ ਬੈਠੀਆਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਹੋਵਣ।ਸਤਿਗੁਰੂ ਰਵਿਦਾਸ ਜੀ ਨੇ ਜਾਤ ਪਾਤ ਦਾ ਖੰਡਨ ਕੀਤਾ ਹੈ ਤੇ ਆਮ ਲੋਕਾਂ ਨੂੰ ਕੁਰੀਤੀਆਂ ਤੋਂ ਬਚਾਉਣ ਦੇ ਲਈ ਯਤਨ ਕੀਤਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਉਹਨਾਂ ਦੀ ਬਾਣੀ ਦਰਜ ਹੈ, ਜਿਸ ਨੂੰ



ਪੜ੍ਹ ਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਸਾਨੂੰ ਉਹਨਾਂ ਦੇ ਦਰਸਾਏ ਮਾਰਗ ਦੇ ਉਤੇ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਸਤਿਗੁਰੂ ਰਵਿਦਾਸ ਜੀ ਦੀ ਯਾਦ ਦੇ ਵਿੱਚ ਸਰਹਿੰਦ ਦੇ ਵਾਰਡ ਨੰਬਰ 13 ਦੇ ਵਿੱਚ ਕਰੀਬ 80 ਲੱਖ ਰੁਪਏ ਦੀ ਲਾਗਤ ਦੇ ਨਾਲ ਇੱਕ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ ਹੈ । ਇਸ ਹਾਲ ਦੇ ਬਣਨ ਨਾਲ ਵਾਰਡ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਛੋਟੇ ਮੋਟੇ ਪ੍ਰੋਗਰਾਮ ਇਸ ਹਾਲ ਦੇ ਵਿੱਚ ਹੀ ਕੀਤੇ ਜਾ ਸਕਣਗੇ।ਇਸ ਮੌਕੇ ਕੌਂਸਲਰ ਆਸ਼ਾ ਰਾਣੀ, ਆਪ ਆਗੂ ਰਮੇਸ਼ ਸੋਨੂੰ, ਪਵੇਲ ਹਾਂਡਾ, ਮੋਹਿਤ ਸੂਦ, ਬਲਜਿੰਦਰ ਗੋਲਾ, ਮਾਸਟਰ ਸੰਤੋਖ ਸਿੰਘ, ਅਮਿਤ ਕੁਮਾਰ, ਮਨੋਜ ਕੁਮਾਰ, ਰਵੀ ਕੁਮਾਰ, ਜੋਰਾ ਸਿੰਘ, ਅਮਨਦੀਪ, ਭਾਨੀ, ਹਰਪ੍ਰੀਤ ਸਿੰਘ, ਲਾਲ ਚੰਦ, ਇਸ਼ਾਂਤ, ਦਿਨੇਸ਼ ਕੌਸ਼ਲ, ਤੁਸ਼ਾਰ, ਜੋਗਿੰਦਰ ਕੁਮਾਰ, ਹਰੀਸ਼ ਕੁਮਾਰ, ਚੰਚਲ ਰਾਣੀ, ਪਰਮਜੀਤ ਕੌਰ, ਬਬਲੂ, ਨੀਟੂ, ਤਰਲੋਕ ਸਿੰਘ ਗੋਲਡੀ ਹਾਜ਼ਰ ਸਨ।

# ਭਾਜਪਾ ਦੇ ਮੰਡਲ ਪ੍ਰਧਾਨ ਖ਼ਿਲਾਫ਼ ਕਬੂਤਰਬਾਜ਼ੀ ਦੇ ਮਾਮਲੇ 'ਚ ਧੋਖਾਧੜੀ ਦਾ ਮੁੱਕਦਮਾ ਦਰਜ

## ☛ਮੰਡਲ ਪ੍ਰਧਾਨ ਨੇ ਦੋਸ਼ਾਂ ਨੂੰ ਦੱਸਿਆ ਗਲਤ

ਅਮਲੋਹ, 2 ਫਰਵਰੀ (ਜਸਵੰਤ ਸਿੰਘ): ਭਾਰਤੀ ਜਨਤਾ ਪਾਰਟੀ ਦੇ ਮੰਡਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਰਜੀਵ ਵਰਮਾ ਪੁੱਤਰ ਰਾਜਪਾਲ ਵਰਮਾ ਮਾਲਕ ਰਾਜਪਾਲ ਜਿਊਲਰ ਦੇ ਖਿਲਾਫ਼ ਕਬੂਤਰਬਾਜ਼ੀ ਦੇ ਮਾਮਲੇ ਨੂੰ ਲੈ ਕੇ ਅਮਲੋਹ ਪੁਲਿਸ ਨੇ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜਦੋਂ ਕਿ ਸ੍ਰੀ ਵਰਮਾ ਨੇ ਦੋਸ਼ਾਂ ਨੂੰ ਗਲਤ ਤੇ ਸਿਆਸਤ ਤੋਂ ਪ੍ਰੇਰਿਤ ਦੱਸਦੇ ਹੋਏ ਕਿਹਾ ਕਿ ਉਸ ਨੇ ਉਚਅਧਿਕਾਰੀਆਂ ਨੂੰ ਸ਼ਿਕਾਇਤ ਕਰਕੇ ਮਾਮਲੇ ਦੀ ਜਾਂਚ ਕਰਕੇ ਸਹੀ ਤੱਥ ਸਾਹਮਣੇ ਲਿਆਉਂਣ ਦੀ ਅਪੀਲ ਕੀਤੀ ਹੋਈ ਹੈ। ਪੁਲਿਸ ਨੇ ਦੱਸਿਆ ਕਿ ਬਾਰੇ ਖਾਂ ਪੁੱਤਰ ਫਕੀਰ ਚੰਦ ਵਾਸੀ ਵਾਰਡ ਨੰਬਰ 6 ਅੰਨੀਆਂ ਰੋਡ ਅਮਲੋਹ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਸ਼ਿਕਾਇਤ ਕੀਤੀ ਕਿ ਕਥਿਤ ਦੋਸ਼ੀ ਨੇ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ ਕਥਿਤ 30 ਲੱਖ ਦੀ ਠੱਗੀ ਮਾਰੀ ਹੈ। ਉਸ ਨੇ ਦੱਸਿਆ ਕਿ ਕਥਿਤ ਦੋਸ਼ੀ ਨੇ ਉਸ ਨੂੰ ਦੱਸਿਆ ਕਿ ਉਹ ਮਨੀ ਟਰਾਂਸਫ਼ਰ ਤੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ ਤੇ ਉਸਨੇ ਕਈਆਂ ਨੂੰ ਇਕ ਨੰਬਰ ਵਿਚ ਅਮਰੀਕਾ ਭੇਜਿਆ ਹੈ ਜੋ ਉਥੇ ਚੰਗਾ ਪੈਸਾ ਕਮਾ ਰਹੇ ਹਨ। ਉਸ ਨੇ ਸਹਿਜਬਾਗ ਦਿਖਾਏ ਅਤੇ ਅਮਰੀਕਾ ਵਿਚ ਚੰਗੀ ਨੌਕਰੀ ਦਾ ਭਰੋਸਾ ਦਿੰਦਿਆਂ ਕਿਹਾ ਕਿ ਲੋਕਾਂ ਤੋਂ ਉਹ 60-65 ਲੱਖ ਲੈਂਦਾ ਹੈ ਪ੍ਰੰਤੂ ਉਸ ਨਾਲ ਲਿਹਾਜ਼ ਕਾਰਨ ਉਹ 50 ਲੱਖ ਵਿਚ ਕੰਮ ਕਰਵਾ ਦੇਵੇਗਾ। ਉਸ ਨੇ ਪਰਿਵਾਰ ਦੇ ਚੰਗੇ ਭਵਿੱਖ ਨੂੰ ਦੇਖਦੇ ਹੋਏ ਹਾਂ ਕਰ ਦਿੱਤੀ ਅਤੇ ਐਡਵਾਂਸ 10 ਲੱਖ ਰੁਪਏ, ਪਾਸਪੋਰਟ ਤੇ ਹੋਰ ਜ਼ਰੂਰੀ ਦਸਤਾਵੇਜ਼ ਦੇ ਦਿੱਤੇ, ਕੁਝ ਦਿਨ ਬਾਅਦ 10 ਲੱਖ ਰੁਪਏ ਫ਼ਿੰਗਰ ਪ੍ਰਿੰਟ ਦੇ ਨਾਮ ਉਪਰ ਲੈ ਲਏ ਤੇ ਦਿੱਲੀ ਕਨਾਟ ਪੈਲੇਸ ਵਿਚ ਫ਼ਿੰਗਰ ਪ੍ਰਿੰਟ ਕਰਵਾ ਕੇ 15 ਹਜ਼ਾਰ 540 ਰੁਪਏ ਹੋਰ ਲੈ ਲਏ ਤੇ ਕਿਹਾ ਕਿ ਟ੍ਰੈਵਲ ਹਿਸਟਰੀ ਲਈ ਟੂਰਿਜ਼ਟ ਵੀਜ਼ਾ ਅਪਲਾਈ ਲੈ ਲਵੋ, ਜਿਸ ਦੇ ਅਧਾਰ 'ਤੇ ਉਹ ਡੁਬਈ, ਬੈਂਕਾਕ, ਮਲੇਸ਼ੀਆ ਆਦਿ ਦੇਸ਼ਾਂ ਵਿਚ ਘੁੰਮ ਕੇ ਆਇਆ। ਬਾਅਦ ਵਿਚ ਉਸ ਪਾਸੋ ਦੋ ਵਾਰ 15-15 ਲੱਖ ਹੋਰ ਲੈ ਲਏ ਤੇ ਜਲਦ ਵੀਜ਼ਾ ਆਉਣ ਦਾ ਭਰੋਸਾ ਦਿੱਤਾ ਪ੍ਰੰਤੂ ਮੱਸਲਾ ਹੱਲ ਨਾ ਹੋਣ 'ਤੇ ਉਹ ਸ਼ਹਿਰ ਦੇ ਪਤਵੰਤਿਆਂ ਨੂੰ ਲੈ ਕੇ ਕਥਿਤ ਦੋਸ਼ੀ ਪਾਸ ਗਿਆ ਤਾਂ ਕਥਿਤ ਦੋਸ਼ੀ ਨੇ ਕਿਹਾ ਕਿ ਉਸ ਦਾ ਅਮਬੈਸੀ ਵਿਚ ਕੋਈ ਇਤਰਾਜ਼ ਲੱਗ ਗਿਆ ਤੇ ਉਹ ਕੁਝ ਸਮੇਂ ਵਿਚ ਸਾਰੇ ਪੈਸੇ ਵਾਪਸ ਕਰ ਦੇਵੇਗਾ। ਉਸ ਨੇ ਬਾਅਦ ਵਿਚ 4 ਕਿਸ਼ਤਾਂ ਵਿਚ 20 ਲੱਖ ਤਾਂ ਮੋੜ ਦਿੱਤਾ ਪ੍ਰੰਤੂ ਬਾਕੀ ਪੈਸੇ ਦੇਣ ਤੋਂ ਟਾਲ ਮਟੋਲ ਕਰਦਾ ਰਿਹਾ ਤੇ ਉਲਟਾ ਧਮਕੀਆਂ ਦੇਣ ਲੱਗਿਆ ਕਿ ਉਸ ਦੀ ਉਪਰ ਤੱਕ ਪਹੁੰਚ ਹੈ ਤੇ ਉਹ ਪੁਲਿਸ ਨੂੰ ਕਹਿ ਕੇ ਉਨ੍ਹਾਂ ਖਿਲਾਫ਼ ਮੁਕੱਦਮਾ ਦਰਜ ਕਰਵਾ ਦੇਵੇਗਾ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਪੜਤਾਲ ਉਪਰੰਤ ਪੁਲਿਸ ਨੇ ਕਥਿਤ ਦੋਸ਼ੀ ਖਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵਿਧਾਇਕ ਗੈਰੀ ਬੜਿੰਗ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ 'ਤੇ ਦੋ ਦਰਜਨ ਪਿੰਡਾਂ ਦੇ ਸਮਾਗਮਾਂ 'ਚ ਲਵਾਈ ਹਾਜ਼ਰੀ

ਅਮਲੋਹ, 2 ਫਰਵਰੀ (ਜਸਵੰਤ ਸਿੰਘ): ਸ੍ਰੀ ਗੁਰੂ ਰਵਿਦਾਸ ਮਹਾਰਾਜ



ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਅਮਲੋਹ ਵਿਚ ਵਿਸ਼ਾਲ ਧਾਰਮਿਕ ਸਮਾਗਮ ਕੀਤਾ ਗਿਆ, ਜਿਸ ਵਿੱਚ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਹਲਕੇ ਦੇ ਦੋ ਦਰਜਨ ਦੇ ਕਰੀਬ ਵੱਖ-ਵੱਖ ਪਿੰਡਾਂ ਵਿੱਚ ਹੋਏ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮਾਂ ਵਿੱਚ ਵੀ ਹਾਜ਼ਰੀ ਲਗਵਾਈ। ਸਮਾਗਮ ਵਿੱਚ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਧਾਰਮਿਕ ਰਸਮਾਂ ਤੇ ਗੁਰੂ ਬਾਣੀ ਦੇ ਕੀਰਤਨ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ ਸਮਾਜ ਵਿੱਚ ਸਮਾਨਤਾ, ਭਾਈਚਾਰੇ ਤੇ ਆਪਸੀ ਪਿਆਰ ਦਾ ਸੰਦੇਸ਼ ਦਿੰਦੇ ਹਨ ਜਿਨ੍ਹਾਂ 'ਤੇ ਚੱਲਣਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਧਾਰਮਿਕ ਅਤੇ ਸਮਾਜਿਕ ਕਾਰਜਾ ਵਿਚ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਸਰਕਾਰ ਵਾਲੇ ਕਰਵਾਏ ਜਾਣ ਵਾਲੇ ਜਿਹੇ ਸਮਾਗਮਾਂ ਬਾਰੇ ਵੀ ਦੱਸਿਆ। ਇਸ ਮੌਕੇ 'ਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਲੋਹ ਦੇ ਪ੍ਰਧਾਨ ਰਣਜੀਤ ਸਿੰਘ ਬੱਬੂ ਨੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਮੋਹਤਬਰਾਂ ਦਾ ਸਨਮਾਨ ਵੀ ਕੀਤਾ। ਸਮਾਗਮ ਵਿਚ ਸੀਨੀਅਰ ਆਗੂ ਦਰਸ਼ਨ ਸਿੰਘ ਚੀਮਾ ਤੇ ਸਵਰਨਜੀਤ ਸਿੰਘ ਹਾਜ਼ਰ ਸਨ।

# ਬਜਟ 'ਚ ਕਿਸਾਨਾਂ ਨੂੰ ਅਣਗੌਲਿਆ ਕੀਤਾ: ਪ੍ਰਲਾਦ ਸਿੰਘ ਧਾਲੀਵਾਲ

ਫਾਜ਼ਿਲਕਾ, 2 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਭਾਰਤੀ ਕਿਸਾਨ ਯੂਨੀਅਨ (ਲਖੋਵਾਲ) ਦੇ ਜ਼ਿਲ੍ਹਾ ਪ੍ਰਧਾਨ ਪ੍ਰਲਾਦ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਤਾਜ਼ਾ ਕੇਂਦਰੀ ਬਜਟ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਸ ਬਜਟ ਵਿੱਚ ਕਿਸਾਨ ਵਰਗ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ।ਉਨ੍ਹਾਂ ਆਖਿਆ ਕਿ ਇਹ ਬਜਟ ਕਿਸਾਨਾਂ ਦੀ ਆਮਦਨ ਵਧਾਉਣ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਰਾਹਤ ਦੇਣ ਵਾਲਾ ਸਾਬਤ ਹੋ ਰਿਹਾ ਹੈ, ਜਿਸ ਕਾਰਨ ਕਿਸਾਨ ਵਰਗ ਵਿੱਚ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ।ਦੇਸ਼ ਦੀ ਵੱਡੀ ਅਬਾਦੀ ਖੇਤੀਬਾੜੀ 'ਤੇ ਨਿਰਭਰ ਹੋਣ ਦੇ ਬਾਵਜੂਦ ਵੀ ਬਜਟ ਵਿੱਚ ਕਿਸਾਨਾਂ ਲਈ ਨਾ ਤਾਂ ਕਿਸੇ ਢੁੱਕਵੇਂ ਰਾਹਤ ਪੈਕੇਜ ਦਾ ਐਲਾਨ ਕੀਤਾ ਗਿਆ ਹੈ ਤੇ ਨਾ ਹੀ ਖੇਤੀ ਦੀ ਲਾਗਤ ਘਟਾਉਣ ਸਬੰਧੀ ਕੋਈ ਠੋਸ ਕਦਮ ਚੁੱਕਿਆ ਗਿਆ ਹੈ। ਡੀਜ਼ਲ, ਖਾਦਾਂ, ਕੀਟਨਾਸ਼ਕਾਂ ਤੇ ਬੀਜਾਂ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ ਪਰ ਬਜਟ ਵਿੱਚ ਇਨ੍ਹਾਂ ਮਹਿੰਗੀਆਂ ਇਨਪੁੱਟਾਂ 'ਤੇ ਕਾਬੂ ਪਾਉਣ ਲਈ ਕੋਈ ਯੋਜਨਾ ਨਹੀਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਾਨੂੰਨੀ ਦਰਜਾ ਦੇਣ ਬਾਰੇ ਬਜਟ ਵਿੱਚ ਪੂਰੀ ਤਰ੍ਹਾਂ ਚੁੱਪ ਸਾਧੀ ਗਈ ਹੈ, ਜਦਕਿ ਕਿਸਾਨ ਲੰਮੇ ਸਮੇਂ ਤੋਂ ਇਸ ਮੰਗ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਹਨ। ਸ. ਧਾਲੀਵਾਲ ਨੇ ਦੋਸ਼ ਲਗਾਇਆ ਕਿ ਸਰਕਾਰ ਦੀਆਂ ਨੀਤੀਆਂ ਸਿਰਫ਼ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਤੱਕ ਸੀਮਿਤ ਹਨ ਅਤੇ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।



# ਸਿਹਤ ਬੀਮਾ ਯੋਜਨਾ ਕੈਂਪ ਦੇ ਵਾਰਡ ਨੰਬਰ 14 'ਚ 200 ਫਾਰਮ ਭਰੇ

ਮੰਡੀ ਗੋਬਿੰਦਗੜ੍ਹ, 2 ਫਰਵਰੀ (ਸੂਦ): ਪੰਜਾਬ ਸਰਕਾਰ ਵਲੋਂ 10 ਲੱਖ ਰੁਪਏ ਦੀ ਸ਼ੁਰੂ ਕੀਤੀ ਗਈ ਸਿਹਤ ਬੀਮਾ ਯੋਜਨਾ ਤਹਿਤ ਮੰਡੀ ਗੋਬਿੰਦਗੜ੍ਹ ਦੇ ਦਸਮੇਸ਼ ਕਲੋਨੀ ਦੇ ਵਾਰਡ ਨੰਬਰ 14 ਦੀ ਗਲੀ ਨੰਬਰ 6 ਵਿਚ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਹੇਠ ਕੈਂਪ ਲਗਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਵਾਰਡ ਨੰਬਰ 14 ਦੇ ਇੰਚਾਰਜ ਸੱਤਿਆਪਾਲ ਸਿੰਘ ਲੋਧੀ ਤੇ ਸ਼ਿਲਪਾ ਲੋਧੀ ਨੇ ਆਪਣੀ ਟੀਮ ਸਮੇਤ 200 ਦੇ ਕਰੀਬ ਲੋਕਾਂ ਦੇ ਫ਼ਾਰਮ ਭਰੇ ਤੇ ਉਨ੍ਹਾਂ ਨੂੰ ਇਸ ਸਕੀਮ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਮੁਹੱਲਾ ਨਿਵਾਸੀਆਂ ਨੇ ਪੰਜਾਬ ਸਰਕਾਰ ਤੇ ਹਲਕਾ ਵਿਧਾਇਕ ਦਾ ਇਸ ਸਕੀਮ ਲਈ ਧੰਨਵਾਦ ਕੀਤਾ।



# ਪੱਤਰਕਾਰ ਹਰਮੇਸ਼ਪਾਲ ਨੀਲੇਵਾਲਾ ਨੂੰ ਸਦਮਾ ,ਵੱਡੇ ਭਰਾ ਦਾ ਦੇਹਾਂਤ

ਜ਼ੀਰਾ, 2 ਫਰਵਰੀ (ਦੀਪਕ ਭਾਰਗੋ): ਪੰਜਾਬੀ ਟ੍ਰਿਬਿਊਨ ਅਖਬਾਰ ਦੇ ਪੱਤਰਕਾਰ ਹਰਮੇਸ਼ਪਾਲ ਨੀਲੇਵਾਲਾ ਤੇ ਨਵਜੋਤ ਨੀਲੇਵਾਲਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦ ਉਨ੍ਹਾਂ ਦੇ ਵੱਡੇ ਭਰਾ ਤੇ ਤਾਇਆ ਜੀ ਕ੍ਰਿਸ਼ਨ ਚੰਦ ਸ਼ਰਮਾ (92) ਪੁੱਤਰ ਸਵ: ਰੂਪ ਚੰਦ ਸ਼ਰਮਾ (ਸਰਪੰਚ) ਪਿੰਡ ਨੀਲੇਵਾਲਾ ਦਾ ਅਚਾਨਕ ਦੇਹਾਂਤ ਹੋ ਗਿਆ।ਇਸ ਦੁੱਖ ਦੀ ਘੜੀ ਵਿੱਚ ਹਲਕਾ ਵਿਧਾਇਕ ਨਰੇਸ਼ ਕਟਾਰੀਆ, ਆਪ ਦੇ ਯੂਥ ਆਗੂ ਸ਼ੰਕਰ ਕਟਾਰੀਆ, ਹਲਕਾ ਜ਼ੀਰਾ ਦੇ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਕਾਂਗਰਸ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ, ਐਸਡੀਐਮ ਗੁਰਮੀਤ ਸਿੰਘ,ਰਿਟਾ: ਨਾਇਬ ਤਹਿਸੀਲਦਾਰ ਤੇ ਸਹਾਰਾ ਕਲੱਬ ਜ਼ੀਰਾ ਦੇ ਪ੍ਰਧਾਨ ਗੁਰਤੇਜ ਸਿੰਘ ਗਿੱਲ, ਆੜ੍ਹਤੀਆ ਐਸੋਸੀਏਸ਼ਨ ਜ਼ੀਰਾ ਦੇ ਪ੍ਰਧਾਨ ਰਾਜੇਸ਼ ਕੁਮਾਰ ਢੰਡ, ਪ੍ਰਕਿਰਤੀ ਕਲੱਬ ਜ਼ੀਰਾ ਦੇ ਪ੍ਰਧਾਨ ਜਰਨੈਲ ਸਿੰਘ ਭੁੱਲਰ, ਟਰੇਡ ਯੂਨੀਅਨ ਕੌਂਸਲ ਜ਼ੀਰਾ ਦੇ ਪ੍ਰਧਾਨ ਤਰਸੇਮ ਸਿੰਘ ਹਰਾਜ, ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਬਲਵਿੰਦਰ ਕੌਰ ਲਹੁਕਾ, ਹੈਲਪਿੰਗ ਹੈਂਡਜ਼ ਸੰਸਥਾ ਜ਼ੀਰਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਬਬਲੂ, ਰਘੁਬੀਰ ਸਿੰਘ ਪ੍ਰਿੰਸ ਜਵੈਲਰ ਜ਼ੀਰਾ, ਸਮਾਜ ਸੇਵੀ ਪ੍ਰਿੰਸ ਘੁਰਕੀ, ਸੇਵਾ ਭਾਰਤੀ ਸੰਸਥਾ ਜ਼ੀਰਾ ਦੇ ਸਰਪ੍ਰਸਤ ਪੰਜਾਬ ਮਧੂ ਮਿੱਤਲ, ਮਹਿਲਾ ਵਿੰਗ ਦੇ ਪ੍ਰਧਾਨ ਕਿਰਨ ਗੌੜ, ਹਰਜੀਤ ਸਿੰਘ ਸੀਆਈਡੀ ਵਿਭਾਗ ਜ਼ੀਰਾ, ਫੂਡ ਸਪਲਾਈ ਇੰਸਪੈਕਟਰ ਸੁਰਿੰਦਰ ਸਿੰਘ, ਪ੍ਰਦੀਪ ਕੁਮਾਰ, ਸਰਪੰਚ ਇਕਬਾਲ ਸਿੰਘ ਖੋਸਾ ਨੀਲੇਵਾਲਾ ਤੋਂ ਇਲਾਵਾ ਜ਼ਿਲ੍ਹਾ ਫਿਰੋਜ਼ਪੁਰ ਦੇ ਸਮੂਹ ਪੱਤਰਕਾਰ ਭਾਈਚਾਰੇ, ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਵੱਲੋਂ ਪੱਤਰਕਾਰ ਹਰਮੇਸ਼ਪਾਲ ਨੀਲੇਵਾਲਾ, ਨਵਜੋਤ ਨੀਲੇਵਾਲਾ, ਏਐਸਆਈ ਤਰਸੇਮ ਲਾਲ ਸ਼ਰਮਾ, ਏਐਸਆਈ ਊਸ਼ਾ ਰਾਣੀ, ਪੱਤਰਕਾਰ ਤੇ ਸਾਹਿਤਕਾਰ ਧਰਮਪਾਲ ਉਪਾਸ਼ਕ, ਅਦਾਕਾਰਾ ਅਨੀਤਾ ਸ਼ਬਦੀਸ਼, ਰਿਟਾ:ਐਸਪੀ ਅਨੰਤ ਰਾਮ ਸ਼ਰਮਾ, ਏਡੀਸੀ ਵਿਕਾਸ ਅਰੁਣ ਸ਼ਰਮਾ, ਰਿਟਾ. ਸਬ ਇੰਸਪੈਕਟਰ ਦਵਿੰਦਰ ਕੁਮਾਰ ਸ਼ਰਮਾ ਨਾਲ ਦੁੱਖ ਸਾਂਝਾ ਕੀਤਾ। ਸਵ:ਕ੍ਰਿਸ਼ਨ ਚੰਦ ਸ਼ਰਮਾ ਨਮਿਤ ਸਹਿਜ ਪਾਠ ਦੇ ਭੋਗ ਮਿਤੀ 7 ਫਰਵਰੀ ਦਿਨ ਸ਼ਨੀਵਾਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਪਿੰਡ ਨੀਲੇਵਾਲਾ ਵਿਖੇ ਪਾਏ ਜਾਣਗੇ।



# ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਵਿਜੀਲੈਂਸ ਕਮੇਟੀ ਦੀ ਮੀਟਿੰਗ

ਫਾਜ਼ਿਲਕਾ, 2 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਵਧੀਕ ਡਿਪਟੀ ਕਮਿਸ਼ਨਰ (ਜਨ.) ਡਾ. ਮਨਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਵਿਜੀਲੈਂਸ ਕਮੇਟੀ ਦੀ ਮੀਟਿੰਗ ਆਯੋਜਿਤ ਕੀਤੀ ਗਈ।ਜਿਸ ਦਾ ਮੁੱਖ ਉਦੇਸ਼ ਖੇਤੀਬਾੜੀ ਗ੍ਰੇਡ ਯੂਰੀਆ ਦੀ ਉਦਯੋਗਿਕ ਖੇਤਰ ਵੱਲ ਗੈਰ ਕਾਨੂੰਨੀ ਡਾਇਵਰਜ਼ਨ ਨੂੰ ਰੋਕਣਾ ਸੀ।ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਸ਼੍ਰੀਮਤੀ ਹਰਪ੍ਰੀਤ ਪਾਲ ਕੌਰ ਸਮੇਤ ਕਮੇਟੀ ਦੇ ਹੋਰ ਮੈਂਬਰ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਵਧੀਕ ਡਿਪਟੀ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਪੱਸ਼ਟ ਕੀਤਾ ਕਿ ਖੇਤੀਬਾੜੀ ਗ੍ਰੇਡ ਯੂਰੀਆ ਸਿਰਫ਼ ਕਿਸਾਨਾਂ ਦੀ ਵਰਤੋਂ ਲਈ ਹੈ ਤੇ ਇਸਦੀ ਉਦਯੋਗਿਕ ਵਰਤੋਂ ਵੱਲ ਡਾਇਵਰਜ਼ਨ ਕਰਨਾ ਸਰਕਾਰੀ ਨਿਯਮਾਂ ਦੀ ਗੰਭੀਰ ਉਲੰਘਣਾ ਹੈ। ਉਨ੍ਹਾਂ ਸਾਰੇ ਸੰਬੰਧਿਤ ਵਿਭਾਗਾਂ ਨੂੰ ਯੂਰੀਆ ਦੀ ਸਟੋਰੇਜ਼, ਆਵਾਜਾਈ ਤੇ ਵਿਕਰੀ 'ਤੇ ਸਖ਼ਤ ਨਿਗਰਾਨੀ ਰੱਖਣ ਤੇ ਨਿਯਮਿਤ ਜਾਂਚਾਂ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਦੀਆਂ ਸਾਂਝੀਆਂ ਜਾਂਚ ਟੀਮਾਂ ਵੱਲੋਂ ਨਿਰੀਖਣ ਹੋਰ ਤੇਜ਼ ਕੀਤੇ ਜਾਣ ਤੇ ਕਿਸੇ ਵੀ ਦੋਸ਼ੀ ਵਿਅਕਤੀ ਜਾਂ ਏਜੰਸੀ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਦਿਆਂ ਖੇਤੀਬਾੜੀ ਗ੍ਰੇਡ ਯੂਰੀਆ ਦੀ ਪਾਰਦਰਸ਼ੀ ਤੇ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇ।ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਸ਼੍ਰੀਮਤੀ ਹਰਪ੍ਰੀਤ ਪਾਲ ਕੌਰ ਨੇ ਜ਼ਿਲ੍ਹੇ ਵਿੱਚ ਯੂਰੀਆ ਦੀ ਉਪਲੱਬਧਤਾ ਤੇ ਵੰਡ ਪ੍ਰਣਾਲੀ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਵਿਭਾਗਾਂ ਵਿਚਕਾਰ ਤਾਲਮੇਲ ਨਾਲ ਹੀ ਗੈਰਕਾਨੂੰਨੀ ਡਾਇਵਰਜ਼ਨ 'ਤੇ ਅੰਕੁਸ਼ ਲਗਾਇਆ ਜਾ ਸਕਦਾ ਹੈ। ਉਨ੍ਹਾਂ ਅਚਾਨਕ ਜਾਂਚਾਂ, ਸਟਾਕ ਰਜਿਸਟਰਾਂ ਦੀ ਜਾਂਚ ਤੇ ਸਮੇਂ-ਸਿਰ ਰਿਪੋਰਟਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ।



# ਯਾਦਗਾਰੀ ਹੋ ਨਿਬੜਿਆ ਝਲਕ-ਏ-ਹਿੰਦੁਸਤਾਨ ਕਾਰਨੀਵਲ

ਲਹਿਰਾਗਾਗਾ, 2 ਫਰਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਭਾਰਤ ਦੇ ਵੱਖ ਵੱਖ ਰਾਜ ਜਿਵੇਂ ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਪੰਜਾਬ, ਹਰਿਆਣਾ, ਕੀਤੇ ਗਏ ਇਸ ਉਧਮ ਦੀ ਪ੍ਰਸੰਸਾ ਕੀਤੀ ਗਈ। ਸਕੂਲ ਵਿੱਚ ਬੱਚਿਆਂ ਤੇ ਮਾਤਾ




ਪਿਤਾ ਲਈ ਵੱਖ-ਵੱਖ ਤਰ੍ਹਾਂ ਖਾਣ-ਪੀਣ ਦੀਆਂ ਸਟਾਲਾਂ ,ਕਈ ਕਿਸਮ ਦੇ ਝੂਲੇ ਵੀ ਲਗਵਾਏ ਗਏ, ਜਿਸ ਦਾ ਬੱਚਿਆਂ ਨੇ ਖੂਬ ਆਨੰਦ ਮਾਣਿਆ। ਅਕੈਡਮਿਕ ਵਰਲਡ ਸਕੂਲ ਖੋਖਰ ਦੇ ਪ੍ਰਿੰਸੀਪਲ ਅਕੈਡਮਿਕ ਵਰਲਡ ਸਕੂਲ ਖੋਖਰ, ਲਿਟਲ ਸਟਾਰ ਬਚਪਨ ਪਲੇਅ ਸਕੂਲ ਅਤੇ ਹਾਈਟਸ ਐਂਡ ਹਾਈਟਸ ਪਬਲਿਕ ਸਕੂਲ ਲਹਿਰਾਗਾਗਾ ਦਾ ਸਾਂਝੇ ਤੌਰ ਤੇ" ਝਲਕ ਏ ਹਿੰਦੁਸਤਾਨ" ਕਾਰਨੀਵਲ (ਮੇਲਾ) ਕਰਵਾਇਆ ਗਿਆ। ਜਿੱਥੇ ਸੀਮਾ ਗੋਇਲ ਸੁਪਤਨੀ ਬਰਿੰਦਰ ਗੋਇਲ ਕੈਬਿਨਟ ਮੰਤਰੀ ਪੰਜਾਬ, ਕਾਂਤਾ ਗੋਇਲ ਪ੍ਰਧਾਨ ਨਗਰ ਕੌਂਸਲ, ਟ੍ਰੇਡ ਕਮਿਸ਼ਨ ਦੇ ਚੇਅਰਮੈਨ ਪ੍ਰਿੰਸ ਗਰਗ ਜੀ, ਸਤਪਾਲ ਸਿੰਗਲਾ ਸਾਬਕਾ ਵਾਈਸ ਚੇਅਰਮੈਨ ਪੰਜਾਬ ਸਰਕਾਰ, ਡਾਕਟਰ ਸ਼ਿਵ ਜਿੰਦਲ, ਡਾਕਟਰ ਸ਼ੈਲਜਾ ਜਿੰਦਲ, ਜਿੰਦਲ ਹਸਪਤਾਲ ਸੁਨਾਮ, ਇੰਸਪੈਕਟਰ ਮਨਪ੍ਰੀਤ ਸਿੰਘ (S. H. O ਥਾਣਾ ਲਹਿਰਾ) ਨੇ ਮੁੱਖ ਮਹਿਮਾਨਾਂ ਦੇ ਤੌਰ ਤੇ ਸ਼ਿਰਕਤ ਕੀਤੀ । ਇਸ ਮੇਲੇ ਵਿੱਚ ਬੱਚਿਆਂ ਵਲੋਂ ਰਾਜਸਥਾਨ ਤੇ ਜੰਮੂ ਕਸ਼ਮੀਰ ਦੀਆ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਸਕੂਲ ਦੇ ਚੇਅਰਮੈਨ ਸੰਜੈ ਸਿੰਗਲਾ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਤੇ ਮਾਤਾ ਪਿਤਾ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਅਸੀ ਸਕੂਲ ਵਿੱਚ ਹਮੇਸ਼ਾ ਤੋਂ ਹੀ ਵਧੀਆ ਪੜ੍ਹਾਈ ਅਤੇ ਚੰਗਾ ਅਨੁਸ਼ਾਸਨ ਦਿੰਦੇ ਰਹੇ ਹਾਂ ਤੇ ਅੱਗੇ ਵੀ ਅਸੀ ਬੱਚਿਆਂ ਦੀ ਵਧੀਆ ਪੜ੍ਹਾਈ ਅਤੇ ਚੰਗੇ ਅਨੁਸ਼ਾਸਨ ਲਈ ਵਚਨਬੱਧ ਰਹਾਂਗੇ। ਕਿਉ ਕਿ ਅੱਜ ਦਾ ਯੁੱਗ ਪੰਜਾਬ ਨੂੰ ਨਸ਼ਿਆਂ ਵੱਲ ਲਿਜਾ ਰਿਹਾ ਹੈ, ਅਸੀ ਮਾਪਿਆਂ ਨੂੰ ਵਿਸ਼ਵਾਸ਼ ਦਿਵਾਉਂਦੇ ਹਾਂ ਕਿ ਸਾਡੇ ਸਕੂਲਾਂ ਵਿੱਚ ਅਜਿਹਾ ਕੁਛ ਦੇਖਣ ਨੂੰ ਨਹੀਂ ਮਿਲੇਗਾ। ਇਸ ਕਾਰਨੀਵਲ ਵਿੱਚ ਪਹੁੰਚੇ ਮੁੱਖ ਮਹਿਮਾਨ ਅਤੇ ਬੱਚਿਆਂ ਦੇ ਮਾਤਾ ਪਿਤਾ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਲੋਂ ਮੈਡਮ ਕੇਸਰੀ ਚੌਹਾਨ ਅਤੇ ਲਿਟਲ ਸਟਾਰ ਬਚਪਨ ਅਤੇ ਹਾਈਟਸ ਐਂਡ ਹਾਈਟਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਪਰਿੰਕਾ ਬਾਂਸਲ ਨੇ ਆਪਣੇ ਸ਼ਬਦਾਂ ਵਿੱਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਹਰਮਨਦੀਪ ਕੌਰ, ਸੰਦੀਪ ਕੌਰ, ਸੋਮਾ ਕੌਰ, ਸ਼ਿੰਦਰਪਾਲ ਕੌਰ, ਜੈਨਮ ਖਾਂ, ਸਿਮਰਨਜੀਤ ਕੌਰ, ਹੀਨਾ ਗਰਗ, ਭਾਵਨਾ ਨਾਗਪਾਲ, ਮੀਨੂੰ ਰਾਣੀ, ਸੰਦੀਪ ਕੌਰ,ਰਮਾ ਰਾਣੀ, ਮਨਪ੍ਰੀਤ ਕੌਰ,ਸੰਧਿਆ ਬਾਂਸਲ, ਪੂਜਾ, ਸੋਨਮ ਸ਼ਰਮਾ, ਗੀਤਿਕਾ, ਅਨਾਮਿਕਾ ਤੇ ਦਰਬਾਰਾ ਸਿੰਘ, ਡੀ.ਪੀ.ਈ. ਗੁਰਵਿੰਦਰ ਸਿੰਘ, ਮੰਜੂ, ਸੀਮਾ, ਸੁਰਭੀ, ਮਨਪ੍ਰੀਤ, ਨੇਵੀ, ਗੁਰਵਿੰਦਰ, ਸਾਕਸ਼ੀ, ਜਸ਼ਨਦੀਪ, ਰਕਸੀਨ, ਕਾਜਲ, ਦਿਕਸ਼ਾ, ਚਾਰੂ, ਕਮਲਜੀਤ, ਅੰਚਲ, ਕਵਿਤਾ, ਵਿਦੂਸੀ ਆਦਿ ਸ਼ਾਮਲ ਸਨ।

# ਭਗਤ ਰਵਿਦਾਸ ਮਹਾਰਾਜ ਜੀ ਦਾ ਜਨਮ ਦਿਵਸ ਮਨਾਇਆ



ਮੂਨਕ, 2 ਫਰਵਰੀ (ਸਮਸ਼ੇਰ ਸਿੰਘ ਡੂਟਾਲ): ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਖੇਤਰ ਅਤੇ ਸਥਾਨਕ ਸ਼ਹਿਰ ਵਿੱਚ ਸ਼ਰਧਾਪੂਰਵਕ ਮਨਾਇਆ ਗਿਆ। ਪਿੰਡ ਸਲੇਮਗੜ੍ਹ ਵਿੱਚ ਗੁਰੂ ਰਵਿਦਾਸ ਮਦਿੰਰ ਕਮੇਟੀ ਵੱਲੋਂ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਭਾਈਚਾਰੇ ਦੇ ਸਮੂਹ ਵਿਆਕਤੀਆਂ ਨੇ ਇਸ ਸ਼ੋਭਾ ਯਾਤਰਾ ਵਿੱਚ ਭਾਗ ਲਿਆ। ਦਾਨਵੀਰਾਂ ਵੱਲੋਂ ਕਈ ਜਗਾ ਲੰਗਰ ਦਾ ਪ੍ਰਬੰਧ ਕੀਤਾ ਗਿਆ। ਮਦਿੰਰ ਨੂੰ ਖੂਬ ਸਜਾਇਆ ਗਿਆ। ਰਾਤ ਨੂੰ ਭਜਨ ਕੀਰਤਨ ਤੋ ਇਲਾਵਾ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਿਖਾਏ ਮਾਰਗ ਤੇ ਚਲਣ ਦੀ ਗੱਲ ਕਹੀ। ਆਏ ਮਹਿਮਾਨਾਂ ਦਾ ਸਿਰਪਾਓ ਪਾ ਕੇ ਸਵਾਗਤ ਕੀਤਾ ਗਿਆ। ਲੰਗਰ ਅਤੁੱਟ ਵਰਤਾਇਆ ਗਿਆ। ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਵਧਾਈ ਦਿੱਤੀ।

# ਆਰਟੀਓ ਦਫ਼ਤਰ ਦਾ ਕਲਰਕ ਰਿਸ਼ਵਤ ਲੈਂਦਾ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਤਲਵੰਡੀ ਸਾਬੋ, 2 ਫਰਵਰੀ (ਸੰਦੀਪ ਜੋਸ਼ੀ): ਭ੍ਰਿਸ਼ਟਾਚਾਰ ਖਿਲਾਫ ਵਿੱਡੀ ਮੁਹਿੰਮ ਤਹਿਤ ਬਠਿੰਡਾ ਵਿਜੀਲੈਂਸ ਵਿਭਾਗ ਵੱਲੋਂ ਆਰਟੀਓ ਦਫਤਰ ਵਿੱਚ ਤੈਨਾਤ ਕਲਰਕ ਨੂੰ ਰਿਸ਼ਵਤ ਲੈਣ ਦਿਆ ਰੰਗੇ ਹੱਥੀ ਗਿਰਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਵਿਭਾਗ ਵਿੱਚ ਤੈਨਾਤ ਇੰਸਪੈਕਟਰ ਰਾਜਨਦੀਪ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਹਨਾਂ ਪਾਸ ਸ਼ਿਕਾਇਤ ਆਈ ਸੀ ਕਿ ਆਰਟੀਓ ਦਫਤਰ ਵਿੱਚ ਤੈਨਾਤ ਕਲਰਕ ਡੈਵਿਡ ਵੱਲੋਂ ਆਰਸੀ ਵੈਰੀਫਾਈ ਕਰਨ ਲਈ 3000 ਪ੍ਰਤੀ ਗੱਡੀ ਮੰਗਿਆ ਜਾ ਰਿਹਾ ਹੈ ਸ਼ਿਕਾਇਤ ਕਰਤਾ ਵੱਲੋਂ 2700 ਰੁਪਏ ਵਿੱਚ ਸੌਦਾ ਤੈਅ ਕਰਕੇ ਵਿਜੀਲੈਂਸ ਨੂੰ ਸ਼ਿਕਾਇਤ ਕਰ ਦਿੱਤੀ ਉਹਨਾਂ ਦੱਸਿਆ ਕਿ ਕਲਰਕ ਡੈਵਿਡ ਨੇ 2700 ਰਿਸ਼ਵਤ ਲੈਂਦਿਆਂ ਰੰਗੇ ਹੱਥੀ ਗ੍ਰਿਫਤਾਰ ਕੀਤਾ ਗਿਆ ਹੈ। ਅਤੇ ਡੈਵਿਡ ਖਿਲਾਫ ਭਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਉਹਨਾਂ ਕਿਹਾ ਕਿ ਫਿਲਹਾਲ ਇਸ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਹੀ ਗ੍ਰਿਫਤਾਰ ਕੀਤਾ ਗਿਆ ਹੈ ਜੇਕਰ ਹੋਰ ਕਿਸੇ ਵਿਅਕਤੀ ਦੀ ਸ਼ਮੂਲੀਅਤ ਸਾਹਮਣੇ ਆਈ ਤਾਂ ਉਸ ਖਿਲਾਫ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਇਸ ਮਾਮਲੇ ਦੀ ਡੂੰਗਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਇਸ ਰੈਕਟ ਵਿੱਚ ਕੌਣ ਕੌਣ ਵਿਅਕਤੀ ਜੁੜੇ ਹੋਏ ਹਨ।

# ਭਗਤ ਰਵਿਦਾਸ ਜੀ ਦੇ 649ਵੇਂ ਜਨਮ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ



ਕੋਹਰੀਆਂ, 2 ਫਰਵਰੀ (ਅਵਤਾਰ ਸਿੰਘ ਜਟਾਣਾ): ਪਿੰਡ ਸੰਗਤੀਵਾਲਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਧਾਰਮਿਕ ਸਮਾਗਮ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ ਹੋਏ। ਇਸ ਮੁਬਾਰਕ ਮੌਕੇ 'ਤੇ ਗੁਰਬਾਣੀ ਦੇ ਜਾਪ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਅੱਜ ਸੰਪੂਰਨਤਾ ਦੇ ਭੋਗ ਪਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਹੈਡ ਗ੍ਰੰਥੀ ਭਾਈ ਰਾਮ ਸਿੰਘ ਜੀ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਰਪੰਚ ਡਾਕਟਰ ਅਜੈਬ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਗੁਰਜੰਟ ਸਿੰਘ ਲਿਬੜਾ ਸ਼ਾਮਿਲ ਹੋਏ। ਉਨ੍ਹਾਂ ਤੋਂ ਇਲਾਵਾ ਚੇਅਰਮੈਨ ਨਿਰਮਲ ਸਿੰਘ, ਪ੍ਰਧਾਨ ਬਿੱਟੂ ਸਿੰਘ, ਹੰਸਰਾਜ ਸਿੰਘ, ਅਮਰੀਕ ਸਿੰਘ, ਗੱਗੀ ਸਿੰਘ, ਤਰਸੇਮ ਸਿੰਘ, ਜੱਗੀ ਸਿੰਘ, ਅੰਮ੍ਰਿਤ ਸਿੰਘ ਆਦਿ ਹਾਜਰ ਸਨ।ਸਮਾਗਮ ਦੇ ਅੰਤ ਵਿੱਚ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ



ਕੋਹਰੀਆਂ, 2 ਫਰਵਰੀ (ਅਵਤਾਰ ਸਿੰਘ ਜਟਾਣਾ) ਨੇੜਲੇ ਪਿੰਡ ਭਾਈ ਕੀ ਪਿਸ਼ੌਰ ਵਿਖੇ ਧੰਨ-ਧੰਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ 5 ਰੋਜ਼ਾ ਮਹਾਨ ਗੁਰਮਤਿ ਸਮਾਗਮ ਪਿੰਡ ਦੇ ਸਰਪੰਚ ਬੀਬੀ ਕਮਲਜੀਤ ਕੌਰ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਤਾਰ ਸਿੰਘ ਤਾਰੀ ਦੀ ਅਗਵਾਈ ਹੇਠ ਬੜੀ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਕਰਵਾਏ ਗਏ।ਸਮਾਗਮ ਦੀ ਜਾਣਕਾਰੀ ਦਿੰਦਿਆਂ ਸਰਪੰਚ ਬੀਬੀ ਕਮਲਜੀਤ ਕੌਰ ਅਤੇ ਪ੍ਰਧਾਨ ਜਗਤਾਰ ਸਿੰਘ ਤਾਰੀ ਨੇ ਦੱਸਿਆ ਕਿ ਇਹ ਸਮਾਗਮ ਸਮੂਹ ਨਗਰ ਨਿਵਾਸੀਆਂ, ਪ੍ਰਬੰਧਕ ਕਮੇਟੀ ਅਤੇ ਐਨ.ਆਰ.ਆਈ. ਵੀਰਾਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ ਹੈ। ਸਮਾਗਮ ਦੀ ਸ਼ੁਰੂਆਤ ਵਿੱਚ 48 ਘੰਟੇ ਲਗਾਤਾਰ 'ਸਤਿਨਾਮ ਵਾਹਿਗੁਰੂ' ਦਾ ਜਾਪ ਕੀਤਾ ਗਿਆ, ਜਿਸ ਦੀ ਸੰਪੂਰਨਤਾ ਉਪਰੰਤ ਧੁਰ ਕੀ ਬਾਣੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਬੜੀ ਸ਼ਰਧਾ ਸਹਿਤ ਪਾਏ ਗਏ। ਇਸ ਪਵਿੱਤਰ ਅਵਸਰ 'ਤੇ ਪੰਜ ਪਿਆਰਿਆਂ ਦੀ ਰੇਖ-ਦੇਖ ਹੇਠ ਤਿਆਰ ਕੀਤਾ ਗਿਆ ਖੰਡੇ-ਬਾਟੇ ਦਾ ਅੰਮ੍ਰਿਤ 51 ਪ੍ਰਾਣੀਆਂ ਨੇ ਛਕਿਆ ਅਤੇ ਗੁਰੂ ਲੜ ਲੱਗ ਕੇ ਆਪਣਾ ਜੀਵਨ ਸਫਲਾ ਕੀਤਾ।

ਸਮਾਗਮ ਦੇ ਸਬੰਧ ਵਿੱਚ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਵਿੱਚ ਨਹਿੰਗ ਫੌਜਾਂ ਨੇ ਗਤਕੇ ਦੇ ਜੌਹਰ ਦਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਦੀਵਾਨਾਂ ਵਿੱਚ ਬੀਬੀ ਦਲੇਰ ਕੌਰ ਖਾਲਸਾ ਦੇ ਜਥੇ ਨੇ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ। ਇਸ ਧਾਰਮਿਕ ਕਾਰਜ ਲਈ ਬਾਬਾ ਬਚਨ ਸਿੰਘ ਜੀ (ਕਾਰ ਸੇਵਾ ਦਿੱਲੀ ਵਾਲੇ) ਅਤੇ ਜਥੇਦਾਰ ਬਾਬਾ ਕੁਲਦੀਪ ਸਿੰਘ ਜੀ (ਫਤਿਹਗੜ੍ਹ ਸਾਹਿਬ ਵਾਲੇ) ਦਾ ਵਿਸ਼ੇਸ਼ ਆਸ਼ੀਰਵਾਦ ਅਤੇ ਸਹਿਯੋਗ ਰਿਹਾ। ਅੰਤ ਵਿੱਚ ਪ੍ਰਬੰਧਕਾਂ ਵੱਲੋਂ ਆਈਆਂ ਸਖਸ਼ੀਅਤਾਂ ਅਤੇ ਸੇਵਾਦਾਰਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

# ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਦਮਨ ਬਾਜਵਾ ਵੱਲੋਂ ਮੁਲਾਕਾਤ

ਸੁਨਾਮ ਊਧਮ ਸਿੰਘ ਵਾਲਾ 2, ਫਰਵਰੀ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ) ਭਾਜਪਾ ਜ਼ਿਲ੍ਹਾ ਸੰਗਰੂਰ ਦੀ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ



ਦਿੱਲੀ ਵਿਖੇ ਕੇਂਦਰੀ ਮੰਤਰੀ ਟੂਰਿਜ਼ਮ ਤੇ ਕਲਚਰ ਗਜੇਂਦਰ ਸਿੰਘ ਸ਼ੇਖਾਵਤ ਨਾਲ ਦਿੱਲੀ ਵਿਖੇ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਵਿਧਾਨ ਸਭਾ ਹਲਕਾ ਸੁਨਾਮ ਤੇ ਜ਼ਿਲ੍ਹਾ ਸੰਗਰੂਰ ਨਾਲ ਸਬੰਧਤ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਮੁਲਾਕਾਤ ਦੌਰਾਨ ਹਲਕਾ ਸੁਨਾਮ ਤੇ ਜ਼ਿਲ੍ਹਾ ਸੰਗਰੂਰ ਵਿੱਚ ਟੂਰਿਜ਼ਮ ਦੀਆਂ ਸੰਭਾਵਨਾਵਾਂ, ਇਤਿਹਾਸਕ ਅਤੇ ਧਾਰਮਿਕ ਵਿਰਾਸਤ ਦੇ ਸੰਰੱਖਣ, ਸੱਭਿਆਚਾਰਕ ਵਿਕਾਸ ਤੇ ਕੇਂਦਰ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤੀ ਨਾਲ ਲਾਗੂ ਕਰਨ ਸਬੰਧੀ ਗੰਭੀਰ ਚਰਚਾ ਕੀਤੀ ਗਈ। ਇਸ ਮੌਕੇ ਦਾਮਨ ਬਾਜਵਾ ਨੇ ਦੱਸਿਆਂ ਕਿ ਸੁਨਾਮ ਊਧਮ ਸਿੰਘ ਵਾਲਾ ਦੇ ਨਾਲ ਸਬੰਧਿਤ ਜੋ ਮੁੱਦੇ ਪਹਿਲਾਂ ਵੀ ਮੰਤਰੀ ਜੀ ਦੇ ਧਿਆਨ ਵਿੱਚ ਹਨ, ਉਸ ਬਾਰੇ ਵੀ ਵਿਸਥਾਰਪੂਰਵਕ ਗੱਲਬਾਤ ਕੀਤੀ ਗਈ। ਬਾਜਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿੱਚ ਟੂਰਿਜ਼ਮ ਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਬੇਮਿਸਾਲ ਕੰਮ ਕੀਤਾ ਜਾ ਰਿਹਾ ਹੈ, ਜਿਸ ਦਾ ਲਾਭ ਪੰਜਾਬ ਨੂੰ ਵੀ ਮਿਲ ਰਿਹਾ ਹੈ। ਇਸ ਮੌਕੇ ਦਾਮਨ ਬਾਜਵਾ ਨੇ ਕਿਹਾ ਕਿ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਬੜੀ ਗੰਭੀਰਤਾ ਨਾਲ ਸਾਰੇ ਮੁੱਦਿਆਂ ਨੂੰ ਸੁਣਿਆ ਤੇ ਭਰੋਸਾ ਦਿਵਾਇਆ ਕਿ ਸੁਨਾਮ ਤੇ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਿਤ ਮੰਗਾਂ ਤੇ ਸੁਝਾਵਾਂ 'ਤੇ ਯੋਗ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਗਾਰੰਟੀਆਂ ਨੂੰ ਦੇਖਦਿਆਂ ਮੁੜ ਸਰਕਾਰ ਬਣਾਉਣ ਦੇ ਚਰਚੇ : ਚਰਨਜੀਤ ਅੱਕਾਂਵਾਲੀ

ਬੁਢਲਾਡਾ, 2 ਫਰਵਰੀ (ਜੀਵਨ ਕੁਮਾਰ): ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਅਤੇ ਗਰੰਟੀਆਂ ਨੂੰ ਲਗਾਤਾਰ ਪੂਰਾ ਕੀਤਾ ਜਾ ਰਿਹਾ ਹੈ। ਜਿਸਦੇ ਤਹਿਤ ਪੰਜਾਬ ਅੰਦਰ ਸੜਕੀ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਜਿੱਥੇ ਸੜਕਾਂ ਦੇ ਜਾਲ ਵਿਛਾਏ ਜਾਲ ਰਹੇ



ਹਨ ਉੱਥੇ ਹੀ ਅੰਡਰ ਬ੍ਰਿਜ ਓਵਰ ਬ੍ਰਿਜਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਪੰਜਾਬ ਦੇ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਦੇਣ ਲਈ ਲਗਾਤਾਰ ਯਤਨਸ਼ੀਲ ਹਨ। ਇੰਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਮਾਲਵਾ ਜੋਨ ਦੇ ਕਿਸਾਨ ਵਿੰਗ ਦੇ ਜਨਰਲ ਸਕੱਤਰ ਸਰਦਾਰ ਚਰਨਜੀਤ ਸਿੰਘ ਅੱਕਾਂਵਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ। ਜਿਸਦੇ ਤਹਿਤ ਹੁਣ ਪੰਜਾਬ ਦਾ ਕੋਈ ਵੀ ਵਿਅਕਤੀ ਇਲਾਜ ਤੋਂ ਬਿਨਾਂ ਨਹੀਂ ਰਹੇਗਾ ਉਸਦਾ ਜਿੰਨਾ ਵੀ ਇਲਾਜ ਦਾ ਖਰਚਾ ਹੋਵੇਗਾ ਉਸਦਾ ਸਾਰਾ ਭੁਗਤਾਨ ਪੰਜਾਬ ਸਰਕਾਰ ਕਰੇਗੀ। ਇੰਨਾਂ ਮੁਫ਼ਤ ਸਿਹਤ ਕਾਰਡਾਂ ਨੂੰ ਬਣਾਉਣ ਲਈ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਇੰਨਾਂ ਸਿਹਤ ਸਹੂਲਤਾਂ ਨੂੰ ਦੇਖਦਿਆਂ ਅਤੇ ਪੰਜਾਬ ਸਰਕਾਰ ਦੇ ਇਸ ਫੈਸਲੇ ਤੋਂ ਪੰਜਾਬੀ ਬਾਗ਼ੋਬਾਗ ਹਨ ਅਤੇ ਪਿੰਡਾਂ ਸੱਥਾਂ ਅਤੇ ਸ਼ਹਿਰਾਂ ਕਸਬਿਆਂ ਅਤੇ ਵਾਰਡਾਂ ਵਿੱਚ ਲੋਕਾਂ ਅੰਦਰ ਇਸ ਗੱਲ ਦੀ ਚਰਚਾ ਹੋਣੀ ਸ਼ੁਰੂ ਹੋ ਗਈ ਹੈ ਕਿ ਪੰਜਾਬ ਸਰਕਾਰ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਆਵੇਗੀ। ਕਿਸਾਨਾਂ ਨੂੰ ਨਹਿਰੀ ਪਾਣੀ ਦੀ ਕੋਈ ਘਾਟ ਨਹੀਂ ਆਉਣ ਦਿੱਤੀ। ਜਲਦੀ ਹੀ ਔਰਤਾਂ ਨੂੰ ਆਪਣੇ ਵਾਅਦਿਆਂ ਨੂੰ ਅੱਗੇ ਤੋਰਦਿਆਂ 1000-1000 ਰੁਪਏ ਦੇਣ ਦਾ ਵਾਅਦਾ ਵੀ ਪੂਰਾ ਕੀਤਾ ਜਾ ਰਿਹਾ ਹੈ।

# ਇੱਕ ਦਿਨ ਲਈ ਵਿੱਤ ਮੰਤਰੀ ਬਣਿਆ ਐਮੀਨੈਂਸ ਸਕੂਲ ਦਾ ਵਿਦਿਆਰਥੀ

ਸੁਨਾਮ, 2 ਫਰਵਰੀ (ਮੋਹਣ ਸ਼ਰਮਾ/ ਰਾਉਵਰਿੰਦਰ ਮਠਾੜੂ): ਮਿਹਨਤ ਅੱਗੇ ਲੱਛਮੀ ਪੱਖੇ ਅੱਗੇ ਪੌਣ ਦੀ ਕਹਾਵਤ ਪਿੰਡ ਰਟੋਲਾਂ ਦੇ ਲਖਵੀਰ ਸਿੰਘ ਸਪੁੱਤਰ ਬਲਕਾਰ ਸਿੰਘ ਨੇ ਆਪਣੀ ਦਸਵੀਂ ਦੀ ਪੜਾਈ ਵਿੱਚ ਲਗਾਤਾਰ ਮੱਲਾਂ ਮਾਰ ਕੇ ਸਿੱਧ ਕਰ ਦਿੱਤੀ ਹੈ। ਕੋਈ ਵੀ ਵਿਅੱਕਤੀ ਜੇਕਰ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਦਾ ਹੈ



ਤਾਂ ਸਫਲਤਾ ਉਸ ਦੇ ਪੈਰ ਛੂਹੰਦੀ ਹੈ। ਲਖਵੀਰ ਸਿੰਘ ਐਮੀਨੈਂਸ ਸਕੂਲ ਛਾਜਲੀ ਦਾ ਗਿਆਰਵੀਂ ਦਾ ਮੈਡੀਕਲ ਦਾ ਵਿਦਿਆਰਥੀ ਹੈ ਜਿਸ ਨੇ ਸਕੂਲ ਦੇ ਪ੍ਰਿੰਸੀਪਲ ਸ, ਗੁਰਵਿੰਦਰ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਦਸਵੀਂ ਕਲਾਸ ਚੋਂ 96.5 ਫੀਸਦ ਨੰਬਰ ਪ੍ਰਾਪਤ ਕਰਕੇ ਜਿੱਥੇ ਆਪਣੇ ਸਕੂਲ ਦਾ ਨਾਮ ਚਮਕਾਇਆ ਹੈ ਉਥੇ ਮਾਪਿਆਂ ਦਾ ਵੀ ਮਾਣ ਵਧਾਇਆ ਹੈ। ਲਖਵੀਰ ਸਿੰਘ ਨੂੰ ਉਸ ਦੀ ਇਸ ਪ੍ਰਾਪਤੀ ਤੇ ਪਹਿਲਾਂ ਛਾਜਲੀ ਦੇ ਮਹੰਤ ਬਾਬਾ ਅਮਰਿਤਬਣ ਜੀ ਨੇ 5100 ਰੁਪਏ ਦੇ ਕੇ ਸਨਮਾਨਿਤ ਕੀਤਾ ਸੀ ਤੇ ਫੇਰ ਹਰਗੋਬਿੰਦ ਖੁਰਾਣਾ ਸਕੀਮ ਤਹਿਤ 36000 ਰੁਪਏ ਦਾ ਵਜੀਫਾ ਮਿਲਿਆ ਤੇ ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਵੀ 11000 ਰੁਪਏ ਦਾ ਵਜੀਫਾ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਲਖਵੀਰ ਸਿੰਘ ਨੂੰ ਸਨਮਾਨ ਦੇਣ ਲਈ ਪੰਜਾਬ ਵਿਧਾਨ ਸਭਾ ਵਿੱਚ ਇੱਕ ਦਿਨ ਦਾ ਵਿੱਤ ਮੰਤਰੀ ਬਣਨ ਦਾ ਵੀ ਮਾਣ ਮਿਲਿਆ। ਲਖਵੀਰ ਸਿੰਘ ਭਵਿੱਖ ਵਿੱਚ ਇੱਕ ਵਧੀਆ ਡਾਕਟਰ ਬਨਣ ਲਈ ਪੂਰੀ ਮਿਹਨਤ ਕਰ ਰਿਹਾ ਹੈ। ਉਸ ਦੀ ਇਸ ਪ੍ਰਾਪਤੀ ਤੇ ਪਿੰਡ ਦੀ ਸੋਸਾਇਟੀ ਦੇ ਸਾਬਕ ਪ੍ਰਧਾਨ ਤੇ ਪੰਚਾਇਤ ਮੈਂਬਰ ਜਰਨੈਲ ਸਿੰਘ ਗਿੱਲ ਨੇ ਖੁਸ਼ੀ ਦਾ ਇਜਹਾਰ ਕਰਦਿਆਂ ਪ੍ਰੀਵਾਰ ਨੂੰ ਵਧਾਈ ਦਿੱਤੀ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕੇ ਉਹ ਲਖਵੀਰ ਸਿੰਘ ਨੂੰ ਕਾਮਯਾਬੀ ਬਖਸੇ।

# ਪੰਜਾਬ ਦੀ ਸੜਕ ਸੁਰੱਖਿਆ ਫੋਰਸ ਕਾਰਨ ਹਾਦਸਿਆਂ ਨਾਲ ਹੋਣ ਵਾਲੀਆਂ ਮੌਤਾਂ 'ਚ ਆਈ 48 ਫ਼ੀਸਦੀ ਕਮੀ : ਡਾ. ਜਵੰਧਾ

ਸੰਗਰੂਰ, 2 ਫਰਵਰੀ (ਹਰਕੰਵਲ ਸਿੰਘ ਹੈਪੀ) ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਦੀ ਸੁਰੱਖਿਆ ਲਈ



ਸ਼ੁਰੂ ਕੀਤੀ ਦੇਸ਼ ਦੀ ਪਹਿਲੀ ਸੜਕ ਸੁਰੱਖਿਆ ਫੋਰਸ (SSF) ਨੇ ਅੱਜ ਆਪਣੇ ਕਾਮਯਾਬ ਦੋ ਸਾਲ ਪੂਰੇ ਕਰ ਲਏ ਹਨ। ਇਸ ਨਿਵੇਕਲੀ ਤੇ ਜ਼ਰੂਰੀ ਪਹਿਲਕਦਮੀ ਨੇ ਸੜਕ ਹਾਦਸਿਆਂ ਦੌਰਾਨ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੱਸਿਆ ਕਿ SSF ਵੱਲੋਂ ਤੇਜ਼ ਕਾਰਵਾਈ ਸਦਕਾ ਪਿਛਲੇ ਦੋ ਸਾਲਾਂ ਵਿੱਚ 48 ਫ਼ੀਸਦੀ ਮੌਤਾਂ ਵਿੱਚ ਕਮੀ ਦਰਜ ਕੀਤੀ ਗਈ ਹੈ, ਜੋ ਕਿ ਸੂਬੇ ਦੇ ਲਈ ਇੱਕ ਵੱਡੀ ਸਫ਼ਲਤਾ ਹੈ। ਡਾ. ਮਿੰਕੂ ਨੇ ਕਿਹਾ ਕਿ ਸੜਕ ਹਾਦਸੇ ਦੀ ਸੂਚਨਾ ਮਿਲਦੇ ਹੀ SSF ਦੀ ਟੀਮ ਮਹਿਜ਼ 5 ਤੋਂ 7 ਮਿੰਟ ਦੇ ਅੰਦਰ ਹਾਦਸੇ ਵਾਲੀ ਥਾਂ 'ਤੇ ਪਹੁੰਚ ਜਾਂਦੀ ਹੈ ਅਤੇ ਜ਼ਖ਼ਮੀਆਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਪਹੁੰਚਾ ਕੇ ਕੀਮਤੀ ਜਾਨਾਂ ਬਚਾਈਆਂ ਜਾ ਰਹੀਆਂ ਹਨ। ਡਾ. ਮਿੰਕੂ ਨੇ ਕਿਹਾ ਕਿ ਸਰਕਾਰ ਦਾ ਮਕਸਦ ਸੜਕਾਂ 'ਤੇ ਸੁਰੱਖਿਆ ਦੇ ਮਿਆਰ ਨੂੰ ਹੋਰ ਮਜ਼ਬੂਤ ਬਣਾਉਣਾ ਹੈ, ਤਾਂ ਜੋ ਹਾਦਸਿਆਂ ਦੀ ਗਿਣਤੀ ਅਤੇ ਮੌਤਾਂ ਵਿੱਚ ਹੋਰ ਕਮੀ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ SSF ਦੀ ਤਾਕਤ, ਤਕਨੀਕ ਅਤੇ ਸਹੂਲਤਾਂ ਵਿੱਚ ਵਾਧਾ ਕਰਕੇ ਸੂਬੇ ਨੂੰ ਹੋਰ ਸੁਰੱਖਿਅਤ ਬਣਾਇਆ ਜਾਵੇਗਾ।

# ਕੇਂਦਰੀ ਬਜਟ ਹਰ ਭਾਰਤੀ ਤੇ ਦੇਸ਼ ਨੂੰ ਆਰਥਿਕ ਮਜ਼ਬੂਤੀ ਦੇਣ ਵਾਲਾ : ਗੁਰਪ੍ਰੀਤ ਮਲੂਕਾ

ਭਗਤਾ ਭਾਈ ਕਾ, 2 ਫਰਵਰੀ (ਸਵਰਨ ਸਿੰਘ ਭਗਤਾ): ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਰਤ ਲਗਾਤਾਰ ਆਰਥਿਕ ਤੌਰ ਤੇ ਮਜ਼ਬੂਤ ਹੋ ਰਿਹਾ ਹੈ ਦੇਸ਼ 7% ਦੇ ਇਤਿਹਾਸਿਕ ਗ੍ਰੋਥ ਰੇਟ ਨਾਲ ਆਰਥਿਕ ਪੱਖੋਂ ਮਜ਼ਬੂਤ ਹੋ ਰਿਹਾ ਹੈ ਇਸ ਵਾਰ ਖਜਾਨਾ ਮੰਤਰੀ ਨਿਰਮਲਾ ਸੀਤਾ ਰਮਨ ਵੱਲੋਂ ਪੇਸ਼ ਕੀਤਾ ਗਿਆ ਬਜਟ ਇਸੇ ਕੜੀ ਨੂੰ ਤੇਜੀ ਨਾਲ ਅੱਗੇ ਵਧਾਉਣ ਵਾਲਾ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਕੇਂਦਰੀ ਬਜਟ ਦੀ ਸ਼ਲਾਘਾ ਕਰਦਿਆਂ ਕੀਤਾ ਮਲੂਕਾ ਨੇ ਕਿਹਾ ਕੇ ਬਜਟ ਜਿੱਥੇ ਹਰ ਭਾਰਤੀ ਨੂੰ ਮੁਢਲੀਆਂ ਜਰੂਰਤਾਂ ਦੀ ਪੂਰਤੀ 'ਚ ਸਹਾਈ ਹੋਣ ਵਾਲਾ ਹੈ ਉਥੇ ਹੀ ਦੇਸ਼ ਨੂੰ ਵੀ ਆਰਥਿਕ ਤੌਰ ਤੇ ਮਜਬੂਤ ਕਰਨ ਵਾਲਾ ਹੈ ਇਸ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ ਤੇ ਵੀ ਭਾਰਤ ਨਵੇਂ ਮੁਕਾਮ ਹਾਸਿਲ ਕਰੇਗਾ ਮੁੱਖ ਤੌਰ ਤੇ ਆਮ ਲੋਕਾਂ ਨੂੰ ਜਾਨ ਲੇਵਾ ਬਿਮਾਰੀਆਂ ਤੋਂ ਬਚਾਉਣ ਲਈ ਨਵੇਂ ਉਪਰਾਲੇ ਕੀਤੇ ਜਾਣਗੇ ਜਿਗਰ ਗੁਰਦੇ ਦਿੱਲ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਦੀ ਜਾਂਚ ਅਤੇ ਮੁਢਲੇ ਇਲਾਜ ਲਈ



ਬਜਟ 'ਚ ਫੰਡ ਰਾਖਵੇਂ ਰੱਖੇ ਗਏ ਹਨ ,ਦਿੱਲੀ ਵਾਰਨਸੀ ਤੋਂ ਇਲਾਵਾ ਦੇਸ਼ ਚ 6 ਹਾਈ ਸਪੀਡ ਰੇਲ ਕੋਰੀਡਰ ਬਣਾਏ ਜਾਣਗੇ ਘਰੇਲੂ ਉਦਯੋਗ ਨੂੰ ਹੁਲਾਰਾ ਦੇਣ ਅਤੇ ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਜਹਾਜਾਂ ਦੀ ਮਰੁੰਮਤ ਲਈ ਉਦਯੋਗ ਸਥਾਪਿਤ ਕੀਤੇ ਜਾਣਗੇ।

ਮਲੂਕਾ ਨੇ ਕਿਹਾ ਕਿ ਇਸ ਤੋਂ ਇਲਾਵਾ ਕੰਮ ਕਰਨ ਤੇ ਪੜਾਈ ਕਰਨ ਵਾਲੀਆਂ ਲੜਕੀਆਂ ਲਈ ਹਰ ਜ਼ਿਲ੍ਹੇ 'ਚ ਲੜਕੀਆਂ ਦੇ ਹੋਸਟਲ ਬਣਾਉਣ ਦੀ ਵੀ ਤਜਵੀਜ ਰੱਖੀ ਗਈ ਹੈ ਤੇ ਉਦਯੋਗਾਂ ਨੂੰ ਸਮੇ ਦੇ ਹਾਣ ਅਤੇ ਪ੍ਰਦੂਸ਼ਣ ਮੁਕਤ ਕਰਨ ਲਈ 20000 ਕਰੋੜ ਰੁਪਏ ਵੀ ਰੱਖੇ ਗਏ ਹਨ ਅਤੇ ਰਾਜਾਂ ਦੇ ਵਿਕਾਸ ਲਈ 16 ਵਿਤ ਕਮਿਸ਼ਨ ਨੂੰ ਮਨਜੂਰ ਕਰਕੇ 1.4 ਲੱਖ ਕਰੋੜ ਰੁਪਏ ਰਾਜਾਂ ਨੂੰ ਜਾਰੀ ਕੀਤੇ ਜਾਣਗੇ। ਮਲੂਕਾ ਨੇ ਕਿਹਾ ਕੇ ਬਜਟ ਦੇਸ਼ ਨੂੰ ਹਰ ਖੇਤਰ ਵਿੱਚ ਮਜ਼ਬੂਤ ਕਰਨ ਵਾਲਾ ਹੈ,ਜਿਸ ਦਾ ਹਰ ਇੱਕ ਨੂੰ ਸਵਾਗਤ ਕਰਨਾ ਚਾਹੀਦਾ ਹੈ। ਇਸ ਮੌਕੇ ਗੁਰਜੀਤ ਸਿੰਘ ਗੋਰਾ ਦਿਉਣ ਜਸਪ੍ਰੀਤ ਜੱਸਾ ਭੁੱਚੋ ਬੂਟਾ ਭਾਈਰੂਪਾ ਅਤੇ ਮੀਡੀਆ ਕਨਵੀਨਰ ਰਤਨ ਸ਼ਰਮਾ ਮਲੂਕਾ ਵੀ ਹਾਜਰ ਸਨ।

# ਆਵਾਰਾ ਕੁੱਤਿਆਂ ਨੇ ਇੱਕ ਹੋਰ ਮਾਸੂਮ ਬੱਚੇ 'ਤੇ ਕੀਤਾ ਜਾਨਲੇਵਾ ਹਮਲਾ

ਸੰਗਰੂਰ, 2 ਫਰਵਰੀ (ਹਰਕੰਵਲ ਸਿੰਘ ਹੈਪੀ): ਸਥਾਨਕ ਸ਼ਹਿਰ ਅੰਦਰ ਆਵਾਰਾ ਕੁੱਤਿਆਂ ਦਾ ਕਹਿਰ ਲਗਾਤਾਰ ਵੱਧਦਾ ਹੀ ਜਾ ਰਿਹਾ ਹੈ। ਜਿੱਥੇ ਪਹਿਲਾਂ ਸੁੰਦਰ ਬਸਤੀ ਦੀ ਵਸਨੀਕ ਦਲਿਤ ਮਹਿਲਾ ਅਨੀਤਾ ਪਤਨੀ ਮੱਖਣ ਸਿੰਘ ਤੇ ਫੇਰ ਚਾਰ ਸਾਲਾਂ ਮਾਸੂਮ ਬੱਚੇ ਰੋਹਿਤ ਪੁੱਤਰ ਸਾਗਰ ਤੇ ਆਵਾਰਾ ਕੁੱਤਿਆਂ ਵੱਲੋਂ ਜਾਨ ਲੇਵਾ ਹਮਲਾ ਕੀਤਾ ਗਿਆ ਸੀ ਉਨ੍ਹਾਂ ਦੇ ਜ਼ਖ਼ਮ ਅਜੇ ਠੀਕ ਨਹੀਂ ਹੋਏ ਕਿ ਅੱਜ ਸੁੰਦਰ ਬਸਤੀ ਦੇ ਹੀ ਇੱਕ ਹੋਰ ਪੰਜ ਸਾਲਾਂ ਦੇ ਮਾਸੂਮ ਬੱਚੇ ਗਗਨਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਨੂੰ ਘਰ ਦੇ ਬਾਹਰ ਖੇਡਦੇ ਸਮੇਂ ਅਵਾਰਾ ਕੁੱਤਿਆਂ ਨੇ ਬੁਰੀ ਤਰ੍ਹਾਂ ਨਾਲ ਕੱਟ ਲਿਆ ਜਿਸ ਨੂੰ ਤੁਰੰਤ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਸਿਵਲ ਹਸਪਤਾਲ ਸੰਗਰੂਰ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਹਸਪਤਾਲ ਦੇ ਮਾਹਿਰ ਡਾਕਟਰਾਂ ਵੱਲੋਂ ਬੱਚੇ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ।



ਇਸ ਸਬੰਧੀ ਗੱਲਬਾਤ ਕਰਦਿਆਂ ਦਰਸ਼ਨ ਕਾਂਗੜਾ ਨੇ ਕਿਹਾ ਕਿ ਸਥਾਨਕ ਸ਼ਹਿਰ ਅੰਦਰ ਆਵਾਰਾ ਕੁੱਤਿਆਂ ਦਾ ਲੋਕਾਂ ਅੰਦਰ ਭਾਰੀ ਖੌਫ ਨਜ਼ਰ ਆ ਰਿਹਾ ਹੈ। ਇਹਨਾਂ ਆਵਾਰਾ ਕੁੱਤਿਆਂ ਤੋਂ ਸ਼ਹਿਰ ਦੇ ਲੋਕ ਬਹੁਤ ਹੀ ਪ੍ਰੇਸ਼ਾਨ ਤੇ ਬੇਵੱਸ ਨਜ਼ਰ ਆ ਰਹੇ ਹਨ ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਮੁਹੱਲੇ, ਹਸਪਤਾਲ,ਬਨਾਸਰ ਬਾਗ ਅਤੇ ਹੋਰ ਪਬਲਿਕ ਸਥਾਨਾਂ ਦੇ ਨਾਲ ਨਾਲ ਬਾਜ਼ਾਰਾਂ ਵਿੱਚ ਆਵਾਰਾ ਕੁੱਤਿਆਂ ਦੇ ਝੁੰਡ ਘੁੰਮ ਰਹੇ ਹਨ ਜੋ ਰੋਜ਼ਾਨਾ ਹੀ ਕਿਸੇ ਨਾ ਕਿਸੇ ਨੂੰ ਕੱਟ ਲੈਂਦੇ ਹਨ ਉਨ੍ਹਾਂ ਕਿਹਾ ਕਿ ਸੁੰਦਰ ਬਸਤੀ ਦੇ ਲੋਕ ਲਗਾਤਾਰ ਇਹਨਾਂ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੋ ਰਹੇ ਹਨ ਜਿਸ ਸਬੰਧੀ ਉਹ ਕਈ ਵਾਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਨਗਰ ਕੌਂਸਲ ਨੂੰ ਲਿਖਤੀ ਤੌਰ ਤੇ ਜਾਣੂ ਕਰਵਾ ਚੁੱਕੇ ਹਨ ਪ੍ਰੰਤੂ ਇਹਨਾਂ ਆਵਾਰਾ ਕੁੱਤਿਆਂ ਤੋਂ ਲੋਕਾਂ ਨੂੰ ਨਜ਼ਾਕਤ ਦਿਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਕੌਂਸਲ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ ਕੌਮੀ ਪ੍ਰਧਾਨ ਨੇ ਕਿਹਾ ਕਿ ਇਹਨਾਂ ਆਵਾਰਾ ਕੁੱਤਿਆਂ ਪ੍ਰਤੀ ਸ਼ਹਿਰ ਦੀ ਨਗਰ ਕੌਂਸਲ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਵੀ ਟਿੱਚ ਸਮਝਿਆ ਜਾ ਰਿਹਾ ਹੈ। ਦਰਸ਼ਨ ਕਾਂਗੜਾ ਨੇ ਕਿਹਾ ਕਿ ਜੇਕਰ ਨਗਰ ਕੌਂਸਲ ਨੇ ਇਹਨਾਂ ਆਵਾਰਾ ਕੁੱਤਿਆਂ ਦਾ ਕੋਈ ਠੋਸ ਹੱਲ ਨਾ ਕੀਤਾ ਤਾਂ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਸ਼ਹਿਰ ਦੇ ਲੋਕਾਂ ਨੂੰ ਨਾਲ ਲੈਕੇ ਨਗਰ ਕੌਂਸਲ ਦੇ ਖਿਲਾਫ ਪੱਕੇ ਤੌਰ ਤੇ ਮੋਰਚਾ ਖੋਲ੍ਹਿਆ ਜਾਵੇਗਾ ਦਰਸ਼ਨ ਕਾਂਗੜਾ ਨੇ ਮੰਗ ਕੀਤੀ ਕਿ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੋਏ ਇਹਨਾਂ ਗਰੀਬ ਵਿਅਕਤੀਆਂ ਨੂੰ ਨਗਰ ਕੌਂਸਲ ਤੁਰੰਤ ਸੁਪਰੀਮ ਕੋਰਟ ਵੱਲੋਂ ਤਹਿ ਕੀਤਾ ਮੁਆਵਜ਼ੇ ਦੀ ਰਾਸ਼ੀ ਦੇਵੇ ਇਸ ਮੌਕੇ ਦਰਸ਼ਨ ਕਾਂਗੜਾ ਨਾਲ ਹੋਰ ਵੀ ਆਗੂ ਹਾਜ਼ਰ ਸਨ।

# ਕੇਂਦਰ ਨੇ ਬਜਟ 'ਚ ਪੰਜਾਬ ਨੂੰ ਮੁੜ ਕੀਤਾ ਨਿਰਾਸ਼ : ਹੈਪੀ ਗਰਗ

ਧੂਰੀ, 2 ਫ਼ਰਵਰੀ (ਰਾਜੇਸ਼ਵਰ ਪਿੰਟੂ): ਆਮ ਆਦਮੀ ਪਾਰਟੀ ਦੇ ਹਲਕਾ ਮੀਡੀਆ ਉੱਪ ਕੋਆਰਡੀਨੇਟਰ ਅਤੇ ਸਾਬਕਾ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਕੇਂਦਰੀ ਬਜਟ 2026-27 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਬਜਟ ਇੱਕ ਵਾਰ ਫਿਰ ਪੰਜਾਬ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਆਸ ਸੀ ਕਿ ਇਸ ਵਾਰ ਸੂਬੇ ਲਈ ਕੁਝ ਵਿਸ਼ੇਸ਼ ਐਲਾਨ ਕੀਤੇ ਜਾਣਗੇ, ਪਰ ਕੇਂਦਰ ਨੇ ਪੰਜਾਬ ਨਾਲ ਮੁੜ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ।



ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਬਜਟ ਵਿੱਚ ਦੇਸ਼ ਦੇ ਅੰਨਦਾਤੇ ਯਾਨੀ ਕਿਸਾਨਾਂ ਲਈ ਐਮ.ਐਸ.ਪੀ ਦੀ ਕੋਈ ਕਾਨੂੰਨੀ ਗਾਰੰਟੀ ਨਹੀਂ ਦਿੱਤੀ ਗਈ, ਜੋ ਕਿ ਲੰਬੇ ਸਮੇਂ ਤੋਂ ਪੰਜਾਬ ਦੇ ਕਿਸਾਨਾਂ ਦੀ ਮੁੱਖ ਮੰਗ ਰਹੀ ਹੈ। ਇਸ ਤੋਂ ਇਲਾਵਾ, ਨੌਜਵਾਨਾਂ ਲਈ ਰੁਜ਼ਗਾਰ ਦੇ ਕੋਈ ਪੁਖਤਾ ਮੌਕੇ ਪੈਦਾ ਕਰਨ ਦਾ ਭਰੋਸਾ ਨਹੀਂ ਦਿੱਤਾ ਗਿਆ ਤੇ ਨਾ ਹੀ ਉਦਯੋਗਿਕ ਖੇਤਰ ਜਾਂ ਟੈਕਸ ਪ੍ਰਣਾਲੀ ਵਿੱਚ ਕੋਈ ਵੱਡੀ ਰਾਹਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬੀ ਹਮੇਸ਼ਾ ਤੋਂ ਹੀ ਮਿਹਨਤੀ ਤੇ ਜਜ਼ਬੇ ਵਾਲੇ ਰਹੇ ਹਨ। ਕੇਂਦਰ ਵੱਲੋਂ ਵਾਰ-ਵਾਰ ਕੀਤੀ ਜਾ ਰਹੀ ਅਣਦੇਖੀ ਅਤੇ ਬੇਇਨਸਾਫ਼ੀ ਦੇ ਬਾਵਜੂਦ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਪ ਸਰਕਾਰ ਅਤੇ ਪੰਜਾਬ ਦੇ ਲੋਕ ਇੱਕਜੁੱਟ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਸੂਬੇ ਨੂੰ ਆਪਣੇ ਦਮ 'ਤੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਵਾਂਗੇ ਅਤੇ ਪੰਜਾਬ ਨੂੰ ਵਿਕਾਸ ਦੀਆਂ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਵਾਂਗੇ। ਕੇਂਦਰ ਦੀਆਂ ਕੋਸ਼ਿਸ਼ਾਂ ਪੰਜਾਬ ਦੇ ਇਰਾਦਿਆਂ ਨੂੰ ਕਮਜ਼ੋਰ ਨਹੀਂ ਕਰ ਸਕਦੀਆ।

# ਨਸ਼ਾ ਤਸਕਰਾਂ ਦੀ ਗ਼ੈਰ-ਕਾਨੂੰਨੀ ਇਮਾਰਤ 'ਤੇ ਚੱਲਿਆ ਬੁਲਡੋਜ਼ਰ

ਬਠਿੰਡਾ, 2 ਫਰਵਰੀ (ਦੀਪਕ ਸ਼ਰਮਾ): ਪੰਜਾਬ ਸਰਕਾਰ ਦੇ ਮਿਸ਼ਨ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਬਠਿੰਡਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੇ ਇੱਕ ਕਾਰਵਾਈ ਦੌਰਾਨ ਠੇਕੇ ਵਾਲਾ ਚੌਂਕ, ਪੱਕਾ ਧੋਬੀਆਣਾ ਬਸਤੀ ਵਿਖੇ ਕਥਿਤ ਨਸ਼ਾ ਤਸਕਰ ਬਲਵਿੰਦਰ ਸਿੰਘ ਉਰਫ ਕਾਕਾ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਉਸਾਰੀ ਗਈ ਇਮਾਰਤ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪ੍ਰਸ਼ਾਸਨ ਨੇ



ਇਹ ਕਦਮ ਵਾਰ-ਵਾਰ ਨੋਟਿਸ ਦੇਣ ਦੇ ਬਾਵਜੂਦ ਕਬਜ਼ਾ ਨਾ ਛੱਡਣ ਕਾਰਨ ਚੁੱਕਿਆ ਹੈ। ਇਸ ਮੌਕੇ ਐਸਪੀ ਸਿਟੀ ਨਰਿੰਦਰ ਸਿੰਘ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਬਲਵਿੰਦਰ ਸਿੰਘ ਉਰਫ ਕਾਕਾ 'ਤੇ ਪਹਿਲਾਂ ਹੀ ਐੱਨ.ਡੀ.ਪੀ.ਐੱਸ ਐਕਟ ਤਹਿਤ ਮਾਮਲਾ ਦਰਜ ਹੈ। ਇੰਨਾ ਹੀ ਨਹੀਂ, ਉਸ ਦਾ ਲੜਕਾ ਹਰਪ੍ਰੀਤ ਸਿੰਘ ਵੀ ਸੰਗੀਨ ਜੁਰਮਾਂ ਅਤੇ ਹਮਲੇ ਵਰਗੇ ਮਾਮਲਿਆਂ ਵਿੱਚ ਨਾਮਜ਼ਦ ਹੈ। ਉਸ ਦੇ ਖਿਲਾਫ ਥਾਣਾ ਸਿਵਲ ਲਾਈਨ ਵਿਖੇ ਦੋ ਵੱਖ-ਵੱਖ ਮਾਮਲੇ ਦਰਜ ਹਨ।

ਪੁਲਿਸ ਅਧਿਕਾਰੀਆਂ ਅਨੁਸਾਰ ਡਿਪਟੀ ਕਮਿਸ਼ਨਰ-ਕਮ-ਮੈਜਿਸਟ੍ਰੇਟ ਵੱਲੋਂ ਜਾਰੀ ਹਦਾਇਤਾਂ ਤੋਂ ਬਾਅਦ ਪੁਲਿਸ ਦੀ ਭਾਰੀ ਸੁਰੱਖਿਆ ਹੇਠ ਇਸ ਇਮਾਰਤ ਨੂੰ ਢੇਰੀ ਕਰ ਦਿੱਤਾ ਗਿਆ। ਬਠਿੰਡਾ ਪੁਲਿਸ ਮੁਤਾਬਕ ਹੁਣ ਤੱਕ 14 ਗੈਰ-ਕਾਨੂੰਨੀ ਇਮਾਰਤਾਂ 'ਤੇ ਪੀਲਾ ਪੰਜਾ ਫੇਰਿਆ ਜਾ ਚੁੱਕਾ ਹੈ। ਅੰਕੜਿਆਂ ਦੀ ਗੱਲ ਕਰੀਏ ਤਾਂ 1 ਮਾਰਚ 2025 ਤੋਂ ਹੁਣ ਤੱਕ ਪੁਲਿਸ ਨੇ ਨਸ਼ਿਆਂ ਵਿਰੁੱਧ ਕਾਰਵਾਈ ਕਰਦਿਆਂ 1899 ਮੁਕੱਦਮੇ ਦਰਜ ਕਰਕੇ 2802 ਮੁਲਜ਼ਮਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪਹੁੰਚਾਇਆ ਹੈ, ਜਿਨ੍ਹਾਂ ਵਿੱਚ 76 ਮੁੱਖ ਤਸਕਰ ਵੀ ਸ਼ਾਮਲ ਹਨ। ਸਾਲ 2023 ਤੋਂ ਹੁਣ ਤੱਕ ਤਸਕਰਾਂ ਦੀ ਲਗਭਗ 14 ਕਰੋੜ ਰੁਪਏ ਦੀ ਜਾਇਦਾਦ ਫਰੀਜ਼ ਕੀਤੀ ਜਾ ਚੁੱਕੀ ਹੈ। ਇਸ ਮੌਕੇ ਪੁਲਿਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ਿਆਂ ਦੇ ਇਸ ਕੋਹੜ ਨੂੰ ਖ਼ਤਮ ਕਰਨ ਲਈ ਸਹਿਯੋਗ ਦੇਣ। ਜੇਕਰ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਜਾਣਕਾਰੀ ਹੈਲਪਲਾਈਨ ਨੰ. 97791-00200 ਜਾਂ 91155-02252 'ਤੇ ਦਿੱਤੀ ਜਾ ਸਕਦੀ ਹੈ, ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।

# ਨਾਮਵਰ ਸ਼ਾਇਰ ਡਾ. ਅਮਰਜੀਤ ਕੌਂਕੇ ਦੇ ਰੂ-ਬ-ਰੂ ਪ੍ਰੋਗਰਾਮ ਕਰਵਾਇਆ

ਮੂਨਕ, 2 ਫਰਵਰੀ (ਸਮਸ਼ੇਰ ਸਿੰਘ): ਪੰਜਾਬੀ ਲੇਖਕ ਸਭਾ ਸਮਾਣਾ ਵੱਲੋਂ ਡਾਕਟਰ ਅਮਰਜੀਤ ਕੌਂਕੇ ਦੇ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਡਾਕਟਰ ਕੌਂਕੇ ਨੇ ਆਪਣੀ ਸਾਹਿਤਕ ਯਾਤਰਾ ਬਾਰੇ ਵਿਸਤਾਰ ਪੂਰਵਕ ਚਾਨਣਾ ਪਾਇਆ। ਸਰੋਤਿਆਂ ਦੇ ਸਵਾਲਾਂ ਦੇ



ਜਵਾਬ ਦਿੰਦੇ ਹੋਏ ਉਹਨਾਂ ਨੇ ਕਵਿਤਾ ਦੀ ਪਰਿਭਾਸ਼ਾ ਬਾਰੇ ਕਿਹਾ ਕਿ ਕਵਿਤਾ ਮਨ ਦੇ ਵੇਗ ਦਾ ਪ੍ਰਭਾਵ ਹੁੰਦੀ ਹੈ।ਮਨ ਦੀ ਅਵਸਥਾ ਦਾ ਪ੍ਰਗਟਾਵਾ ਹੁੰਦੀ ਹੈ। ਉਹਨਾਂ ਨੇ ਆਪਣੀ ਕਾਵਿ ਯਾਤਰਾ ਦੇ ਸ਼ੁਰੂਆਤੀ ਪੜਾਅ ਬਾਰੇ ਸਰੋਤਿਆਂ ਨਾਲ ਖੁੱਲ ਕੇ ਆਪਣੇ ਅਨੁਭਵ ਸਾਂਝੇ ਕੀਤੇ। ਉਹਨਾਂ ਨੇ ਬਹੁਤ ਸਾਰੀਆਂ ਪੁਸਤਕਾਂ ਵੀ ਅਨੁਵਾਦ ਕੀਤੀਆਂ ਹੋਈਆਂ ਹਨ। ਅਨੁਵਾਦ ਕਰਨ ਵੇਲੇ ਅਨੁਵਾਦਕ ਨੂੰ ਕਿਹੜੀਆਂ ਕਿਹੜੀਆਂ ਜੁਗਤਾਂ ਦੀ ਜ਼ਰੂਰਤ ਪੈਂਦੀ ਹੈ ਇਸ ਬਾਰੇ ਵਿਸਥਾਰ ਵਿੱਚ ਚਰਚਾ ਕਰਦਿਆਂ ਹੋਇਆਂ ਕਿਹਾ ਕਿ ਅਨੁਵਾਦ ਕੇਵਲ ਸ਼ਬਦਾਂ ਦਾ ਹੀ ਨਹੀਂ ਕਰਨਾ ਹੁੰਦਾ ਬਲਕਿ ਕਿਸੇ ਦੂਸਰੀ ਭਾਸ਼ਾ ਦੇ ਸੱਭਿਆਚਾਰ, ਉਸਦੇ ਮੁਹਾਵਰਿਆਂ ਦੀ ਭਰਪੂਰ ਜਾਣਕਾਰੀ ਵੀ ਹੋਈ ਜ਼ਰੂਰੀ ਹੈ। ਭਾਸ਼ਾ ਦੇ ਗਹਿਨ ਅਰਥਾਂ ਦਾ ਗਿਆਨ ਹੋਣਾ ਇਕ ਅਨੁਵਾਦਕ ਲਈ ਲਾਜ਼ਮੀ ਹੋ ਜਾਂਦਾ ਹੈ। ਉਹਨਾਂ ਨੇ ਹੁਣ ਤੱਕ 40 ਤੋਂ ਵੀ ਵੱਧ ਪੁਸਤਕਾਂ ਦੇ ਅਨੁਵਾਦ ਕੀਤੇ ਹੋਏ ਹਨ। ਅੱਠ ਪੁਸਤਕਾਂ ਕਵਿਤਾਵਾਂ ਦੀਆਂ ਆ ਚੁੱਕੀਆਂ ਨੇ। ਪੰਜ ਪੁਸਤਕਾਂ ਬਾਲ ਸਾਹਿਤ ਦੀਆਂ ਹਨ। ਉਹਨਾਂ ਨੂੰ ਅਨੇਕਾਂ ਮਾਨ ਸਨਮਾਨਾਂ ਪ੍ਰਾਪਤ ਹੋਏ ਹਨ। ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਾਲ 2016 ਲਈ, ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ "ਦਵੰਦ ਕਥਾ" ਪੁਸਤਕ ਲਈ, ਲਾਭ ਸਿੰਘ ਚਾਤ੍ਰਿਕ ਪੁਰਸਕਾਰ 1991, 'ਯਕੀਨ' ਪੁਸਤਕ ਲਈ, ਕਪੂਰ ਸਿੰਘ ਆਈ ਸੀ ਐੱਸ ਪੁਰਸਕਾਰ 1994 ਵੀ ਪ੍ਰਾਪਤ ਹੋਇਆ ਹੈ।ਬਹੁਤ ਸਾਰੀਆਂ ਕਿਤਾਬਾਂ ਸੰਪਾਦਨ ਕੀਤੀਆਂ ਹਨ। ਇੱਕ ਲੰਮੀ ਸਾਹਿਤ ਯਾਤਰਾ ਹੈ। ਡਾਕਟਰ ਕੌਂਕੇ ਪੰਜਾਬੀ ਦੇ ਉਹ ਸ਼ਾਇਰ ਨੇ ਜਿਹੜੇ ਛੋਟੀ ਉਮਰ ਵਿੱਚ ਹੀ 'ਨਾਗਮਣੀ' ਵਿੱਚ ਛਪਣ ਲੱਗ ਪਏ ਸੀ ।ਇਸ ਪ੍ਰੋਗਰਾਮ ਵਿੱਚ ਉਹਨਾਂ ਨਾਲ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਦੇ ਰੀਜ਼ਨਲ ਸੈਂਟਰ ਸਟੇਟ ਕਾਲਜ ਪਟਿਆਲਾ ਦੇ ਮੁਖੀ ਡਾਕਟਰ ਅਮਰਜੀਤ ਸਿੰਘ, ਨੌਜਵਾਨ ਸ਼ਾਇਰ ਨਵਦੀਪ ਮੁੰਡੀ ਨੇ ਵੀ ਉਚੇਚੇ ਤੌਰ ਤੇ ਹਾਜ਼ਰੀ ਲਵਾਈ। ਪੰਜਾਬੀ ਲੇਖਕ ਸਭਾ ਦੇ ਵਿੱਚ ਹਾਜ਼ਰ ਹੋਣ ਵਾਲੇ ਸ਼ਾਇਰ ਤੇ ਸਰੋਤੇ ਜਿਹਨਾਂ ਵਿੱਚ ਸਭਾ ਦੇ ਪ੍ਰਧਾਨ ਸ੍ਰੀ ਰਾਜਵੀਰ ਮੱਲ੍ਹੀ, ਗੋਪਾਲ ਸ਼ਰਮਾ, ਪ੍ਰਭਾਤ ਵਰਮਾ, ਵੀਰਇੰਦਰ ਘੰਗਰੋਲੀ, ਜਗਵਿੰਦਰ ਪਾਲ ਸ਼ਰਮਾ, ਬਲਵੰਤ ਪ੍ਰੀਤ, ਅਵਤਾਰ ਸਿੰਘ ਤਰਖਾਣ ਮਾਜਰਾ, ਸਤਪਾਲ ਸਮਾਨਵੀ, ਬਲਵੰਤ ਬੱਲੀ, ਸਰਪੰਚ ਬਚਿੱਤਰ ਸਿੰਘ ਬਾਦਸ਼ਾਹਪੁਰ,ਗੁਰਨਿਸ਼ਾਨ ਸਿੰਘ, ਡਾਕਟਰ ਵਿਕਾਸ, ਤਜਿੰਦਰ ਸਿੰਘ, ਡਾਕਟਰ ਪਰਮਿੰਦਰ ਕਕਰਾਲਾ, ਭਾਗ ਸਿੰਘ ਛੀਨਾ, ਗੁਰਪ੍ਰੀਤ ਕੌਰ ਛੀਨਾ, ਅੰਮ੍ਰਿਤਪਾਲ ਬਰਾੜ, ਕੋਮਲ ਸਮਾਣਾ, ਲਛਮਣ ਅਨਮੋਲ, ਡਾਕਟਰ ਕਰਨੈਲ ਸਿੰਘ ਕਮਲ, ਇੰਦਰ ਪਰਵਾਜ਼, ਬੱਗਾ ਨਿਜਾਮਣੀ ਵਾਲਾ, ਗੋਲਡੀ ਸ਼ਾਮਿਲ ਹੋਏ। ਇਸ ਮੌਕੇ ਹਾਜ਼ਰ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਦੇ ਨਾਲ ਭਰਵੀਂ ਹਾਜ਼ਰੀ ਲਗਵਾਈ। ਮੰਚ ਸੰਚਾਲਨ ਤਰਲੋਚਨ ਮੀਰ ਨੇ ਕੀਤਾ।ਅਖੀਰ ਦੇ ਵਿੱਚ ਡਾਕਟਰ ਕੌਂਕੇ ਨੂੰ ਪੰਜਾਬੀ ਲੇਖਕ ਸਭਾ ਸਮਾਣਾ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਲਈ ਬਜਟ ਨਿਰਾਸ਼ਾਜਨਕ : ਨੂਰ ਔਲਖ਼

ਧੂਰੀ, 2 ਫ਼ਰਵਰੀ (ਰਾਜੇਸ਼ਵਰ ਪਿੰਟੂ): 'ਆਪ' ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ਼ ਨੇ ਕੇਂਦਰੀ ਬਜਟ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਅੱਖੋਂ-ਪਰੋਖੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕਿਸਾਨ-ਪੱਖੀ ਹੋਣ ਦੇ ਦਾਅਵੇ ਪੂਰੀ ਤਰ੍ਹਾਂ ਖੋਖਲੇ ਸਾਬਤ ਹੋਏ ਹਨ, ਕਿਉਂਕਿ ਖੇਤੀ ਪ੍ਰਧਾਨ ਰਾਜਾਂ ਲਈ ਬਜਟ ਵਿੱਚ ਕੋਈ ਵੀ ਰਾਹਤਕਾਰੀ ਐਲਾਨ ਨਹੀਂ ਕੀਤਾ ਗਿਆ।



ਨੂਰ ਔਲਖ਼ ਨੇ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਕਿ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ, ਮੰਡੀ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ, ਜਿਸ ਕਾਰਨ ਪੰਜਾਬ ਵਰਗੇ ਖੇਤੀ ਅਧਾਰਿਤ ਸੂਬਿਆਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਪੇਟ ਭਰਨ ਵਾਲੇ ਕਿਸਾਨਾਂ ਲਈ ਖੁਰਾਕ ਸੁਰੱਖਿਆ ਪ੍ਰਣਾਲੀ ਵਿੱਚ ਨਿਵੇਸ਼ ਕਰਨਾ ਸਰਕਾਰ ਦੀ ਤਰਜੀਹ ਨਹੀਂ ਰਿਹਾ। ਬਜਟ ਵਿੱਚ ਕੀਮਤੀ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਦੇ ਤਰੀਕੇ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਦਾ ਰਵੱਈਆ ਪੱਖਪਾਤੀ ਹੈ। ਜਿੱਥੇ ਬਜਟ ਵਿੱਚ ਨਾਰੀਅਲ, ਕਾਜੂ, ਚੰਦਨ ਤੇ ਡਰਾਈ ਫਰੂਟਸ ਵਰਗੀਆਂ ਫ਼ਸਲਾਂ ਦਾ ਜ਼ਿਕਰ ਹੈ, ਉੱਥੇ ਉੱਤਰੀ ਭਾਰਤ ਦੀਆਂ ਖੇਤੀ-ਜਲਵਾਯੂ ਹਾਲਤਾਂ ਦੇ ਅਨੁਕੂਲ ਫ਼ਸਲਾਂ ਲਈ ਕੋਈ ਵਿਸ਼ੇਸ਼ ਯੋਜਨਾ ਨਹੀਂ ਲਿਆਂਦੀ ਗਈ। ਇਸ ਨਾਲ ਉੱਤਰੀ ਭਾਰਤ ਦੇ ਕਿਸਾਨਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅੰਨਦਾਤੇ ਨੇ ਹਮੇਸ਼ਾ ਦੇਸ਼ ਦੀ ਖੁਰਾਕੀ ਲੋੜਾਂ ਨੂੰ ਪੂਰਾ ਕੀਤਾ ਹੈ, ਇਸ ਲਈ ਉਹ ਸਿਰਫ਼ ਖੋਖਲੇ ਨਾਅਰਿਆਂ ਦੇ ਨਹੀਂ, ਸਗੋਂ ਅਸਲ ਸਨਮਾਨ, ਸਹਿਯੋਗ ਤੇ ਵਾਜਬ ਸਰਕਾਰੀ ਨਿਵੇਸ਼ ਦੇ ਹੱਕਦਾਰ ਹਨ।

# ਵਾਰਦਾਤ ਦੀ ਫਿਰਾਕ 'ਚ ਘੁੰਮ ਰਿਹਾ ਮੁਲਜ਼ਮ ਹਥਿਆਰਾਂ ਸਮੇਤ ਕਾਬੂ

ਬਠਿੰਡਾ, 2 ਫਰਵਰੀ (ਦੀਪਕ ਸ਼ਰਮਾ): ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਘੁੰਮ ਰਹੇ ਇੱਕ ਮੁਲਜ਼ਮ ਨੂੰ ਬਠਿੰਡਾ ਪੁਲਿਸ ਨੇ ਨਜਾਇਜ਼ ਅਸਲੇ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਕਥਿਤ ਦੋਸ਼ੀ ਕੋਲੋਂ ਬੱਤੀ ਬੋਰ ਦਾ ਦੇਸੀ ਪਿਸਤੌਲ ਅਤੇ ਦੋ ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਮੁਲਜ਼ਮ ਖਿਲਾਫ ਥਾਣਾ ਸੰਗਤ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਵੇਰਵੇ ਦਿੰਦਿਆਂ ਡੀ.ਐੱਸ.ਪੀ. ਸੰਦੀਪ ਭਾਟੀ ਨੇ ਦੱਸਿਆ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਗੈਂਗਸਟਰਾਂ ਦੇ ਖਿਲਾਫ ਮੁਹਿੰਮ ਚਲਾਈ ਗਈ ਹੈ ਜਿਸ ਦੇ ਤਹਿਤ ਐੱਸ.ਐੱਸ.ਪੀ. ਜਯੋਤੀ ਯਾਦਵ ਦੀ ਅਗਵਾਈ ਵਿੱਚ ਤੇ ਐਸਪੀਡੀ ਜਸਮੀਤ ਸਿੰਘ ਸਾਹੀਵਾਲ ਦੇ ਦਿਸ਼ਾ ਨਿਰਦੇਸ਼ਾਂ ਤੇ ਸੀ.ਆਈ.ਏ. ਸਟਾਫ਼-1 ਦੇ ਏ.ਐੱਸ.ਆਈ ਗੁਰਪ੍ਰੀਤ ਸਿੰਘ ਦੀ ਟੀਮ ਰੋਜ਼ਾਨਾ ਦੀ ਗਸ਼ਤ ਦੌਰਾਨ ਜਦ ਸੰਗਤ ਕਲਾਂ ਪੈਟਰੋਲ ਪੰਪ ਦੇ ਕੋਲ ਪਹੁੰਚੀ ਤਾਂ ਇੱਕ ਨੌਜਵਾਨ ਨੂੰ ਸ਼ੱਕ ਦੇ ਅਧਾਰ ਤੇ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 32 ਬੋਰ ਦੇ ਦੋ ਪਿਸਤੌਲ, ਦੋ ਮੈਗਜ਼ੀਨ, ਦੋ ਰੌਂਦ ਬਰਾਮਦ ਕੀਤੇ ਗਏ।



ਡੀਐਸਪੀ ਅਨੁਸਾਰ ਕਥਿਤ ਦੋਸ਼ੀ ਦੀ ਪਛਾਣ ਆਕਾਸ਼ ਵਾਸੀ ਪਿੰਡ ਸੰਗਤ ਕਲਾਂ ਵਜੋਂ ਹੋਈ ਹੈ। ਮੁਲਜਮ ਨੂੰ ਮੌਕੇ ਤੇ ਹੀ ਗ੍ਰਿਫਤਾਰ ਕਰਕੇ ਥਾਣਾ ਸੰਗਤ ਵਿਖੇ ਅਸਲਾ ਐਕਟ ਦੇ ਅਧੀਨ ਕੇਸ ਦਰਜ ਕੀਤਾ ਗਿਆ ਹੈ। ਡੀਐਸਪੀ ਨੇ ਦੱਸਿਆ ਕਿ ਮੁਢਲੀ ਪੜਤਾਲ ਵਿੱਚ ਸਾਹਮਣੇ ਆਇਆ ਕਥਿਤ ਦੋਸ਼ੀ ਦੇ ਖਿਲਾਫ ਇਸ ਤੋਂ ਪਹਿਲਾਂ ਵੀ ਲੜਾਈ ਝਗੜੇ ਦਾ ਮਾਮਲਾ ਦਰਜ ਹੈ। ਜਿਸ ਤੇ ਉਹ ਜਮਾਨਤ ਤੇ ਜੇਲ ਵਿੱਚੋਂ ਬਾਹਰ ਆਇਆ ਹੋਇਆ ਹੈ। ਡੀ.ਐੱਸ. ਪੀ. ਨੇ ਦੱਸਿਆ ਕਿ ਕਥਿਤ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਕਿ ਪਤਾ ਲਗਾਇਆ ਜਾ ਸਕੇ ਕੀ ਉਹ ਇਸ ਨਜਾਇਜ਼ ਅਸਲੇ ਨਾਲ ਹੋਰ ਵਾਰਦਾਤਾਂ ਵੀ ਕਰ ਚੁੱਕਾ, ਅਤੇ ਉਸ ਨੇ ਹੁਣ ਇਸ ਅਸਲੇ ਦੀ ਵਰਤੋਂ ਕਿੱਥੇ ਕਰਨੀ ਸੀ? ਉਹ ਅਸਲਾ ਕਿੱਥੋਂ ਖਰੀਦ ਕੇ ਲੈ ਕੇ ਆਇਆ ਸੀ ਅਤੇ ਉਸ ਨਾਲ ਹੋਰ ਕਿੰਨੇ ਵਿਅਕਤੀ ਇਸ ਮਾਮਲੇ ਵਿੱਚ ਸ਼ਾਮਲ ਹਨ।

# ਜੇਲ੍ਹ 'ਚੋਂ ਆਉਂਦੇ ਸਾਰ ਹੀ ਮੁੜ ਸ਼ੁਰੂ ਕੀਤੀ ਨਸ਼ਾ ਤਸਕਰੀ, 128 ਗ੍ਰਾਮ ਹੈਰੋਇਨ ਸਮੇਤ ਕਾਬੂ

ਬਠਿੰਡਾ, 2 ਫਰਵਰੀ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਇੱਕ ਅਜਿਹੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਨਸ਼ਾ ਤਸਕਰੀ ਦੇ ਗੰਭੀਰ ਦੋਸ਼ਾਂ ਹੇਠ ਪਹਿਲਾਂ ਹੀ ਜੇਲ੍ਹ 'ਚ ਬੰਦ ਸੀ, ਪਰ ਜ਼ਮਾਨਤ 'ਤੇ ਬਾਹਰ ਆਉਂਦੇ ਹੀ ਉਸ ਨੇ ਫਿਰ ਤੋਂ ਨਸ਼ੇ ਦੀ ਸਪਲਾਈ ਸ਼ੁਰੂ ਕਰ ਦਿੱਤੀ। ਕਥਿਤ ਦੋਸ਼ੀ ਕੋਲੋਂ 128 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਪੁਲਿਸ ਅਨੁਸਾਰ ਕਥਿਤ ਦੋਸ਼ੀ ਖਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਨਸ਼ਾ ਤਸਕਰੀ ਦੇ ਤਿੰਨ ਮੁਕੱਦਮੇ ਦਰਜ ਹਨ। ਇਸ ਸਬੰਧੀ ਡੀ.ਐੱਸ.ਪੀ. ਸੰਦੀਪ ਭਾਟੀ ਨੇ ਦੱਸਿਆ ਕਿ



ਐੱਸ.ਐੱਸ.ਪੀ. ਜਯੋਤੀ ਯਾਦਵ ਦੇ ਹੁਕਮਾਂ ਅਨੁਸਾਰ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਸੀ.ਆਈ.ਏ. ਸਟਾਫ਼-1 ਦੇ ਏ.ਐੱਸ.ਆਈ. ਜਗਦੇਵ ਸਿੰਘ ਪੁਲਿਸ ਪਾਰਟੀ ਸਮੇਤ ਰੋਜ਼ਾਨਾ ਦੀ ਗਸ਼ਤ 'ਤੇ ਸਨ। ਜਦੋਂ ਉਹ ਜਲੇਬੀ ਚੌਂਕ ਨੇੜੇ ਪਹੁੰਚੇ ਤਾਂ ਸ਼ੱਕ ਦੇ ਅਧਾਰ 'ਤੇ ਇੱਕ ਨੌਜਵਾਨ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 128 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

ਫੜੇ ਗਏ ਵਿਅਕਤੀ ਦੀ ਪਛਾਣ ਸੰਤ ਰਾਮ ਉਰਫ਼ ਸੁੱਖਾ ਵਾਸੀ ਪੱਕਾ ਕਲਾਂ ਵਜੋਂ ਹੋਈ ਹੈ। ਡੀ.ਐੱਸ. ਪੀ. ਨੇ ਅੱਗੇ ਦੱਸਿਆ ਕਿ ਸੰਤ ਰਾਮ ਦਾ ਪਿਛੋਕੜ ਵੀ ਅਪਰਾਧਿਕ ਰਿਹਾ ਹੈ। ਉਸ ਵਿਰੁੱਧ ਪਹਿਲਾਂ ਹੀ ਥਾਣਾ ਰਾਮਾ, ਥਾਣਾ ਸੰਗਤ ਤੇ ਥਾਣਾ ਨੰਦਗੜ੍ਹ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਤਿੰਨ ਪਰਚੇ ਦਰਜ ਹਨ ਅਤੇ ਉਹ ਹਾਲ ਹੀ ਵਿੱਚ ਜੇਲ੍ਹ ਵਿੱਚੋਂ ਜਮਾਨਤ 'ਤੇ ਆਇਆ ਸੀ। ਪੁਲਿਸ ਵੱਲੋਂ ਹੁਣ ਥਾਣਾ ਸਿਵਲ ਲਾਈਨ ਵਿਖੇ ਮੁਕੱਦਮਾ ਨੰਬਰ 27 ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਡੀਐਸਪੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ। ਰਿਮਾਂਡ ਦੌਰਾਨ ਇਹ ਪਤਾ ਲਗਾਇਆ ਜਾਵੇਗਾ ਕਿ ਉਹ ਇਹ ਨਸ਼ਾ ਕਿੱਥੋਂ ਲੈ ਕੇ ਆਇਆ ਸੀ ਤੇ ਅੱਗੇ ਕਿਹੜੇ-ਕਿਹੜੇ ਇਲਾਕਿਆਂ ਵਿੱਚ ਸਪਲਾਈ ਕਰਨਾ ਸੀ। ਉਸ ਤੋਂ ਇਲਾਵਾ ਹੋਰ ਕਿੰਨੇ ਵਿਅਕਤੀ ਉਸ ਨਾਲ ਕੰਮ ਕਰ ਰਹੇ ਹਨ। ਡੀਐਸਪੀ ਨੇ ਦੱਸਿਆ ਕਿ ਉਸ ਦਾ ਡੋਪ ਟੈਸਟ ਵੀ ਕਰਵਾਇਆ ਜਾਵੇਗਾ ਤਾਂ ਜੋ ਇਹ ਪਤਾ ਲੱਗ ਸਕੇ ਕਿ ਉਹ ਖੁਦ ਵੀ ਨਸ਼ੇ ਦਾ ਸੇਵਨ ਕਰਦਾ ਹੈ ਜਾਂ ਨਹੀਂ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ ਅੱਜ ਤੋਂ ਲੱਗਣਗੇ ਕੈਂਪ : ਡੀ.ਸੀ.

## ਯੋਜਨਾ ਤਹਿਤ 10 ਲੱਖ ਰੁਪਏ ਤਕ ਦੇ ਇਲਾਜ ਦੀ ਸਹੂਲਤ : ਪਰਮਿੰਦਰ ਭੰਗੂ




ਬਰਨਾਲਾ, 2 ਫਰਵਰੀ (ਬਘੇਲ ਸਿੰਘ ਧਾਲੀਵਾਲ): ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਿਹਤ ਕਾਰਡ ਬਣਾਉਣ ਲਈ ਵੱਖ -ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੈਂਪ ਭਲਕੇ ਤੋਂ ਲਾਏ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐੱਸ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਚ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਦੌਰਾਨ ਜ਼ਿਲ੍ਹੇ ਦੇ ਪਿੰਡ ਬਡਬਰ, ਬਰਨਾਲਾ ਵਾਰਡ ਨੰਬਰ 7, ਬਰਨਾਲਾ ਦੇ ਹੰਡਿਆਇਆ ਵਾਰਡ ਨੰਬਰ 11, ਭੱਦਲਵੱਢ, ਭਗਤਪੁਰਾ (ਮੌੜ ਨਾਭਾ), ਭੈਣੀ ਫੱਤਾ, ਭੋਤਨਾ, ਛਾਪਾ, ਦੀਪਗੜ੍ਹ, ਧੂਰਕੋਟ, ਗਹਿਲ, ਕੁਤਬਾ, ਨੈਣੇਵਾਲ, ਨਿਹਾਲੂਵਾਲ, ਪੱਖੋਂ ਕਲਾਂ, ਪੰਧੇਰ, ਸਹਿਜੜਾ, ਸੇਖਾ ਤੇ ਠੁੱਲੀਵਾਲ ਵਿਚ ਭਲਕੇ 3 ਫਰਵਰੀ ਤੋਂ ਕੈਂਪ ਲਾਏ ਜਾਣਗੇ। ਉਨ੍ਹਾਂ ਸਬੰਧਤ ਐੱਸਡੀਐੱਮਜ਼ ਅਤੇ ਬੀਡੀਪੀਓਜ਼ ਨੂੰ ਸਬੰਧਤ ਪਿੰਡਾਂ ਅਤੇ ਵਾਰਡਾਂ ਵਿੱਚ ਅਨਾਊਂਸਮੈਂਟ ਕਰਾਉਣ ਅਤੇ ਹੋਰ ਪੁਖ਼ਤਾ ਪ੍ਰਬੰਧਾਂ ਦੀ ਹਦਾਇਤ ਕੀਤੀ, ਤਾਂ ਜੋ ਸਾਰੇ ਯੋਗ ਵਿਅਕਤੀ ਇਸ ਸਕੀਮ ਦਾ ਲਾਹਾ ਲੈ ਸਕਣ ਅਤੇ ਉਨ੍ਹਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਭੰਗੂ ਨੇ ਕਿਹਾ ਕਿ ਇਹ ਸਿਹਤ ਯੋਜਨਾ 22 ਜਨਵਰੀ ਤੋਂ ਪੂਰੇ ਪੰਜਾਬ ਵਿੱਚ ਲਾਗੂ ਹੋ ਚੁੱਕੀ ਹੈ। ਇਸ ਯੋਜਨਾ ਤਹਿਤ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕੀਤਾ ਜਾ ਰਿਹਾ ਹੈ, ਜਿਸ ਨਾਲ ਕਰੀਬ 3 ਕਰੋੜ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸੂਬੇ ਵਿੱਚ 900 ਦੇ ਕਰੀਬ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲ ਸੂਚੀਬੱਧ ਕੀਤੇ ਗਏ ਹਨ ਅਤੇ 2356 ਇਲਾਜ ਪੈਕੇਜ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਸਬੰਧਤ ਵਿਅਕਤੀ ਅਪੁਆਇੰਟਮੈਂਟ ਸਲਿੱਪ ਦਿੱਤੀ ਜਾਵੇਗੀ ਅਤੇ ਇਸ ਮਗਰੋਂ ਕਾਰਡ ਲਈ ਰਜਿਸਟ੍ਰੇਸ਼ਨ ਕੀਤੀ ਜਾਵੇਗੀ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਿਹਤ ਕਾਰਡ ਬਣਾਉਣ ਲਈ 18 ਸਾਲ ਤੋਂ ਉੱਪਰ (ਬਾਲਗ) ਵਿਅਕਤੀ ਲਈ ਆਧਾਰ ਕਾਰਡ ਅਤੇ ਵੋਟਰ ਕਾਰਡ ਜ਼ਰੂਰੀ ਹੈ ਅਤੇ 18 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਜਨਮ ਸਰਟੀਫਿਕੇਟ ਅਤੇ ਆਧਾਰ ਕਾਰਡ ਲੋੜੀਂਦਾ ਹੈ, ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹਰਜਿੰਦਰ ਸਿੰਘ ਬੇਦੀ ਆਈ ਏ ਐੱਸ ਨੇ ਦੱਸਿਆ ਕਿ ਇਸ ਸਬੰਧੀ ਸਟਾਫ਼ ਨੂੰ ਟ੍ਰੇਨਿੰਗ ਵੀ ਦਿੱਤੀ ਜਾ ਰਹੀ ਹੈ ਤਾਂ ਜੋ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਐੱਸਡੀਐੱਮ ਬਰਨਾਲਾ ਡਾ. ਅਜੀਤਪਾਲ ਸਿੰਘ ਚਹਿਲ, ਐੱਸ ਡੀ ਐਮ ਤਪਾ ਆਯੂਸ਼ ਗੋਇਲ, ਐੱਸ ਡੀ ਮਹਿਲ ਕਲਾਂ ਬੇਅੰਤ ਸਿੰਘ ਸਿੱਧੂ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਗੁਰਮਿੰਦਰ ਕੌਰ ਔਜਲਾ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸ਼ਵਿੰਦਰ ਸਿੰਘ, ਮੈਂਬਰ ਜ਼ਿਲ੍ਹਾ ਯੋਜਨਾ ਬੋਰਡ ਇਸ਼ਵਿੰਦਰ ਸਿੰਘ ਜੰਡੂ, ਯੂਥ ਆਗੂ ਸਾਹਿਲ ਬਾਂਸਲ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਮੌਜੂਦ ਸਨ।

# ਬਰਨਾਲਾ ਦੇ ਹਿਮਾਂਕ ਨੇ ਬਣਾਇਆ ਵਿਸ਼ਵ ਰਿਕਾਰਡ, ਮੀਤ ਹੇਅਰ ਨੇ ਦਿੱਤੀ ਮੁਬਾਰਕਬਾਦ



ਬਰਨਾਲਾ, 2 ਫਰਵਰੀ (ਬਘੇਲ ਸਿੰਘ ਧਾਲੀਵਾਲ) : ਬਰਨਾਲਾ ਦੇ ਵਸਨੀਕ 14 ਸਾਲਾ ਹੋਣਹਾਰ ਵਿਦਿਆਰਥੀ ਹਿਮਾਂਕ ਗਰਗ ਨੇ ਅੰਤਰਰਾਸ਼ਟਰੀ ਰਿਕਾਰਡ ਪੁਸਤਕ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਬਰਨਾਲਾ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਲੋਕ ਸਭਾ ਮੈਂਬਰ ਸੰਗਰੂਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਹਿਮਾਂਕ ਗਰਗ ਨਾਲ ਮੁਲਾਕਾਤ ਕਰਕੇ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਬਰਨਾਲਾ ਨੇ ਹਿਮਾਂਕ ਨੇ ਵਿਸ਼ਵ ਰਿਕਾਰਡ ਬਣਾ ਨੇ ਸਿਰਫ਼ ਬਰਨਾਲਾ ਦਾ ਨਹੀਂ, ਸਗੋਂ ਪੂਰੇ ਪੰਜਾਬ ਦਾ ਨਾਮ ਵਧਾਇਆ ਹੈ। ਹਿਮਾਂਕ ਗਰਗ ਨੇ ਸਿਰਫ਼ 43.05 ਸਕਿੰਟਾਂ ਵਿੱਚ ਚਾਰ ਅੰਕਾਂ ਨੂੰ ਦੋ ਅੰਕਾਂ ਨਾਲ ਭਾਗ ਦੇ 50 ਪ੍ਰਸ਼ਨ ਹੱਲ ਕਰਕੇ ਭਾਗ ਦੇ ਪ੍ਰਸ਼ਨ ਸਭ ਤੋਂ ਤੇਜ਼ ਹੱਲ ਕਰਨ ਦਾ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਹਿਮਾਂਕ ਗਰਗ ਦੇ ਪਿਤਾ ਸੰਜੀਵ ਗਰਗ, ਮਾਤਾ ਸ੍ਰੀਮਤੀ ਰਿਤੂ, ਅਧਿਆਪਕ ਅਸ਼ੀਸ਼ ਸਿੰਗਲਾ ਸਮੇਤ ਸਾਰੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਜ਼ਿਕਰਯੋਗ ਹੈ ਕਿ 14 ਸਾਲਾ ਹਿਮਾਂਕ ਗਰਗ ਵਾਈ ਐੱਸ ਸਕੂਲ ਵਿੱਚ 10ਵੀਂ ਦਾ ਵਿਦਿਆਰਥੀ ਹੈ ਅਤੇ ਨਾਲ ਐਬੇਕਸ (ਮੈਂਟਲ ਮੈਥ) ਦੀ ਕੋਚਿੰਗ ਲੈ ਰਿਹਾ ਹੈ। ਹਿਮਾਂਕ ਗਰਗ ਦਾ ਕਹਿਣਾ ਹੈ ਕਿ ਉਸ ਦੀ ਮਿਹਨਤ ਜਾਰੀ ਹੈ ਅਤੇ ਉਹ ਹੁਣ ਗਿੰਨੀਜ਼ ਵਿਸ਼ਵ ਰਿਕਾਰਡ ਲਈ ਤਿਆਰੀ ਕਰ ਰਿਹਾ ਹੈ।

# ਗੁਟਖਾ, ਪਾਨ ਮਸਾਲਾ ਅਤੇ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਰਾਹੀਂ ਬਾਰ ਹੋਟਲਾਂ/ਰੈਸਟੋਰੈਂਟਾਂ 'ਚ ਵੇਚਣ/ਸਰਵ ਕਰਨ 'ਤੇ ਪਾਬੰਦੀ

ਬਰਨਾਲਾ, 2 ਫ਼ਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਨੇ ਜ਼ਿਲ੍ਹਾ ਬਰਨਾਲਾ ਦੀ ਹੱਦ ਅੰਦਰ ਗੁਟਖਾ, ਪਾਨ ਮਸਾਲਾ ਅਤੇ ਖਾਣ-ਪੀਣ ਵਾਲੀਆਂ ਹੋਰ ਚੀਜ਼ਾਂ, ਜਿਨ੍ਹਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਤੋਂ ਬਣੇ ਵੱਖ-ਵੱਖ ਖਾਣ-ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਬਾਰ/ਹੁੱਕਾ ਬਾਰ, ਹੋਟਲ/ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਸਰਵ ਕਰਨ ਅਤੇ ਹੁੱਕਾ ਬਾਰ ਚਲਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਇਸੇ ਤਰ੍ਹਾਂ ਹੀ ਜਾਰੀ ਇੱਕ ਹੋਰ ਹੁਕਮ ਵਿੱਚ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕਿਹਾ ਗਿਆ ਹੈ ਕਿ ਅਣ-ਅਧਿਕਾਰਤ ਤੌਰ 'ਤੇ ਵੇਚੇ/ਖ੍ਰੀਦੇ ਜਾ ਰਹੇ ਸੀਮਨ ਦੀ ਵਰਤੋਂ ਕਰਨਾ ਰਾਜ ਦੀ ਬਰੀਡਿੰਗ ਪਾਲਿਸੀ ਅਨੁਸਾਰ ਉਚਿਤ ਨਹੀਂ ਹੈ ਕਿਉਂਕਿ ਅਜਿਹਾ ਕਰਨ ਨਾਲ ਰਾਜ ਦੇ ਪਸ਼ੂ ਧੰਨ ਦੀ ਪ੍ਰੋਡਕਟੀਵਿਟੀ ਤੇ ਵੀ ਮਾੜਾ ਅਸਰ ਪੈ ਸਕਦਾ ਹੈ ਅਤੇ ਇਸ ਅਸਰ ਦਾ ਤੁਰੰਤ ਪਤਾ ਨਹੀਂ ਲੱਗ ਸਕਦਾ, ਬਲਕਿ ਆਉਣ ਵਾਲੇ ਸਮੇਂ ਤੋਂ ਪਸ਼ੂਆਂ ਦੀ ਨਸਲ ਸੁਧਾਰ ਲਈ ਕੀਤੇ ਜਾਣ ਵਾਲੇ ਸਮੁੱਚੇ ਉਪਰਾਲੇ ਬੇਕਾਰ ਹੋ ਜਾਣਗੇ, ਕਿਉਂਕਿ ਵਿਭਾਗ ਦੁਆਰਾ ਭਾਰਤ ਸਰਕਾਰ ਦੇ ਮਾਪਦੰਡਾਂ ਅਤੇ ਰਾਜ ਵਿੱਚ ਬਰੀਡਿੰਗ ਪਾਲਿਸੀ ਅਨੁਸਾਰ ਹੀ ਆਪਣੇ ਲਾਈਵਸਟਾਕ ਫਾਰਮਜ਼ ਤੇ ਉਤਮ ਨਸਲ ਦੇ ਬੁੱਲਜ ਤੋਂ ਤਿਆਰ ਕੀਤਾ ਗਿਆ ਸੀਮਨ ਮਨਸੂਈ ਗਰਭਦਾਨ ਲਈ ਵਰਤਿਆ ਜਾਂਦਾ ਹੈ ਅਤੇ ਇਸੇ ਅਨੁਸਾਰ ਹੀ ਸੀਮਨ ਇੰਪੋਰਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਣ-ਅਧਿਕਾਰਤ ਸੀਮਨ ਵੇਚਣਾ ਇੱਕ ਅਤਿ ਗੰਭੀਰ ਮਾਮਲਾ ਹੈ, ਜਿਸ ਦਾ ਫੌਰੀ ਹੱਲ ਕਰਨਾ ਬਹੁਤ ਲਾਜ਼ਮੀ ਹੈ। ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਬਰਨਾਲਾ ਅੰਦਰ ਅਣ-ਅਧਿਕਾਰਤ ਤੌਰ 'ਤੇ ਸੀਮਨ ਦਾ ਭੰਡਾਰਨ ਕਰਨ/ਟਰਾਂਸਪੋਰੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਪੂਰਨ ਰੋਕ ਲਗਾਈ ਜਾਂਦੀ ਹੈ ਪ੍ਰੰਤੂ ਇਹ ਆਦੇਸ਼ ਪਸ਼ੂ ਵਿਕਾਸ ਅਤੇ ਪੰਚਾਇਤਾਂ, ਪੰਜਾਬ ਦੀਆਂ ਸਮੂਹ ਵੈਟਰਨਰੀ ਸੰਸਥਾਵਾਂ ਸਮੇਤ ਪਸ਼ੂ ਹਸਪਤਾਲ/ਪਸ਼ੂ ਡਿਸਪੈਂਸਰੀਆ ਅਤੇ ਪੋਲੀਕਲੀਨਿਕ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਅਧੀਨ ਚੱਲ ਰਹੇ ਪਸ਼ੂ ਰੂਰਲ ਵੈਟਰਨਰੀ ਹਸਪਤਾਲਾਂ ਨੂੰ ਜੋ ਕਿ ਪਸ਼ੂ ਪਾਲਣ ਵਿਭਾਗ, ਪੰਜਾਬ ਵੱਲੋਂ ਸਪਲਾਈ ਕੀਤੇ ਸੀਮਨ ਨੂੰ ਵਰਤ ਰਹੇ ਹਨ, ਪਸ਼ੂ ਪਾਲਣ ਵਿਭਾਗ, ਪੰਜਾਬ ਮਿਲਕਫੈਡ ਅਤੇ ਕਾਲਜ ਆਫ਼ ਵੈਟਰਨਰੀ ਸਾਇੰਸ, ਗਡਵਾਸੂ, ਲੁਧਿਆਣਾ ਵੱਲੋਂ ਚਲਾਏ ਜਾ ਰਹੇ ਆਰਟੀਫੀਸ਼ਲ ਇਨਸੈਮੀਨੇਸ਼ਨ ਸੈਂਟਰ, ਕੋਈ ਹੋਰ ਆਰਟੀਫੀਸ਼ਲ ਇਨਸੈਮੀਨੇਸ਼ਨ ਸੈਂਟਰ, ਜੋ ਕਿ ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਪ੍ਰੋਸੈਸ ਅਤੇ ਸਪਲਾਈ ਜਾਂ ਇੰਪੋਰਟ ਕੀਤੇ ਜਾ ਰਹੇ ਬੋਵਾਇਨ ਸੀਮਨ ਨੂੰ ਵਰਤ ਰਹੇ ਹਨ ਅਤੇ ਪ੍ਰੋਗਰੈਸਿਵ ਡੇਅਰੀ ਫਾਰਮਜ਼ ਐਸੋਸੀਏਸ਼ਨ, ਪੰਜਾਬ ਦੇ ਮੈਂਬਰ, ਜਿਨ੍ਹਾਂ ਨੇ ਕੇਵਲ ਆਪਣੇ ਪਸ਼ੂਆਂ ਦੀ ਵਰਤੋਂ ਲਈ ਬੋਵਾਇਨ ਸੀਮਨ ਇੰਪੋਰਟ ਕੀਤਾ ਹੋਵੇ 'ਤੇ ਲਾਗੂ ਨਹੀਂ ਹੋਣਗੇ। ਜ਼ਿਲ੍ਹਾ ਬਰਨਾਲਾ ਅੰਦਰ ਕਈ ਹੋਟਲ, ਮੈਰਿਜ ਪੈਲੇਸ ਅਤੇ ਰੈਸਟੋਰੈਂਟ ਚੱਲ ਰਹੇ ਹਨ ਜਾਂ ਨਵੇਂ ਬਣਾਏ ਜਾ ਰਹੇ ਹਨ, ਜਿਨ੍ਹਾਂ 'ਚ ਕਈ ਤਰ੍ਹਾਂ ਦੀਆਂ ਤਕਨੀਕੀ ਪੱਖਾਂ ਤੋਂ ਕਮੀਆਂ ਰਹਿ ਜਾਂਦੀਆਂ ਹਨ, ਜੋ ਉਥੇ ਜਾਣ ਵਾਲੀ ਜਨਤਾ ਲਈ ਖ਼ਤਰੇ ਦਾ ਕਾਰਨ ਬਣ ਜਾਂਦੀਆਂ ਹਨ, ਜਿਸ ਨਾਲ ਜਾਨ ਤੇ ਮਾਲ ਦਾ ਨੁਕਸਾਨ ਹੋ ਸਕਦਾ ਹੈ। ਇਸ ਲਈ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹੁਕਮ ਦਿੱਤਾ ਗਿਆ ਹੈ ਜ਼ਿਲ੍ਹਾ ਬਰਨਾਲਾ 'ਚ ਜੋ ਵੀ ਹੋਟਲ, ਮੈਰਿਜ ਪੈਲੇਸ ਅਤੇ ਰੈਸਟੋਰੈਂਟ ਬਣਾਉਣ ਦੇ ਚਾਹਵਾਨ ਹਨ ਜਾਂ ਜੋ ਮੈਰਿਜ ਪੈਲੇਸ, ਹੋਟਲ ਅਤੇ ਰੈਸਟੋਰੈਂਟ ਪਹਿਲਾਂ ਹੀ ਚੱਲ ਰਹੇ ਹਨ। ਉਨ੍ਹਾਂ ਦੇ ਮਾਲਕ ਪੁੱਡਾ/ਟਾਊਨ ਪਲਾਨਰ ਦੇ ਦਫ਼ਤਰ ਵਿੱਚੋਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ। ਇਸ ਪ੍ਰਵਾਨਗੀ ਦੀ ਕਾਪੀ ਆਪੋ-ਆਪਣੇ ਹੋਟਲ, ਮੈਰਿਜ ਪੈਲੇਸ ਅਤੇ ਰੈਸਟੋਰੈਂਟ ਵਿੱਚ ਢੁਕਵੀਂ ਜਗ੍ਹਾ 'ਤੇ ਲਗਾਈ ਜਾਵੇ ਤਾਂ ਜੋ ਕੋਈ ਵੀ ਮੈਜਿਸਟ੍ਰੇਟ ਜਾਂ ਪੁਲਿਸ ਅਧਿਕਾਰੀ, ਜੋ ਕਿ ਐਸ.ਐਚ.ਓ ਜਾਂ ਉਸ ਤੋਂ ਉਚ ਪਦ ਦਾ ਹੋਵੇ ਕਿਸੇ ਸਮੇਂ ਵੀ ਇਨ੍ਹਾਂ ਦਾ ਨਿਰੀਖਣ ਕਰ ਸਕੇ। ਇਹ ਸਾਰੀਆਂ ਪਾਬੰਦੀਆਂ ਮਿਤੀ 14 ਮਾਰਚ 2026 ਤੱਕ ਲਾਗੂ ਰਹਿਣਗੀਆਂ।

# ਆਂਗਣਵਾੜੀ ਵਰਕਰਾਂ ਦੀ ਸਿਖਲਾਈ ਕਰਵਾਈ



ਮਹਿਲ ਕਲਾਂ, 2 ਫ਼ਰਵਰੀ (ਚਮਕੌਰ ਸਿੰਘ ਗੱਗੀ) : ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਰਤਿੰਦਰਪਾਲ ਕੌਰ ਧਾਰੀਵਾਲ ਦੀ ਅਗਵਾਈ ਹੇਠ ਅੱਜ ਜ਼ਿਲ੍ਹਾ ਬਰਨਾਲਾ ਦੇ ਮਹਿਲ ਕਲਾਂ ਬਲਾਕ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਆਂਗਣਵਾੜੀ ਵਰਕਰਾਂ ਦੀ ਪੋਸ਼ਣ ਵੀ ਪੜ੍ਹਾਈ ਵੀ ਦੀ ਟ੍ਰੇਨਿੰਗ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਬੰਧੀ ਸ੍ਰੀਮਤੀ ਰਤਿੰਦਰਪਾਲ ਕੌਰ ਧਾਰੀਵਾਲ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਤੇ ਸੀਡੀਪੀਓ ਸ੍ਰੀ ਹਰਬੰਸ ਸਿੰਘ ਮਹਿਲ ਕਲਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੁੱਖ ਉਦੇਸ਼ ਆਂਗਣਵਾੜੀ ਸੈਂਟਰਾਂ ਵਿੱਚ 0-6 ਸਾਲ ਦੇ ਬੱਚਿਆਂ ਨੂੰ ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ ਸਿੱਖਿਆ ਦੇਣ ਲਈ ਆਂਗਣਵਾੜੀ ਵਰਕਰਜ਼ ਦੇ ਹੁਨਰ ਵਿਚ ਨਿਖ਼ਾਰ ਲਿਆਉਣਾ ਹੈ, ਤਾਂ ਜੋ ਖੇਡ ਗਤੀਵਿਧੀਆਂ ਰਾਹੀਂ ਅਤੇ ਰੌਚਕ ਤਰੀਕੇ ਨਾਲ ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕੇ ਅਤੇ ਸੈਂਟਰਾਂ ਨੂੰ ਲਰਨਿੰਗ ਤੇ ਵਾਈਬਰੇਟਿੰਗ ਸੈਂਟਰਾਂ ਵਜੋਂ ਵਿਕਸਿਤ ਕੀਤਾ ਜਾ ਸਕੇ। ਇਸ ਨੂੰ ਮੁੱਖ ਰੱਖਦੇ ਹੋਏ ਪੋਸ਼ਣ 2.0 ਤਹਿਤ ਆਂਗਣਵਾੜੀ ਵਰਕਰਾਂ ਦੇ ਹੁਨਰ ਦਾ ਨਿਖ਼ਾਰ ਜਿਵੇਂ ਬੱਚਿਆਂ ਦੀ ਚੰਗੀ ਸਿਹਤ, ਚੰਗੇ ਪੋਸ਼ਣ, ਬੱਚਿਆਂ ਦੀ ਸੁਰੱਖਿਆ, ਗੁਣਵੱਤਾ, ਸਰਵਪੱਖੀ ਵਿਕਾਸ ਅਤੇ ਦਿਵਿਆਂਗ ਬੱਚਿਆਂ ਦੇ ਵਿਕਾਸ ਨੂੰ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਸਬੰਧੀ ਟ੍ਰੇਨਿੰਗ ਦਿੱਤੀ ਗਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ 2 ਬੈਚਾਂ ਵਿਚ ਮੁਕੰਮਲ ਕਰਵਾਈ ਜਾਵੇਗੀ, ਜਿਸ ਵਿੱਚ 171 ਵਰਕਰਜ਼ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਸ੍ਰੀਮਤੀ ਭੁਪਿੰਦਰ ਕੌਰ, ਖੁਸ਼ਮਿੰਦਰ ਕੌਰ, ਰਮਨਦੀਪ ਕੌਰ ਤੇ ਅੰਮ੍ਰਿਤਪਾਲ ਕੌਰ ਸੁਪਰਵਾਈਜ਼ਰ ਟ੍ਰੇਨਿੰਗ ਦੌਰਾਨ ਹਾਜ਼ਰ ਸਨ।

# ਸ੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ



ਬਰਨਾਲਾ, 2 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸ੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ, ਬਰਨਾਲਾ ਦੀਆਂ ਵਿਦਿਆਰਥਣਾਂ ਨੇ ਬੀਸੀਏ-ਪਹਿਲੇ ਸਾਲ (ਸਮੈਸਟਰ ਦੂਜਾ) ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ ਹੈ। ਕੋਮਲਪ੍ਰੀਤ ਕੌਰ ਨੇ 81% ਅੰਕਾਂ ਨਾਲ ਪਹਿਲਾ ਸਥਾਨ, ਮੋਨਿਕਾ ਕੰਵਰ ਅਤੇ ਅਲੀਸ਼ਾ ਨੇ 80% ਅੰਕਾਂ ਨਾਲ ਦੂਜਾ ਸਥਾਨ ਅਤੇ ਅਲੀਸ਼ਾ ਰਾਣੀ ਨੇ 79.8% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕਾਰਜਕਾਰੀ ਪ੍ਰਿੰਸੀਪਲ ਡਾ. (ਸ੍ਰੀਮਤੀ) ਸੁਸ਼ੀਲ ਬਾਲਾ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਹਿਰਦ ਯਤਨਾਂ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਕੰਪਿਊਟਰ ਫੈਕਲਟੀ ਦੇ ਮਾਰਗਦਰਸ਼ਨ ਨੂੰ ਦਰਸਾਉਂਦਾ ਹੈ। ਕੰਪਿਊਟਰ ਵਿਭਾਗ ਨੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਅਤੇ ਨਿਰੰਤਰ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ।

# 11 ਰੁਦਰ ਸ਼ਿਵ ਮੰਦਰ ਪੱਥਰਾਂ ਵਾਲੀ ਕਮੇਟੀ ਵੱਲੋਂ ਸਾਲਾਨਾ ਕੈਲੰਡਰ ਜਾਰੀ



ਭਦੌੜ, 2 ਫਰਵਰੀ (ਸੁਖਵਿੰਦਰ ਪਲਾਹਾ) : ਸ੍ਰੀ ਮਹਾਂ ਸ਼ਿਵਰਾਤਰੀ 15 ਫਰਵਰੀ ਦੇ ਪਾਵਨ ਅਵਸਰ ਦੇ ਮੱਦੇਨਜ਼ਰ 11 ਰੁਦਰ ਸ਼ਿਵ ਮੰਦਰ ਪੱਥਰਾਂ ਵਾਲੀ ਪ੍ਰਬੰਧਕ ਕਮੇਟੀ, ਭਦੌੜ ਵੱਲੋਂ ਅੱਜ ਮੰਦਿਰ ਵਿੱਚ ਵਿਸ਼ੇਸ਼ ਸਮਾਗਮ ਦੌਰਾਨ ਆਪਣਾ ਸਾਲਾਨਾ ਧਾਰਮਿਕ ਕੈਲੰਡਰ ਰਿਲੀਜ਼ ਕੀਤਾ।

ਇਸ ਮੌਕੇ ਕਮੇਟੀ ਦੇ ਪ੍ਰਧਾਨ ਹੀਰਾ ਲਾਲ, ਸੀਨੀਅਰ ਵਾਈਸ ਪ੍ਰਧਾਨ ਸੀਤਲ ਕੁਮਾਰ, ਜਨਰਲ ਸਕੱਤਰ ਉਪਿੰਦਰ ਸ਼ਰਮਾ, ਸਹਾਇਕ ਸਕੱਤਰ ਦੀਪਕ ਮਿੱਤਲ, ਖ਼ਜ਼ਾਨਚੀ ਜਗਸੀਰ ਚੰਦ ਅਤੇ ਸਹਾਇਕ ਖ਼ਜ਼ਾਨਚੀ ਵਿਜੇ ਕੁਮਾਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ 15 ਫਰਵਰੀ ਨੂੰ 11 ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਵਿਖੇ ਸ੍ਰੀ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਬੜੀ ਧੂਮ-ਧਾਮ, ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦਿਨ ਮੰਦਿਰ ਵਿਖੇ ਵੱਡਾ ਧਾਰਮਿਕ ਮੇਲਾ ਲਗਾਇਆ ਜਾਵੇਗਾ, ਜਿਸ ਵਿੱਚ ਦੂਰ-ਦੂਰ ਤੋਂ ਸ਼ਰਧਾਲੂ ਨਤਮਸਤਕ ਹੋਣ ਲਈ ਪੁੱਜਣਗੇ ਅਤੇ ਭਗਵਾਨ ਭੋਲੇ ਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਕਮੇਟੀ ਵੱਲੋਂ ਸੰਗਤ ਦੀ ਸਹੂਲਤ ਲਈ ਲੰਗਰ ਦਾ ਪ੍ਰਬੰਧ, ਪਾਰਕਿੰਗ ਦਾ ਪ੍ਰਬੰਧ, ਸੁਰੱਖਿਆ ਪ੍ਰਬੰਧ, ਸਾਫ਼-ਸਫ਼ਾਈ ਬਾਹਰੋਂ ਆਏ ਸ਼ਰਧਾਲੂਆਂ ਲਈ ਰਹਿਣ ਦੇ ਪ੍ਰਬੰਧ ਉਚੇਚੇ ਤੌਰ 'ਤੇ ਕੀਤੇ ਗਏ ਹਨ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਜਾਰੀ ਕੀਤਾ ਗਿਆ ਸਲਾਨਾ ਕੈਲੰਡਰ ਭਗਤਾਂ ਨੂੰ ਮੰਦਰ ਨਾਲ ਜੁੜੀਆਂ ਧਾਰਮਿਕ ਗਤੀਵਿਧੀਆਂ, ਤਿਉਹਾਰਾਂ ਅਤੇ ਸਮਾਗਮਾਂ ਬਾਰੇ ਜਾਣਕਾਰੀ ਦੇਣ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ 11 ਰੁਦਰ ਸ਼ਿਵ ਮੰਦਰ ਪੱਥਰਾਂ ਵਾਲੀ ਵਿਖੇ ਹਰ ਮਹੀਨੇ ਹੋਣ ਵਾਲੇ ਪਵਿੱਤਰ ਤਰੌਦਸੀ ਮੇਲੇ ਦੀਆਂ ਤਰੀਕਾਂ ਵੀ ਦਰਸਾਈਆਂ ਗਈਆਂ ਹਨ । 15 ਫਰਵਰੀ ਨੂੰ ਮਨਾਏ ਜਾਣ ਵਾਲੇ ਮਹਾਂ ਸ਼ਿਵਰਾਤਰੀ ਮੇਲੇ ਦੇ ਸੰਬੰਧ ਵਿੱਚ 9 ਫਰਵਰੀ ਨੂੰ ਵਿਸ਼ਾਲ ਝਾਕੀਆਂ ਕੱਢੀਆਂ ਜਾਣੀਆਂ ਹਨ ਜਿਸ ਵਿੱਚ ਦੇਸ਼ ਵਿਦੇਸ਼ ਦੀਆਂ ਮਸ਼ਹੂਰ ਝਾਕੀ ਪਾਰਟੀਆਂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਜਾਵੇਗੀ ਅਤੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਅਤੇ ਸੜਕਾਂ ਤੇ ਭਗਵਾਨ ਦੀਆਂ ਝਾਕੀਆਂ ਕੱਢੀਆਂ ਜਾਣਗੀਆਂ। ਇਸ ਮੌਕੇ ਅਰੁਣ ਕੁਮਾਰ ਸਿੰਗਲਾ, ਪਵਨ ਕੁਮਾਰ ਪੱਪੂ, ਹੀਰਾ ਲਾਲ ਸਿੰਗਲਾ,ਲਾਲੀ ਸ਼ਰਮਾ,ਕ੍ਰਿਸ਼ਨ ਕੁਮਾਰ ਪੁਰੀ, ਡਾ. ਸੰਜੀਵ ਕੁਮਾਰ, ਪਰਸ਼ੋਤਮ ਕੁਮਾਰ, ਪਰਮੋਦ ਬੋਧੀ, ਨਰੋਤਮ ਘਈ, ਵਰਿੰਦਰ ਬਿੱਟਾ, ਸਾਹਿਲ ਗਰਗ, ਨਰਿੰਦਰ ਕੁਮਾਰ ਸਿੰਟੂ ਸਿੰਗਲਾ, ਲਖਸ਼ ਸਿੰਗਲਾ, ਰਵੀ ਬੱਤਾ, ਦਿਸ਼ੂ ਸਿੰਗਲਾ, ਰਘਵੀਰ ਪ੍ਰਕਾਸ਼, ਵਿਜੈ ਕੁਮਾਰ ਅਤੇ ਲਵਲ ਗਰਗ (ਲਾਲਾ) ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

# ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਦੀ ਬਰਸੀ ਮੌਕੇ ਲਗਾਇਆ ਖ਼ੂਨਦਾਨ ਕੈਂਪ

## 106 ਸੇਵਾਦਾਰਾਂ ਨੇ ਮਾਨਵਤਾ ਦੇ ਭਲੇ ਲਈ ਦਿੱਤਾ ਖ਼ੂਨ



ਬਰਨਾਲਾ, 2 ਫਰਵਰੀ, (ਸੁਖਵਿੰਦਰ ਸਿੰਘ ਭੰਡਾਰੀ) : ਮਾਨਵਤਾ ਦੇ ਰਹਿਬਰ ਅਤੇ ਵਿੱਦਿਆ ਦੇ ਪ੍ਰਸਾਰ ਲਈ ਜੀਵਨ ਅਰਪਣ ਕਰਨ ਵਾਲੇ ਮਹਾਨ ਤਪੱਸਵੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਦੇ ਪਵਿੱਤਰ ਮੌਕੇ 'ਤੇ ਗੁਰਦੁਆਰਾ ਸ੍ਰੀ ਮਸਤੂਆਣਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਬਰਨਾਲਾ ਵੱਲੋਂ ਇੱਕ ਵਿਸ਼ੇਸ਼ ਖ਼ੂਨਦਾਨ ਕੈਂਪ ਦਾ ਆਯੋਜਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਮੁੱਖ ਸੇਵਾਦਾਰ ਜਗਵਿੰਦਰ ਸਿੰਘ ਭੰਡਾਰੀ ਨੇ ਵਿਸ਼ੇਸ਼ ਤੌਰ ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬਾਬਾ ਜੀ ਦੀ ਬਰਸੀ ਨੂੰ ਸਮਰਪਿਤ ਇਹ ਕੈਂਪ ਲਗਾਤਾਰ ਤਿੰਨ ਦਿਨ ਚੱਲਿਆ, ਜਿਸ ਵਿੱਚ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਅਤੇ ਖਾਸ ਕਰਕੇ ਨੌਜਵਾਨਾਂ ਨੇ ਬੜੇ ਚਾਅ ਨਾਲ ਹਿੱਸਾ ਲੈਂਦਿਆਂ ਮਨੁੱਖਤਾ ਦੀ ਸੇਵਾ ਲਈ ਆਪਣਾ ਯੋਗਦਾਨ ਪਾਇਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਦਿਨਾਂ ਦੌਰਾਨ ਕੁੱਲ 106 ਖ਼ੂਨਦਾਨੀਆਂ ਨੇ ਆਪਣਾ ਖ਼ੂਨ ਦਾਨ ਕੀਤਾ, ਜਿਸ ਨਾਲ ਕੁੱਲ 106 ਯੂਨਿਟ ਖ਼ੂਨ ਇਕੱਤਰ ਹੋਇਆ ਹੈ। ਸਤਿਕਾਰ ਸਭਾ ਦੇ ਸੇਵਾਦਾਰਾਂ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਸੇਵਾ ਹੈ, ਕਿਉਂਕਿ ਇੱਕ ਵਿਅਕਤੀ ਦੁਆਰਾ ਦਿੱਤਾ ਗਿਆ ਖ਼ੂਨ ਕਿਸੇ ਲੋੜਵੰਦ ਦੀ ਕੀਮਤੀ ਜਾਨ ਬਚਾ ਸਕਦਾ ਹੈ ਅਤੇ ਸੰਤ ਬਾਬਾ ਅਤਰ ਸਿੰਘ ਜੀ ਦੇ ਦਰਸਾਏ ਮਾਰਗ ਤੇ ਚੱਲਦਿਆਂ ਅਜਿਹੇ ਪਰਉਪਕਾਰੀ ਕਾਰਜ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ। ਕੈਂਪ ਦੌਰਾਨ ਮੈਡੀਕਲ ਟੀਮਾਂ ਵੱਲੋਂ ਪੂਰੀ ਸਾਵਧਾਨੀ ਨਾਲ ਖ਼ੂਨ ਇਕੱਤਰ ਕੀਤਾ ਗਿਆ ਅਤੇ ਖ਼ੂਨਦਾਨ ਕਰਨ ਵਾਲੇ ਸੇਵਾਦਾਰਾਂ ਦਾ ਸਤਿਕਾਰ ਸਭਾ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ, ਤਾਂ ਜੋ ਭਵਿੱਖ ਵਿੱਚ ਵੀ ਨੌਜਵਾਨ ਪੀੜ੍ਹੀ ਅਜਿਹੇ ਸਮਾਜ ਭਲਾਈ ਦੇ ਕੰਮਾਂ ਲਈ ਪ੍ਰੇਰਿਤ ਹੁੰਦੀ ਰਹੇ। ਇਸ ਮੌਕੇ ਧਿਆਨ ਸਿੰਘ, ਰਾਮ ਸਿੰਘ, ਚਮਕੌਰ ਸਿੰਘ, ਹਰਵਿੰਦਰ ਸਿੰਘ, ਇੰਦਰਜੀਤ ਸਿੰਘ, ਬਲਜੀਤ ਸਿੰਘ, ਸੁਰਜੀਤ ਸਿੰਘ ਅਤੇ ਰੱਬੀ ਸਿੰਘ ਧਨੌਲਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕਾਰ ਦੀ ਟੱਕਰ ਨਾਲ ਮਜ਼ਦੂਰ ਜ਼ਖ਼ਮੀ, ਚਾਲਕ ਮੌਕੇ ਤੋਂ ਫ਼ਰਾਰ



ਭਦੌੜ, 2 ਫਰਵਰੀ (ਸੁਖਵਿੰਦਰ ਪਲਾਹਾ) : ਮੋਗਾ ਬਰਨਾਲਾ ਰੋਡ 'ਤੇ ਰਾਹ ਚਲਦੇ ਇੱਕ ਸਾਇਕਲ ਸਵਾਰ ਨੂੰ ਗੱਡੀ ਵਾਲਾ ਫੇਟ ਮਾਰ ਫਰਾਰ ਹੋ ਗਿਆ ਤੇ ਬਜ਼ੁਰਗ ਨੂੰ ਗੰਭੀਰ ਹਾਲਤ ਚ ਬਰਨਾਲਾ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਤੇ ਜਿੱਥੇ ਹਾਲਤ ਗੰਭੀਰ ਦੇਖ਼ਦੇ ਹੋਏ ਬਠਿੰਡਾ ਏਮਜ਼ ਭੇਜਿਆ ਗਿਆ।ਇਹ ਘਟਨਾਕ੍ਰਮ ਸਵੇਰੇ 10 ਤੋਂ 11 ਵਜੇ ਦਰਮਿਆਨ ਵਾਪਰਿਆ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਅੰਮ੍ਰਿਤਪਾਲ ਸਿੰਘ ਸ਼ਹਿਣਾ ਨੇ ਦੱਸਿਆ ਕਿ ਓਹਨਾਂ ਦਾ ਦਾਦਾ ਜੀਤ ਸਿੰਘ ਪੁੱਤਰ ਧੰਨਾ ਸਿੰਘ ਉੱਪਲ ਪੱਤੀ ਸ਼ਹਿਣਾ ਜੋ ਨਰੇਗਾ ਮਜ਼ਦੂਰ ਹੈਅਤੇ ਮੇਰਾ ਦਾਦਾ ਸਾਇਕਲ ਤੇ ਸ਼ਹਿਣੇ ਤੋਂ ਨਾਈਵਾਲ ਜਾ ਰਿਹਾ ਸੀ ਤਾਂ ਪਿੱਛੋਂ ਆ ਕੋਈ ਤੇਜ਼ ਕਾਰ ਸਵਾਰ ਫੇਟ ਮਾਰ ਫਰਾਰ ਹੋ ਗਿਆ। ਜਿਸ ਨੂੰ ਤੁਰੰਤ ਰਾਹਗੀਰਾਂ ਨੇ ਬਰਨਾਲਾ ਸਿਵਲ ਹਸਪਤਾਲ ਭੇਜਿਆ ਤੇ ਸਿਰ ਦੀ ਸੱਟ ਜਿਆਦਾ ਹੋਣ ਕਰਕੇ ਬਾਅਦ ਵਿੱਚ ਬਠਿੰਡਾ ਏਮਜ਼ ਹਸਪਤਾਲ ਰੈਫ਼ਰ ਕਰ ਕੀਤਾ ਗਿਆ। ਸਿਵਲ ਹਸਪਤਾਲ ਦੁਆਰਾ ਰੁੱਕਾ ਸਦਰ ਬਰਨਾਲਾ ਭੇਜਿਆ ਜਾ ਚੁੱਕਾ ਹੈ।

# ਵਾਈ.ਐਸ. ਕਾਲਜ ਦੇ ਨੁੱਕੜ ਨਾਟਕ ਦਾ 48ਵੇਂ ਅਖਿਲ ਭਾਰਤੀ ਥੀਏਟਰ ਫੈਸਟ 'ਚ ਧਮਾਕੇਦਾਰ ਪ੍ਰਦਰਸ਼ਨ



ਬਰਨਾਲਾ, 2 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈਐਸ ਕਾਲਜ, ਸਾਲਾਨਾ ਪ੍ਰਮੁੱਖ ਉਭਰਦੇ ਸੰਸਥਾ ਦੇ ਤੌਰ 'ਤੇ ਪਛਾਣਿਆ ਗਿਆ। 31 ਜਨਵਰੀ ਨੂੰ ਵਾਈ.ਐਸ ਕਾਲਜ, ਹੰਡਿਆਇਆ ਨੇ ਇੱਕ ਵਾਰ ਫਿਰ ਆਪਣਾ ਨਾਮ ਰਾਸ਼ਟਰੀ ਸੱਭਿਆਚਾਰਕ ਮੈਦਾਨ 'ਚ ਉੱਚੇ ਅੱਖਰਾਂ 'ਚ ਲਿਖਵਾਇਆ। ਕਾਲਜ ਨੇ 48ਵੇਂ ਅਖਿਲ ਭਾਰਤੀ ਥੀਏਟਰ ਫੈਸਟ ਵਿੱਚ ਨੁੱਕੜ ਨਾਟਕ ਸ਼੍ਰੇਣੀ ਵਿੱਚ ਸੰਯੁਕਤ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਹ ਉਪਲਬਧੀ ਸਿਰਫ਼ ਅਕਾਦਮਿਕ ਮੁਹੱਤਵ ਨੂੰ ਨਹੀਂ ਬਲਕਿ ਸੱਭਿਆਚਾਰਕ ਤੇ ਰਚਨਾਤਮਕ ਮਹਾਰਤ ਨੂੰ ਵੀ ਦਰਸਾਉਂਦੀ ਹੈ। ਵਾਈ.ਐਸ ਕਾਲਜ ਦੀ ਥੀਏਟਰ ਟੀਮ ਨੇ ਆਪਣੀ ਸ਼ਕਤੀਸ਼ਾਲੀ ਨੁੱਕੜ ਨਾਟਕ ਪ੍ਰਦਰਸ਼ਨ ਰਾਹੀਂ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਸਮਾਜਿਕ ਸੁਨੇਹੇ, ਪ੍ਰਭਾਵਸ਼ਾਲੀ ਸੰਵਾਦ, ਸੁਚੱਜੀ ਕੋਆਰਡੀਨੇਸ਼ਨ ਸਿੰਘ ਨੂੰ ਬੈਸਟ ਮੇਲ ਆਰਟੀਸਟ ਦਾ ਇਨਾਮ ਮਿਲਿਆ, ਜਦਕਿ ਸਿਮਰਨਜੀਤ ਕੌਰ ਨੇ ਬੈਸਟ ਫੀਮੇਲ ਆਰਟੀਸਟ ਦਾ ਸਨਮਾਨ ਪ੍ਰਾਪਤ ਕੀਤਾ। ਦੋਹਾਂ ਦੀ ਸ਼ਾਨਦਾਰ ਅਭਿਨਯ ਕਾਲਜ ਦੀ ਪ੍ਰਦਰਸ਼ਨੀ ਸਫਲਤਾ ਵਿੱਚ ਕਦਰ ਯੋਗ ਯੋਗਦਾਨ ਸੀ। ਇਸ ਸੰਸਥਾ ਲਈ ਇਕ ਇਤਿਹਾਸਕ ਪਲ ਸੀ ਜਦ ਮੈਡਮ ਰੁਪਿੰਦਰਜੀਤ ਕੌਰ, ਥੀਏਟਰ ਫੈਕਲਟੀ, ਵਾਈ.ਐਸ ਕਾਲਜ ਨੂੰ ਲਾਈਫਟਾਈਮ ਅਚੀਵਮੈਂਟ ਅਵਾਰਡ ਦਿੱਤਾ ਗਿਆ। ਇਹ ਸਨਮਾਨ ਉਸਦੇ ਜੀਵਨ ਭਰ ਦੇ ਥੀਏਟਰ ਸਿੱਖਿਆ, ਸੱਭਿਆਚਾਰਕ ਸੰਰਕਸ਼ਣ ਅਤੇ ਵਿਦਿਆਰਥੀ ਮੈਨਟਰਸ਼ਿਪ ਲਈ ਦਿੱਤਾ ਗਿਆ। ਡਾਇਰੈਕਟਰ ਵਰੁਣ ਭਾਰਤੀ ਨੇ ਕਿਹਾ ਕਿ ਇਹ ਉਪਲਬਧੀਆਂ ਸੰਸਥਾ ਦੀ ਸਮਗਰੀ ਵਿਕਾਸ 'ਤੇ ਕੀਤੀ ਗਈ ਕਮੇਟਮੈਂਟ ਦਾ ਪ੍ਰਤੀਕ ਹਨ। ਥੀਏਟਰ ਸਿਰਫ਼ ਕਲਾ ਨਹੀਂ, ਸਗੋਂ ਨੇਤ੍ਰਤਵ, ਸੰਚਾਰ, ਆਤਮ ਵਿਸ਼ਵਾਸ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਵਿਕਸਤ ਕਰਨ ਦਾ ਮਜ਼ਬੂਤ ਜਰੀਆ ਹੈ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਵਿਦਿਆਰਥੀਆਂ, ਫੈਕਲਟੀ ਅਤੇ ਥੀਏਟਰ ਮੈਨਟਰਾਂ ਨੂੰ ਇਸ ਰਾਸ਼ਟਰੀ ਸਫਲਤਾ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਉਪਲਬਧੀਆਂ ਸੰਸਥਾ ਦੀ ਦ੍ਰਿਸ਼ਟੀ ਨੂੰ ਸਹੀ ਠਹਿਰਾਉਂਦੀਆਂ ਹਨ ਸਿਰਫ਼ ਪੜ੍ਹਾਈ ਨਹੀਂ, ਬਲਕਿ ਆਤਮਨਿਰਭਰ, ਜ਼ਿੰਮੇਵਾਰ ਅਤੇ ਸਮਾਜਕ ਤੌਰ 'ਤੇ ਜਾਗਰੂਕ ਨਾਗਰਿਕ ਤਿਆਰ ਕਰਨਾ। ਵਾਈਸ ਪ੍ਰਿੰਸੀਪਲ ਵੀ. ਪੀ. ਸਿੰਘਲਾ ਨੇ ਵੀ ਟੀਮ ਦੀ ਸ਼ਿਸ਼ਟਤਾ, ਮਿਹਨਤ ਅਤੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਬਣਦੀਆਂ ਹਨ। ਇਸ ਸਫਲਤਾ ਨਾਲ ਵਾਈ.ਐਸ ਕਾਲਜ ਦੀ ਰਾਸ਼ਟਰੀ ਮੰਚ 'ਤੇ ਸਾਫਲਤਾ ਸਥਾਪਿਤ ਹੋਈ ਹੈ। ਇਸ ਨੇ ਕਾਲਜ ਦੀ ਤਾਕਤਵਰ ਸੱਭਿਆਚਾਰਕ ਪਛਾਣ ਅਤੇ ਵਿਦਿਆਰਥੀਆਂ ਨੂੰ ਆਤਮ ਵਿਸ਼ਵਾਸ ਤੇ ਨਿਰਭਰਤਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਹੈ।

# ਪਾਰਟੀ ਬਜ਼: ਖੁਸ਼ੀਆਂ ਨਾਲ ਭਰਪੂਰ ਦਇਆ ਦਾ ਜਸ਼ਨ




ਬਰਨਾਲਾ, 2 ਫਰਵਰੀ (ਇਸ਼ਨ ਕੰਗ) : ਐਮ.ਟੀ.ਐਸ. ਬਰਨਾਲਾ ਵਿੱਚ ਪ੍ਰੀ-ਨਰਸਰੀ ਤੋਂ ਦੂਜੀ ਜਮਾਤ ਤੱਕ ਜਨਵਰੀ ਵਿੱਚ ਜਨਮੇ ਵਿਦਿਆਰਥੀਆਂ ਲਈ ਪਾਰਟੀ ਬਜ਼ ਜਨਮਦਿਨ ਸਮਾਰੋਹ ਖੁਸ਼ੀ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਮਨਾਇਆ ਗਿਆ। ਬੱਚਿਆਂ ਨੇ ਗਊਸ਼ਾਲਾ ਬਰਨਾਲਾ ਦਾ ਦੌਰਾ ਕਰਕੇ ਗਊਆਂ ਨੂੰ ਚਾਰਾ ਖਵਾਇਆ ਅਤੇ ਦਇਆ ਤੇ ਸੇਵਾ ਦਾ ਪਾਠ ਸਿੱਖਿਆ। ਇਸ ਮੌਕੇ 'ਤੇ ਪੌਦਾ ਲਗਾ ਕੇ ਪਰਿਆਵਰਨ ਬਚਾਉਣ ਮਾਨਵਤਾ ਦਾ ਸੁਨੇਹਾ ਦਿੱਤਾ ਗਿਆ। ਲੋੜਵੰਦਾਂ ਲਈ ਜ਼ਰੂਰੀ ਸਮਾਨ ਦਾਨ ਕਰਕੇ ਸਹਾਨੁਭੂਤੀ ਦੀ ਭਾਵਨਾ ਜਗਾਈ ਗਈ। ਸੰਗੀਤ ਅਤੇ ਨਾਚ ਨੇ ਸਮਾਗਮ ਨੂੰ ਹੋਰ ਰੰਗੀਨ ਬਣਾ ਦਿੱਤਾ। ਪਾਰਟੀ ਬਜ਼ ਬੱਚਿਆਂ ਲਈ ਯਾਦਗਾਰ ਅਨੁਭਵ ਬਣਿਆ।

# ਵਾਈ.ਐਸ. ਪਬਲਿਕ ਸਕੂਲ ਨੇ ਪ੍ਰੇਰਨਾਦਾਇਕ ਉਦਯੋਗਪਤੀ ਜਜ਼ਬੇ ਨਾਲ ਰਾਸ਼ਟਰੀ ਸਟਾਰਟ-ਅੱਪ ਦਿਵਸ ਮਨਾਇਆ




ਬਰਨਾਲਾ, 2 ਫਰਵਰੀ (ਇਸ਼ਨ ਕੰਗ) : ਭਾਰਤ ਦੇ ਟੌਪ 50 ਸਕੂਲਾਂ ਵਿੱਚ ਸ਼ਾਮਲ ਵਾਈਐਸ ਪਬਲਿਕ ਸਕੂਲ ਨੇ ਰਾਸ਼ਟਰੀ ਸਟਾਰਟ-ਅੱਪ ਦਿਵਸ ਨੂੰ ਬੜੇ ਉਤਸ਼ਾਹ ਅਤੇ ਉਦੇਸ਼ਪੂਰਕ ਢੰਗ ਨਾਲ ਮਨਾਇਆ। ਇਹ ਵਿਸ਼ੇਸ਼ ਸਮਾਗਮ ਸਕੂਲ ਦੀ ਐਂਟਰਪ੍ਰਿਨਿਊਰਸ਼ਿਪ ਬੈਚ ਵੱਲੋਂ ਆਯੋਜਿਤ ਕੀਤਾ ਗਿਆ, ਜਿਸ ਦਾ ਕੇਂਦਰੀ ਵਿਸ਼ਾ ਡ੍ਰੀਮ ਬਿਗ, ਸਟਾਰਟ ਸਮਾਲ - ਧੀਰੂਭਾਈ ਅੰਬਾਨੀ ਵੇ ਰਿਹਾ। ਇਸ ਸਮਾਰੋਹ ਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਉਦਯੋਗਪਤੀ ਸੋਚ ਵਿਕਸਿਤ ਕਰਨਾ ਅਤੇ ਉਨ੍ਹਾਂ ਨੂੰ ਮਹਾਨ ਉਦਯੋਗਪਤੀ ਧੀਰੂਭਾਈ ਅੰਬਾਨੀ ਦੀ ਜੀਵਨ ਯਾਤਰਾ ਤੋਂ ਪ੍ਰੇਰਨਾ ਦੇਣਾ ਸੀ, ਜਿਨ੍ਹਾਂ ਨੇ ਸਧਾਰਣ ਸ਼ੁਰੂਆਤ ਤੋਂ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਸਮਰਾਜਾਂ ਵਿੱਚੋਂ ਇੱਕ ਦੀ ਨੀਂਹ ਰੱਖੀ। ਅਰਥਪੂਰਨ ਚਰਚਾਵਾਂ ਅਤੇ ਰੌਚਕ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੇ ਸਮਝਿਆ ਕਿ ਵੱਡੇ ਸੁਪਨੇ, ਲਗਨ, ਨਵੀਨਤਾ ਅਤੇ ਸੋਚ-ਵਿਚਾਰ ਨਾਲ ਲਿਆ ਗਿਆ ਜੋਖਮ ਇੱਕ ਸਫਲ ਸਟਾਰਟ-ਅੱਪ ਦੀ ਮਜ਼ਬੂਤ ਨੀਂਹ ਹੁੰਦੇ ਹਨ। ਸਮਾਗਮ ਦੌਰਾਨ ਧੀਰੂਭਾਈ ਅੰਬਾਨੀ ਦੀ ਉਦਯੋਗਪਤੀ ਯਾਤਰਾ 'ਤੇ ਆਧਾਰਿਤ ਇੱਕ ਪ੍ਰੇਰਨਾਦਾਇਕ ਪ੍ਰੈਜ਼ੇਂਟੇਸ਼ਨ ਦਿੱਤੀ ਗਈ। ਇਸ ਦੇ ਨਾਲ ਸਟਾਰਟ-ਅੱਪ ਸੋਚ ਅਤੇ ਸਮੱਸਿਆ ਹੱਲ 'ਤੇ ਇੰਟਰਐਕਟਿਵ ਚਰਚਾਵਾਂ ਹੋਈਆਂ। ਜੇ ਮੈਂ ਇੱਕ ਉਦਯੋਗਪਤੀ ਹੁੰਦਾ ਵਰਗੀਆਂ ਰਚਨਾਤਮਕ ਗਤੀਵਿਧੀਆਂ ਅਤੇ ਬਿਜ਼ਨਸ ਮਾਡਲ ਦੀ ਖੋਜ ਨੇ ਵਿਦਿਆਰਥੀਆਂ ਨੂੰ ਆਲੋਚਨਾਤਮਕ ਅਤੇ ਰਚਨਾਤਮਕ ਸੋਚ ਵੱਲ ਪ੍ਰੇਰਿਤ ਕੀਤਾ। ਮਨਨ ਸੈਸ਼ਨਾਂ ਵਿੱਚ ਛੋਟੀ ਸ਼ੁਰੂਆਤ ਕਰਨ, ਅਸਫਲਤਾਵਾਂ ਤੋਂ ਸਿੱਖਣ ਅਤੇ ਉਦੇਸ਼ ਨਾਲ ਆਪਣੇ ਵਿਚਾਰਾਂ ਨੂੰ ਵਧਾਉਣ ਦੀ ਮਹੱਤਤਾ ਉਭਾਰ ਕੇ ਦੱਸੀ ਗਈ। ਵਿਦਿਆਰਥੀਆਂ ਨੇ ਭਰਪੂਰ ਉਤਸ਼ਾਹ ਅਤੇ ਆਤਮਵਿਸ਼ਵਾਸ ਨਾਲ ਭਾਗ ਲਿਆ ਅਤੇ ਹਕੀਕਤੀ ਕਾਰੋਬਾਰੀ ਧਾਰਣਾਵਾਂ ਦੀ ਸਪੱਸ਼ਟ ਸਮਝ ਦਿਖਾਈ। ਵਾਈਐਸ ਪਬਲਿਕ ਸਕੂਲ ਕਲਾਸ 11 ਅਤੇ 12 ਲਈ ਇੱਕ ਵਿਲੱਖਣ ਬੈਚ ਪ੍ਰਣਾਲੀ ਅਪਣਾਉਂਦਾ ਹੈ, ਜਿਸ ਨਾਲ ਵਿਦਿਆਰਥੀ ਸੀਬੀਐਸਈ ਪਾਠਕ੍ਰਮ ਦੇ ਨਾਲ-ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਵੀ ਤਿਆਰੀ ਕਰ ਸਕਦੇ ਹਨ। ਇਸ ਸਮੇਂ ਸਕੂਲ ਵਿੱਚ ਨੀਟ, ਆਈਆਈਟੀ-ਜੇਈਈ, ਸੀਏ, ਐਂਟਰਪ੍ਰਿਨਿਊਰਸ਼ਿਪ, ਯੂਪੀਐਸਸੀ ਅਤੇ ਲਾਅ ਸਮੇਤ ਛੇ ਵਿਸ਼ੇਸ਼ ਬੈਚ ਸਫਲਤਾਪੂਰਕ ਚੱਲ ਰਹੇ ਹਨ, ਜੋ ਕੇਂਦ੍ਰਿਤ ਅਕਾਦਮਿਕ ਮਾਰਗਦਰਸ਼ਨ ਅਤੇ ਸਮੁੱਚੇ ਵਿਕਾਸ ਪ੍ਰਦਾਨ ਕਰਦੇ ਹਨ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮੋਹਿਤ ਜਿੰਦਲ ਨੇ ਕਿਹਾ ਕਿ ਸਕੂਲ ਦੀ ਸੋਚ ਅਨੁਸਾਰ ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ, ਸਗੋਂ ਵਿਦਿਆਰਥੀਆਂ ਨੂੰ ਨਵੀਨਤਾਕਾਰ ਅਤੇ ਮੌਕਿਆਂ ਦੇ ਸਿਰਜਣਹਾਰ ਬਣਾਉਣਾ ਲਾਜ਼ਮੀ ਹੈ। ਰਾਸ਼ਟਰੀ ਸਟਾਰਟ-ਅੱਪ ਦਿਵਸ ਨੂੰ ਇਸ ਤਰ੍ਹਾਂ ਅਰਥਪੂਰਨ ਢੰਗ ਨਾਲ ਮਨਾਕੇ ਵਾਈਐਸ ਪਬਲਿਕ ਸਕੂਲ ਨੇ ਭਵਿੱਖ ਦੇ ਉਦਯੋਗਪਤੀਆਂ ਅਤੇ ਨੇਤਾਵਾਂ ਨੂੰ ਤਿਆਰ ਕਰਨ ਦੇ ਆਪਣੇ ਦ੍ਰਿਸ਼ਟਿਕੋਣ ਨੂੰ ਮਜ਼ਬੂਤ ਕੀਤਾ ਅਤੇ ਆਪਣੇ ਨਾਅਰੇ ਵਾਈਐਸ ਪਬਲਿਕ ਸਕੂਲ - ਜਿੱਥੇ ਸੁਪਨੇ ਸਟਾਰਟ- ਅੱਪ ਬਣਦੇ ਹਨ ਨੂੰ ਸਾਰਥਕ ਕੀਤਾ।

# ਐਕੋਜ਼ ਆਫ਼ ਐਲੀਗੈਂਸ : ਨੰਨ੍ਹੇ ਕਲਾਕਾਰਾਂ ਦੀ ਸ਼ਾਨਦਾਰ ਪੇਸ਼ਕਾਰੀ



ਬਰਨਾਲਾ, 2 ਫਰਵਰੀ (ਇਸ਼ਨ ਕੰਗ) : ਐਮ.ਟੀ.ਐਸ. ਬਰਨਾਲਾ ਵਿੱਚ ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਲਈ ਆਯੋਜਿਤ ਐਕੋਜ਼ ਆਫ਼ ਐਲੀਗੈਂਸ (ਇੰਗਲਿਸ਼ ਫੈਸਟ) ਬੜੀ ਹੀ ਸ਼ਾਨਦਾਰ ਰਹੀ। ਇਸ ਸਮਾਗਮ ਨੂੰ ਵਿਦਿਆਰਥੀਆਂ ਦੇ ਮਾਪਿਆਂ, ਸਕੂਲ ਮੈਨੇਜਮੈਂਟ ਅਤੇ ਮਾਣਯੋਗ ਪ੍ਰਿੰਸੀਪਲ ਦੀ ਹਾਜ਼ਰੀ ਨੇ ਹੋਰ ਵੀ ਵਿਸ਼ੇਸ਼ ਬਣਾਇਆ। ਸੁਰੀਲੇ ਵੈਲਕਮ ਗੀਤ ਨਾਲ ਸ਼ੁਰੂ ਹੋਏ ਸਮਾਗਮ ਵਿੱਚ ਕਵਿਤਾ, ਕਹਾਣੀ ਅਤੇ ਭਾਸ਼ਣ ਪ੍ਰਤਿਯੋਗਿਤਾਵਾਂ ਨੇ ਨੰਨ੍ਹੇ ਬੱਚਿਆਂ ਦੀ ਭਾਸ਼ਾਈ ਕਾਬਲੀਅਤ ਨੂੰ ਉਜਾਗਰ ਕੀਤਾ। ਰੋਲ ਪਲੇਅ, ਰਿਥਮ ਰਾਈਡਰ ਅਤੇ ਲੇਜੈਂਡਜ਼ ਇਨ ਲਿਟਲ ਸਟੈਪਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਡਿਸਟਿੰਕਸ਼ਨ ਡਾਨ ਇਨਾਮ ਵੰਡ ਸਮਾਰੋਹ ਨਾਲ ਇਹ ਯਾਦਗਾਰ ਦਿਨ ਸੰਪੰਨ ਹੋਇਆ।

# ਯਾਦਾਂ ਦੇ ਝਰੋਖੇ 'ਚੋਂ ਅਣਖਿੜਿਆ ਫੁੱਲ ਅਰੁਣ ਬਾਂਸਲ (ਕੂਕਾ)



ਬਰਨਾਲਾ, 2 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਕਹਿੰਦੇ ਹਨ ਕਿ ਜੋ ਇਨਸਾਨ ਇਸ ਫ਼ਾਨੀ ਦੁਨੀਆ ਵਿੱਚ ਆਇਆ ਹੈ, ਉਸ ਦਾ ਜਾਣਾ ਅਟੱਲ ਹੈ। ਪਰ ਜਦੋਂ ਕੋਈ ਅਣਖਿੜਿਆ ਫੁੱਲ ਆਪਣੀ ਮਹਿਕ ਬਿਖੇਰਨ ਤੋਂ ਪਹਿਲਾਂ ਹੀ ਅਲਵਿਦਾ ਕਹਿ ਜਾਵੇ, ਤਾਂ ਉਸ ਦਾ ਵਿਛੋੜਾ ਉਮਰ ਭਰ ਦੀ ਇੱਕ ਅਜਿਹੀ ਚੀਸ ਬਣ ਜਾਂਦਾ ਹੈ, ਜੋ ਕਦੇ ਮੱਧਮ ਨਹੀਂ ਪੈਂਦੀ। ਅਜਿਹਾ ਹੀ ਇੱਕ ਨਾਮ ਹੈ ਅਰੁਣ ਬਾਂਸਲ (ਕੂਕਾ), ਜਿਨ੍ਹਾਂ ਦੀ 22ਵੀਂ ਬਰਸੀ ਤੇ ਅੱਜ ਪੂਰਾ ਇਲਾਕਾ ਉਨ੍ਹਾਂ ਨੂੰ ਨਮ ਅੱਖਾਂ ਨਾਲ ਯਾਦ ਕਰ ਰਿਹਾ ਹੈ। ਸਮਾਜ ਸੇਵੀ ਵਿਰਾਸਤ ਅਤੇ ਪਰਿਵਾਰਕ ਪਿਛੋਕੜ ਸੂਲਰ ਘਰਾਟ ਦੇ ਨਾਮਵਰ ਕਾਰੋਬਾਰੀ ਬਾਂਸਲ'ਜ਼ ਗਰੁੱਪ ਨਾਲ ਸਬੰਧਤ ਸ੍ਰੀ ਸ਼ਾਮ ਲਾਲ ਬਾਂਸਲ ਦੇ ਹੋਣਹਾਰ ਸਪੁੱਤਰ ਅਰੁਣ ਬਾਂਸਲ ਦਾ ਜਨਮ 4 ਜੁਲਾਈ 1978 ਨੂੰ ਮਾਤਾ ਦਰਸ਼ਨਾ ਦੇਵੀ ਦੀ ਕੁੱਖੋਂ ਹੋਇਆ। ਬਾਂਸਲ ਪਰਿਵਾਰ ਦਾ ਖੇਤਰ ਵਿੱਚ ਕੇਵਲ ਕਾਰੋਬਾਰੀ ਹੀ ਨਹੀਂ, ਸਗੋਂ ਸਮਾਜ ਸੇਵਾ, ਧਾਰਮਿਕ ਕਾਰਜਾਂ, ਖੇਡਾਂ ਅਤੇ ਵਾਤਾਵਰਨ ਸੰਭਾਲ ਵਿੱਚ ਵੀ ਵਡਮੁੱਲਾ ਯੋਗਦਾਨ ਰਿਹਾ ਹੈ। ਅਰੁਣ ਆਪਣੇ ਭਰਾਵਾਂ ਸੰਜੀਵ ਬਾਂਸਲ ਅਤੇ ਨਵੀਨ ਬਾਂਸਲ ਨਾਲ ਮਿਲ ਕੇ ਪਰਿਵਾਰਕ ਤਿੱਕੜੀ ਦਾ ਇੱਕ ਅਹਿਮ ਹਿੱਸਾ ਸਨ। ਉਹ ਕਾਲਾ ਦਿਨ: 3 ਫਰਵਰੀ 2004 ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 3 ਫਰਵਰੀ 2004 ਦਾ ਉਹ ਦਿਨ ਪਰਿਵਾਰ ਅਤੇ ਇਲਾਕੇ ਲਈ ਇੱਕ ਅਸਹਿ ਸਦਮਾ ਲੈ ਕੇ ਆਇਆ, ਜਦੋਂ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਅਰੁਣ ਬਾਂਸਲ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਜਾਣ ਨਾਲ ਪੈਦਾ ਹੋਇਆ ਖਲਾਅ ਅੱਜ ਵੀ ਬਰਕਰਾਰ ਹੈ। ਇਹ ਘਾਟਾ ਕੇਵਲ ਇੱਕ ਪਰਿਵਾਰ ਦਾ ਨਹੀਂ ਸੀ, ਸਗੋਂ ਸਮਾਜ ਦੇ ਹਰ ਉਸ ਵਰਗ ਦਾ ਸੀ ਜੋ ਅਮਨ ਅਤੇ ਲੋਕ-ਭਲਾਈ ਦੀ ਸੋਚ ਰੱਖਦਾ ਹੈ। ਅਧੂਰੇ ਸੁਪਨਿਆਂ ਨੂੰ ਮਿਲੀ ਨਵੀਂ ਉਡਾਣ ਭਾਵੇਂ ਅਰੁਣ ਸਰੀਰਕ ਤੌਰ ਤੇ ਸਾਡੇ ਵਿੱਚ ਨਹੀਂ ਰਹੇ, ਪਰ ਉਨ੍ਹਾਂ ਦੀ ਸੋਚ ਅਤੇ ਸੁਪਨਿਆਂ ਨੂੰ ਉਨ੍ਹਾਂ ਦੇ ਭਰਾਵਾਂ ਸੰਜੀਵ ਬਾਂਸਲ ਅਤੇ ਨਵੀਨ ਬਾਂਸਲ ਨੇ ਜਿਉਂਦਾ ਰੱਖਿਆ ਹੈ। ਉਨ੍ਹਾਂ ਨੇ ਨਾ ਸਿਰਫ਼ ਕਾਰੋਬਾਰ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਸਗੋਂ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਵੱਡੀਆਂ ਪੈੜਾਂ ਪਾਈਆਂ ਹਨ। ਬਾਬੂ ਸ਼ਾਮ ਲਾਲ ਬਾਂਸਲ ਜੀ ਨੇ ਜਿੱਥੇ ਪੁੱਤ ਦੇ ਵਿਛੋੜੇ ਦਾ ਪਹਾੜ ਜਿੱਡਾ ਦੁੱਖ ਹੰਢਾਇਆ, ਉੱਥੇ ਹੀ ਦ੍ਰਿੜ ਸੰਕਲਪ ਨਾਲ ਪਰਿਵਾਰ ਨੂੰ ਇਸ ਪੀੜਾ ਵਿੱਚੋਂ ਉਭਾਰ ਕੇ ਲੋਕ ਸੇਵਾ ਦੇ ਮਾਰਗ ਤੇ ਤੋਰਿਆ। ਸੱਚੀ ਸ਼ਰਧਾਂਜਲੀ ਅਰੁਣ ਬਾਂਸਲ ਅੱਜ ਵੀ ਆਪਣੀਆਂ ਯਾਦਾਂ ਅਤੇ ਪਰਿਵਾਰ ਵੱਲੋਂ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਰਾਹੀਂ ਸਾਡੇ ਦਰਮਿਆਨ ਜਿਉਂਦੇ ਹਨ। ਉਨ੍ਹਾਂ ਦੀ ਬਰਸੀ ਮੌਕੇ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੀ ਉਸਾਰੂ ਸੋਚ 'ਤੇ ਪਹਿਰਾ ਦਿੰਦੇ ਹੋਏ ਸਮਾਜ ਪ੍ਰਤੀ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਈਏ। ਅੱਜ ਉਨ੍ਹਾਂ ਦੀ 22ਵੀਂ ਬਰਸੀ ਮੌਕੇ ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ 'ਤੇ ਆਪਣੀ ਮਿਹਰ ਭਰਿਆ ਹੱਥ ਰੱਖਣ।



# ਪਟਿਆਲਾ-ਆਸ/ਪਾਸ



## ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਭਾਦਸੋਂ ਵਿਖੇ ਨਗਰ ਕੀਰਤਨ ਸਜਾਇਆ



ਭਾਦਸੋਂ, 2 ਫਰਵਰੀ (ਭਰਪੂਰ ਸਿੰਘ ਮੱਟਰਾਂ) : ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਦਸੋਂ ਵੱਲੋਂ ਸਮੂਹ ਨਗਰ ਦੇ ਸਹਿਯੋਗ ਨਾਲ ਭਗਤ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਅਖੰਡ ਪਾਠ ਸਾਹਿਬ ਆਰੰਭ ਕਰਵਾ ਕੇ ਭੋਗ ਪਾਏ ਗਏ ਭੋਗ ਤੋਂ ਉਪਰੰਤ ਭਾਈ ਮਹਿੰਦਰਪਾਲ ਸਿੰਘ ਦਰਗਾਪੁਰ ਤੇ ਕੀਰਤਨੀ ਜਥੇ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਇਸ ਤੋਂ ਬਾਅਦ ਇੱਕ ਵਿਸਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਵਿੱਚ ਸਜਾਇਆ ਗਿਆ ਜੋ ਕਿ ਪੂਰੇ ਭਾਦਸੋਂ ਸ਼ਹਿਰ ਚਾਸਵਾਲ ਅਤੇ ਨਾਨੋਵਾਲ ਦੀਆਂ ਪਰਕਰਮਾ ਕੀਤੀ ਗਈ ਇਸ ਨਗਰ ਕੀਰਤਨ ਵਿੱਚ ਰਾਗੀ ਢਾਡੀ ਅਤੇ ਭਰਪੂਰ ਸਿੰਘ ਮੱਟਰਾਂ ਦੇ ਕੀਰਤਨੀ ਜਥੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਦੀਆਂ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਨਗਰ ਕੀਰਤਨ ਦਾ ਜਿੱਥੇ ਵੱਖ ਵੱਖ ਪੜਾਵਾ ਤੇ ਭਰਮਾ ਸਵਾਗਤ ਕੀਤਾ ਗਿਆ ਉੱਥੇ ਸੰਗਤਾਂ ਲਈ ਚਾਹ ਪਕੌੜੇ ਪ੍ਰਸਾਦ ਚੌਲ ਬਿਸਕੁਟ ਆਦਿ ਦੇ ਲੰਗਰ ਲਵਾਏ ਗਏ ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਚੰਦ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਨੂੰ ਆਪਣੇ ਰਹਿਬਰਾਂ ਦੇ ਜਨਮ ਦਿਨ ਮਨਾਉਣੇ ਚਾਹੀਦੇ ਹਨ ਸਾਡੇ ਮਨਾਂ ਅੰਦਰ ਆਪਸੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ ਸਾਡੀਆਂ ਆਉਣ ਵਾਲੀਆਂ ਪੀੜੀਆਂ ਆਪਣੀ ਅਨਮੋਲ ਵਿਰਾਸਤ ਪ੍ਰਤੀ ਸੁਚੇਤ ਹੁੰਦੀਆਂ ਹਨ ਉਹਨਾਂ ਅੱਗੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਾਨਵਤਾ ਦੇ ਕਲਿਆਣ ਦਾ ਅਥਾਹ ਸੋਮਾ ਹਨ। ਇਸ ਮੌਕੇ ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਠਾਠਾ ਮਾਰਦਾ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਪਾਲਕੀ ਸਾਹਿਬ ਦੇ ਨਾਲ ਚੱਲ ਰਿਹਾ ਸੀ। ਇਸ ਸਮਾਗਮ ਵਿੱਚ ਹਲਕਾ ਨਾਭਾ ਦੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ,ਜੱਸੀ ਸੋਹੀਆਂ ਵਾਲਾ, ਬਰਿੰਦਰ ਕੁਮਾਰ ਬਿੱਟੂ ਬੀਜੇਪੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਭੁਪਿੰਦਰ ਸਿੰਘ ਫਤਿਹਪੁਰ, ਜਥੇਦਾਰ ਰਣਧੀਰ ਸਿੰਘ ਢੀਂਡਸਾ, ਅਮਰਜੀਤ ਸਿੰਘ ਪ੍ਰਧਾਨ, ਭਗਵੰਤ ਸਿੰਘ ਮਣਕੂ,ਜੋਰਾ ਸਿੰਘ ਫੌਜੀ, ਪਾਲ ਸਿੰਘ, ਨਗਰ ਪੰਚਾਇਤ ਦੇ ਸਮੂਹ ਐਮਸੀ, ਪ੍ਰੇਮ ਕੁਮਾਰ ਨੰਬਰਦਾਰ, ਮੈਨੇਜਰ ਰਾਮ ਸਰੂਪ ਸਿੰਘ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਹਾਜ਼ਰ ਸਨ।

## ਧਾਰਮਿਕ ਸਮਾਗਮ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ



ਦੇਵੀਗੜ੍ਹ, 2 ਫਰਵਰੀ (ਗੁਰਜੀਤ ਢੌਟ) : ਜਾਗਦੇ ਰਹੋ ਕਲੱਬ ਪਟਿਆਲਾ ਨੇ ਗੁਰਦੁਆਰਾ ਸਿੰਘ ਸਭਾ ਨਨਿਓਲਾ ਦੇ ਸਹਿਯੋਗ ਨਾਲ 66ਵਾਂ ਸਾਲਾਨਾ ਧਾਰਮਿਕ ਸਮਾਗਮ ਨੂੰ ਸਮਰਪਿਤ ਪਿੰਡ ਨਨਿਓਲਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ।ਇਹ ਖ਼ੂਨਦਾਨ ਕੈਂਪ ਮਹਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ।ਖ਼ੂਨਦਾਨ ਕੈਂਪ ਦਾ ਰਸਮੀ ਉਦਘਾਟਨ ਹੈੱਡ ਗ੍ਰੰਥੀ ਭਾਈ ਸੁਰਿੰਦਰ ਸਿੰਘ ਨੇ ਖ਼ੂਨਦਾਨ ਕਰਕੇ ਕੀਤਾ।ਖ਼ੂਨਦਾਨ ਕੈਂਪ ਵਿੱਚ 66 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।ਇਸ ਮੌਕੇ ਪ੍ਰਧਾਨ ਸੰਦੀਪ ਸਿੰਘ ਅਤੇ ਹੈੱਡ ਗ੍ਰੰਥੀ ਭਾਈ ਸੁਰਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਖ਼ੂਨਦਾਨ ਕਰਨਾ ਸਭ ਤੋਂ ਵੱਡਾ ਪੁੰਨ ਹੈ।ਐਮਰਜੈਂਸੀ ਮਰੀਜ਼ਾਂ ਲਈ ਖ਼ੂਨਦਾਨ ਕਰਨਾ ਬਹੁਤ ਵੱਡੀ ਸੇਵਾ ਹੈ।ਖ਼ੂਨਦਾਨ ਕੈਂਪ ਘੱਟ ਲੱਗਣ ਕਾਰਨ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਲੈਣ ਸਮੇਂ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਖ਼ੂਨਦਾਨ ਮਹਾਂਦਾਨ ਹੈ, ਤੁਹਾਡਾ ਦਿੱਤਾ ਹੋਇਆ ਖ਼ੂਨ ਅਨੇਕਾਂ ਅਨਮੋਲ ਜ਼ਿੰਦਗੀਆਂ ਬਚਾ ਸਕਦਾ ਹੈ। ਮਹਿੰਦਰ ਸਿੰਘ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ, ਮੈਡਲ ਤੇ ਸਰਟੀਫਿਕੇਟ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਸੰਦੀਪ ਸਿੰਘ, ਹੈੱਡ ਗ੍ਰੰਥੀ ਭਾਈ ਸੁਰਿੰਦਰ ਸਿੰਘ, ਖਜਾਨਚੀ ਦਵਿੰਦਰ ਸਿੰਘ, ਮੈਂਬਰ ਤਰਸੇਮ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ, ਮੈਡਮ ਕਿਰਨ, ਰਣਜੀਤ ਸਿੰਘ ਅਤੇ ਗੁਰਧਿਆਨ ਸਿੰਘ ਆਦਿ ਹਾਜ਼ਰ ਸੀ।

## ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪਿੰਡ ਜਲਵਾਣਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਰਵਾਨਾ



ਮਲੇਰਕੋਟਲਾ, 2 ਫਰਵਰੀ (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਭੇਜਣ ਦੇ ਉਦੇਸ਼ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਆਰੰਭੀ ਗਈ ਹੈ। ਇਸੇ ਲੜੀ ਤਹਿਤ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਵੱਲੋਂ ਹਲਕਾ ਵਾਸੀਆਂ ਨੂੰ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ ਦੇ ਦਰਸ਼ਨਾਂ ਲਈ ਪਿੰਡ ਜਲਵਾਣਾ ਵਿਖੇ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਦੇ ਨਿਵਾਸੀਆਂ ਨੂੰ ਦੇਸ਼ ਦੇ ਪ੍ਰਮੁੱਖ ਤੀਰਥ ਅਸਥਾਨਾਂ ਦੇ ਦਰਸ਼ਨ ਮੁਫ਼ਤ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਰਹਿਣ-ਸਹਿਣ, ਖਾਣ-ਪੀਣ ਅਤੇ ਆਵਾਜਾਈ ਦੀ ਪੂਰੀ ਵਿਵਸਥਾ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ, ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਉਨ੍ਹਾਂ ਇਹ ਵੀ ਕਿਹਾ ਕਿ ਬਜ਼ੁਰਗ ਅਵਸਥਾ ਵਿੱਚ ਕਈ ਸ਼ਰਧਾਲੂ ਤੀਰਥ ਸਥਾਨਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਸਨ, ਪਰ ਸਰਕਾਰ ਦੀ ਇਸ ਸਕੀਮ ਨਾਲ ਹੁਣ ਉਹ ਵੀ ਵੱਡੇ ਪੱਧਰ 'ਤੇ ਲਾਭ ਉਠਾ ਰਹੇ ਹਨ। ਇਸ ਮੌਕੇ ਸ਼ਰਧਾਲੂਆਂ ਵੱਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਸਕੀਮ ਚਲਾਉਣ ਲਈ ਧੰਨਵਾਦ ਕੀਤਾ ਗਿਆ ਅਤੇ ਯਾਤਰਾ ਲਈ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ, ਸਰਪੰਚ ਸਤਵਿੰਦਰ ਸਿੰਘ ਸਮਰਾ, ਸਰਪੰਚ ਬਾਰਾ ਸਿੰਘ ਕਲਿਆਣ,ਸੀਨੀਅਰ ਆਪ ਆਗੂ ਸਤਿਗੁਰ ਸਿੰਘ ਕਲਿਆਣ, ਹਰਦੀਪ ਸਿੰਘ ,ਭੁਪਿੰਦਰ ਸਿੰਘ, ਅਵਤਾਰ ਸਿੰਘ, ਬਲਦੇਵ ਸਿੰਘ, ਜਗਤਾਰ ਸਿੰਘ, ਅਮੋਲਕ ਸਿੰਘ, ਹਾਕਮ ਸਿੰਘ, ਮੈਂਬਰ ਪੰਚਾਇਤ ਗੁਰਬਚਨ ਸਿੰਘ, ਗੁਰਮੀਤ ਸਿੰਘ, ਆਪ ਆਗੂ ਗੁਰਚਰਨ ਸਿੰਘ ਤੋਂ ਇਲਾਵਾ ਹੋਰ 'ਆਪ' ਆਗੂ ਹਾਜ਼ਰ ਸਨ।

## ਡਾ. ਬੀ.ਐਸ. ਸੰਧੂ ਪਬਲਿਕ ਸਕੂਲ ਵਿਖੇ ਇੰਟਰ-ਕਲਾਸ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ

ਦੇਵੀਗੜ੍ਹ, 2 ਫਰਵਰੀ (ਗੁਰਜੀਤ ਸਿੰਘ ਢੌਟ) : ਡਾ. ਬੀ.ਐਸ. ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ, ਜੁਲਾਹ ਖੇੜੀ ਵਿਖੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ 'ਇੰਟਰ-ਕਲਾਸ ਪੋਸਟਰ ਮੇਕਿੰਗ ਮੁਕਾਬਲਾ' ਬੜੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਅਤੇ ਸਮਾਜਿਕ ਵਿਸ਼ਿਆਂ 'ਤੇ ਖੂਬਸੂਰਤ ਪੋਸਟਰ ਬਣਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮੈਡਮ ਰਜਿੰਦਰ ਕੌਰ ਸੰਧੂ ਅਤੇ ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਦੁਆਰਾ ਬਣਾਈਆਂ ਗਈਆਂ ਕਲਾਕ੍ਰਿਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਬੱਚਿਆਂ ਦੇ ਮਾਨਸਿਕ ਵਿਕਾਸ ਅਤੇ ਉਨ੍ਹਾਂ ਅੰਦਰ ਛੁਪੀ ਪ੍ਰਤਿਭਾ ਨੂੰ ਨਿਖਾਰਨ ਲਈ ਬਹੁਤ ਜ਼ਰੂਰੀ ਹਨ। ਮੁਕਾਬਲੇ ਦੇ ਅੰਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਅਤੇ ਮੈਨੇਜਿੰਗ ਡਾਇਰੈਕਟਰ ਰਜਿੰਦਰ ਕੌਰ ਸੰਧੂ ਵੱਲੋਂ ਵਿਸ਼ੇਸ਼ ਤੌਰ 'ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੇ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



## ਕੇਂਦਰ ਦਾ ਬਜਟ ਕਿਸਾਨ ਵਿਰੋਧੀ: ਸ਼ਾਦੀਪੁਰ



ਦੇਵੀਗੜ, 2 ਫਰਵਰੀ (ਗੁਰਜੀਤ ਸਿੰਘ ਢੌਟ) : ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਤੇ ਐਸਕੇਐਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਕੇਂਦਰ ਸਰਕਾਰ ਵੱਲੋਂ 2026=27 ਦਾ ਜੋ ਬਜਟ ਪੇਸ਼ ਕੀਤਾ ਗਿਆ ਹੈ।ਉਸ ਨੂੰ ਮੁੱਢੋਂ ਰੱਦ ਕੀਤਾ ਜਾਂਦਾ ਇਸ ਬਜਟ ਦੇ ਵਿੱਚ ਕਿਸੇ ਵਰਗ ਨੂੰ ਵੀ ਕੁਝ ਵੀ ਨਹੀਂ ਦਿੱਤਾ ਗਿਆ ਕਿ ਕੇਵਲ ਤੇ ਕੇਵਲ ਜੇ ਕੁਝ ਦਿੱਤਾ ਗਿਆ ਤਾਂ ਕਾਰਪੋਰੇਟ ਘਰਾਣਿਆਂ ਨੂੰ ਜੋ ਕਿਸਾਨਾਂ ਦੀ ਬਹੁਤ ਦੇਰ ਤੋਂ ਚੱਲੀ ਆ ਰਹੀ ਮੰਗ ਅਤੇ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਕੀਤਾ ਵਾਇਦਾ ਕਰਜ਼ਾ ਮਾਫੀ ਦਾ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਦਾ 15-15 ਲੱਖ ਲੋਕਾਂ ਦੇ ਖਾਤਿਆਂ ਵਿੱਚ ਪਾਉਣ ਦਾ ਕਰੋੜਾਂ ਦੇ ਹਿਸਾਬ ਚ ਨੌਕਰੀਆਂ ਦੇਣ ਦਾ ਕੁਛ ਵੀ ਕਿਤੇ ਨਜ਼ਰ ਨਹੀਂ ਆਇਆ ਨਾ ਉਹ ਪਿਛਲਿਆਂ ਵਾਦਿਆਂ ਤੇ ਸਰਕਾਰ ਨੇ ਝਾਤ ਮਾਰਨ ਦਾ ਯਤਨ ਕੀਤਾ ਹੈ ਸ਼ਾਦੀਪੁਰ ਵੱਲੋਂ ਕਿਹਾ ਗਿਆ ਕਿ ਸਰਕਾਰ ਨੇ ਪਿਛਲੇ ਸਮੇਂ ਚ ਕਾਰਪੋਰੇਟ ਘਰਾਣਿਆਂ 16=5 ਲੱਖ ਕਰੋੜ ਦੇ ਵੱਡੇ ਪੱਧਰ ਤੇ ਕਰਜੇ ਮਾਫ ਕੀਤੇ ਕਿਸਾਨਾਂ ਤੇ 19 ਲੱਖ ਕਰੋੜ ਦਾ ਕਰਜ਼ਾ ਉਸ ਪਾਸੇ ਕਦੀ ਵੀ ਸਰਕਾਰ ਨੇ ਮਾਫ ਕਰਨ ਦੀ ਗੱਲ ਨਹੀਂ ਕੀਤੀ ਜੋ ਵੱਡੇ ਪੱਧਰ ਤੇ ਮੰਗ ਕੀਤੀ ਜਾ ਰਹੀ ਹੈ ਮਜ਼ਦੂਰਾਂ ਸਿਰ ਤੇ ਜੋ ਕਰਜਾ ਮਾਫ ਕਰਨ ਦੀ ਗੱਲ ਨਹੀਂ ਕੀਤੀ ਜੋ ਕਿ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਵਾਅਦਾ ਕਰਕੇ ਵੀ ਸਰਕਾਰ ਮੁੱਕਰਦੀ ਆ ਰਹੀ ਹੈ ਕਾਰਪੋਰੇਟ ਘਰਾਣਿਆਂ ਨੂੰ ਛੱਡ ਕੇ ਇਹ ਬਜਟ ਹਰ ਇੱਕ ਨੂੰ ਨਿਰਾਸ਼ ਕਰਨ ਵਾਲਾ ਹੈ ਕਿਸਾਨਾਂ ਨੂੰ ਕੁਝ ਦੇਣ ਦੀ ਬਜਾਏ 15,649 ਕਰੋੜ ਦੀ ਯੂਰੀਆ ਤੇ ਸਬਸਿਡੀ ਘੱਟ ਕਰ ਦਿੱਤੀ ਗਈ ਹੈ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਇਸ ਬਜਟ ਨੂੰ ਸਿਵਾਏ ਗੱਲਾਂ ਦੇ ਕੜਾਹ ਤੋਂ ਬਗੈਰ ਕੁਝ ਵੀ ਨਹੀਂ ਦੱਸਦੀ ਹੈ ਹਰ ਵਰਗ ਨੂੰ ਨਿਰਾਸ਼ ਕਰਨ ਵਾਲਾ ਬਜਟ ਹੈ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਬਜਟ ਪੂਰੀ ਤਰ੍ਹਾਂ ਨਾਲ ਕਿਸਾਨ ਵਿਰੋਧੀ ਹੈ।

## ਘੇਰ ਕੇ ਕੁੱਟਮਾਰ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਸਬੰਧੀ ਮਾਮਲਾ ਦਰਜ

ਪਟਿਆਲਾ, 2 ਫਰਵਰੀ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਅਭਿਸ਼ੇਕ ਪੁਰੀ ਪੁੱਤਰ ਮਹਿੰਦਰ ਪੁਰੀ ਵਾਸੀ ਪਿੰਡ ਬੀਬੀਪੁਰ ਨੇ ਕਥਿਤ ਦੋਸ਼ੀਆਂ ਦੇਵੀ ਲਾਲ, ਸਤਿੰਦਰਪਾਲ, ਹੈਪੀ , ਰਮਨਦੀਪ ਸਿੰਘ ਵਾਸੀ ਪਿੰਡ ਬੀਬੀਪੁਰ, ਜਗਜੀਤ ਸਿੰਘ ਵਾਸੀ ਪਿੰਡ ਖਬੇੜਾ ਜਿਲਾ ਕੈਂਥਲ ਹਰਿਆਣਾ ਅਤੇ 5 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਭਰਾ ਅਮਰਜੀਤ ਪੁਰੀ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਧਮਰਹੇੜੀ ਪਾਸ ਜਾ ਰਿਹਾ ਸੀ ਤਾ ਇੱਕ ਸਵਿਫਟ ਕਾਰ ਡਰਾਇਵਰ ਨੇ ਉਸ ਦੇ ਮੋਟਰਸਾਇਕਲ ਵਿੱਚ ਕਾਰ ਮਾਰ ਕੇ ਸੁੱਟ ਦਿੱਤਾ ਤੇ ਇੰਨੇ ਵਿੱਚ ਇੱਕ ਹੋਰ ਗੱਡੀ ਆ ਗਏ, ਜੋ ਕਾਰਾਂ ਵਿੱਚ ਕਥਿਤ ਦੋਸ਼ੀਆਂ ਨੇ ਬਾਹਰ ਆ ਕੇ ਉਸ ਅਤੇ ਉਸਦੇ ਭਰਾ ਨੂੰ ਘੇਰ ਕੇ ਕੁੱਟਮਾਰ ਕੀਤੀ ਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ।ਪੁਲਿਸ ਨੇ ਧਾਰਾ 115(2), 126(2), 351(2), 191(3), 190 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਜਨਹਿੱਤ ਸੰਮਤੀ ਵੱਲੋਂ ਸਲੱਮ ਏਰੀਆ 'ਚ ਲੋੜਵੰਦ ਲੜਕੀਆਂ ਲਈ ਸਿਲਾਈ ਸੈਂਟਰ ਖੋਲ੍ਹਣੇ ਸ਼ਲਾਘਾਯੋਗ : ਮੇਅਰ ਗੋਗੀਆ



ਪਟਿਆਲਾ, 2 ਫਰਵਰੀ (ਅਮਰਜੀਤ) : ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਲੱਮ ਏਰੀਆ ਰਾਜਪੁਰਾ ਕਾਲੋਨੀ ਵਿੱਚ ਲੜਕੀਆਂ ਲਈ ਸਿਲਾਈ ਸੈਂਟਰ ਖੋਲ੍ਹਿਆ ਗਿਆ, ਜਿਸ ਵਿਚ ਮੁੱਖ ਮਹਿਮਾਨ ਕੁੰਦਨ ਗੋਗੀਆ ਮੇਅਰ ਪਟਿਆਲਾ ਨੇ ਸ਼ਿਰਕਤ ਕੀਤੀ, ਵਿਸ਼ੇਸ਼ ਤੌਰ 'ਤੇ ਸ੍ਰੀ ਬਾਲ ਕ੍ਰਿਸ਼ਨ ਬਿੰਦਲ, ਸੁਰਵਿੰਦਰ ਸਿੰਘ ਛਾਬੜਾ, ਐਚ. ਐਨ. ਮਹਿਸਮ ਪੂਰੀ, ਸੁਨੀਲ ਵਧਵਾ, ਹਰਿੰਦਰ ਪਾਲ ਸ਼ਰਮਾ ਪ੍ਰਧਾਨ ਬ੍ਰਾਹਮਣ ਸਭਾ, ਦੀਨਾ ਨਾਥ ਰਜੋਲਿਆਂ, ਅਨਿਲ ਭਾਰਤੀ, ਅਬਦੁਲ ਵਾਹਿਦ ਮੈਡਮ ਸੁਨੀਤਾ, ਗਗਨਦੀਪ ਸਿੰਘ, ਸਤੀਸ਼ ਜੋਸੀ, ਸਿਲਾਈ ਟੀਚਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਕੁੰਦਨ ਗੋਗੀਆ ਨੇ ਕਿਹਾ ਕਿ ਜਨਹਿੱਤ ਸੰਮਤੀ ਵੱਲੋਂ ਲੋੜਵੰਦ ਲੜਕੀਆਂ ਲਈ ਸਿਲਾਈ ਸੈਂਟਰ ਦਾ ਖੋਲਣਾ ਸ਼ਲਾਘਾਯੋਗ ਉਪਰਾਲਾ ਹੈ । ਇਸ ਤੋਂ ਇਲਾਵਾ ਸੰਸਥਾ ਵੱਲੋਂ ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਉੱਤਮ ਸਮਾਜ ਸੇਵਾ ਹੈ। ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਬਾਲ ਕ੍ਰਿਸ਼ਨ ਬਿੰਦਲ ਨੇ ਪੰਜ ਸਿਲਾਈ ਮਸ਼ੀਨਾਂ ਦੇ ਕੇ ਵਿਸ਼ੇਸ਼ ਸਹਿਯੋਗ ਦਿੱਤਾ।

## ਸਨੌਰ 'ਚ ਗੰਦਗੀ ਕਾਰਨ ਫੈਲ ਰਹੀਆਂ ਬਿਮਾਰੀਆਂ, ਪ੍ਰਸ਼ਾਸਨ ਚੁੱਪ



ਸਨੌਰ, 2 ਫਰਵਰੀ (ਪ੍ਰਥਮ ਕੁਮਾਰ) : ਸਨੌਰ ਸ਼ਹਿਰ ਵਿੱਚ ਸਫਾਈ ਦੀ ਕਮੀ ਅਤੇ ਗੰਦਗੀ ਦੇ ਕਾਰਨ ਬਿਮਾਰੀਆਂ ਦੇ ਫੈਲਣ ਦੀ ਸਮੱਸਿਆ ਇਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਸ਼ਹਿਰ ਦੇ ਕਈ ਹਿੱਸਿਆਂ ਵਿੱਚ ਕੂੜੇ-ਕਰਕਟ ਦੇ ਢੇਰ, ਅਤੇ ਖੁੱਲ੍ਹੇ ਨਾਲੇ ਸਿਹਤ ਲਈ ਵੱਡਾ ਖਤਰਾ ਪੈਦਾ ਕਰ ਰਹੇ ਹਨ। ਨਗਰ ਨਿਵਾਸੀਆਂ ਵਿੱਚ ਬੁਖਾਰ, ਦਸਤ ਅਤੇ ਦਮ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਇਨ੍ਹਾਂ ਸਥਿਤੀਆਂ ਦੇ ਬਾਵਜੂਦ, ਪ੍ਰਸ਼ਾਸਨ ਦੀ ਚੁੱਪ ਅਤੇ ਕਾਰਵਾਈ ਦੀ ਘਾਟ ਇੱਕ ਵੱਡਾ ਸਵਾਲ ਚੁੱਕ ਰਹੀ ਹੈ। ਇਹ ਸਥਿਤੀ ਸਿਰਫ ਸਨੌਰ ਦੇ ਨਿਵਾਸੀਆਂ ਲਈ ਹੀ ਨਹੀਂ, ਸਗੋਂ ਸਾਰੇ ਇਲਾਕੇ ਦੀ ਸਿਹਤ ਲਈ ਵੀ ਖਤਰਾ ਬਣੀ ਹੋਈ ਹੈ। ਇਸ ਦੇ ਨਿਪਟਾਰੇ ਲਈ ਤੁਰੰਤ ਧਿਆਨ ਅਤੇ ਕਾਰਵਾਈ ਦੀ ਲੋੜ ਹੈ ਤਾਂ ਕਿ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਇਆ ਜਾ ਸਕੇ।

## ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਮੈਡੀਕਲ ਕੈਂਪ ਲਗਾਇਆ



ਪਟਿਆਲਾ, 2 ਫਰਵਰੀ (ਚ.ਨ.ਸ.) : ਪੀ. ਆਰ. ਟੀ.ਸੀ. ਵਰਕਸ਼ਾਪ ਦੇ ਸਾਹਮਣੇ ਨੇੜੇ ਸਰਹੰਦੀ ਗੇਟ ਡੋਗਰਾ ਮੁਹੱਲਾ ਪਟਿਆਲਾ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੰਪਟ ਅਖੰਡ ਸਾਹਿਬ ਦੇ ਭੋਗ ਪਾਏ ਗਏ ਅਤੇ ਇਸ ਸਮਾਗਮ ਵਿੱਚ ਵਿਸ਼ਾਲ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਦੇ ਡਾਕਟਰਾਂ ਨੇ ਸ਼ਿਰਕਤ ਕੀਤੀ ਅਤੇ ਚੈਕ ਅਪ ਕੀਤਾ ਗਿਆ। ਹਾਰਟ ਦੇ ਮਾਹਿਰ ਡਾਕਟਰ ਅਰਸ਼ਦੀਪ ਸਿੰਘ ਸੰਧੂ, ਹੱਡੀਆਂ ਦੇ ਮਾਹਿਰ ਡਾਕਟਰ ਦੀਪਿੰਦਰ ਸਿੰਘ, ਬੱਚਿਆਂ ਦੇ ਮਾਹਿਰ ਡਾਕਟਰ ਪਰਮਿੰਦਰ ਸਿੰਘ ਢਿੱਲੋ ਅਤੇ ਦੰਦਾਂ ਦੇ ਮਾਹਿਰ ਡਾ. ਦੀਪ ਸਿੰਘ ਗੁਰੂ ਨਾਨਕ ਦੇਵ ਡੈਂਟਲ ਕੇਅਰ ਦੇ ਸਮੁੱਚੇ ਟੀਮ ਨੇ ਸਿਰਕਤ ਕੀਤੀ। ਡੋਗਰੇ ਮੁਹੱਲਾ ਦੀ ਸਮੂਹ ਸੰਗਤ ਵੱਲੋਂ ਅਤੇ ਮੀਰੀ ਪੀਰੀ ਖਾਲਸਾ ਸੇਵਕ ਜਥਾ ਵੱਲੋਂ ਵਿਸ਼ੇਸ਼ ਭੂਮਿਕਾ ਨਿਭਾਈ ਗਈ। ਕੈਂਪ ਦਾ ਆਯੋਜਨ ਪੀ ਐਮ ਆਰ ਏ ਸੁਸਾਇਟੀ ਵੱਲੋਂ ਕੀਤਾ ਗਿਆ। ਇਸ ਕੈਂਪ ਵਿੱਚ 150 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਪੀ ਐਮ ਆਰ ਏ ਸੋਸਾਇਟੀ ਵੱਲੋਂ ਦਵਾਈਆਂ ਮੁਫਤ ਦਿੱਤੀਆਂ ਗਈਆਂ। ਇਸ ਦੌਰਾਨ ਹਰਸ਼ ਵਾਹਨ, ਅਜੀਤ ਸਿੰਘ , ਭੰਡਾਰੀ, ਗੁਰਪ੍ਰੀਤ ਸਿੰਘ, ਨਰਿੰਦਰ ਸਿੰਘ ,ਹਰਮਨਪ੍ਰੀਤ ਸਿੰਘ ਅਤੇ ਸਮੂਹ ਮੈਂਬਰ ਹਾਜ਼ਰ ਸਨ।

## ਮਾਈ ਭਾਗੋ ਬ੍ਰਿਗੇਡ ਦਾ ਸਾਲਾਨਾ ਸਮਾਗਮ 8 ਨੂੰ

ਪਟਿਆਲਾ, 2 ਫਰਵਰੀ (ਚ.ਨ.ਸ.) : ਮਾਈ ਭਾਗੋ ਬ੍ਰਿਗੇਡ ਦੇ 21 ਸਾਲ ਪੂਰੇ ਹੋਣ 'ਤੇ 8 ਫਰਵਰੀ ਨੂੰ ਸਾਲਾਨਾ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ।ਵਿਭਿੰਨ ਸਕੂਲੀ ਟੀਮਾਂ ਜਿਨ੍ਹਾਂ ਦੇ ਸਾਰੇ ਸਾਲ ਦੌਰਾਨ ,ਕੀਰਤਨ , ਕਵਿਤਾ ,ਕੁਇਜ ਤੇ ਹੋਰ ਮੁਕਾਬਲੇ ਕਰਵਾਏ ਜਾਂਦੇ ਰਹੇ ਹਨ, ਦੀ ਚੋਣਵੀਂ ਪੇਸ਼ਕਾਰੀ ਉਪਰੰਤ ,ਇਨਾਮ ਸਨਮਾਨ ਦਿੱਤੇ ਜਾਣਗੇ । 97 ਸਾਲ ਦੀ ਉਮਰ ਵਿਚ ਵੀ ਰੰਗ ਮੰਚ ਦੀ ਸ਼ੋਭਾ ਵਧਾਉਣ ਰਹੇ ਪਦਮਸ਼੍ਰੀ ਪ੍ਰਾਣ ਸੱਭਰਵਾਲ ਨੂੰ ਵੀ ਸਨਮਾਨਿਤ ਕੀਤਾ ਜਾਣਾ ਹੈ ।

## 100 ਗ੍ਰਾਮ ਗਾਂਜਾ ਬ੍ਰਾਮਦ

ਪਟਿਆਲਾ, 2 ਫਰਵਰੀ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਰੁਪਿੰਦਰ ਸਿੰਘ ਪੁੱਤਰ ਹਰਵਿੰਦਰ ਸਿੰਘ ਵਾਸੀ ਗਲੀ ਨੰ. 12 ਮਨਜੀਤ ਨਗਰ ਪਟਿਆਲਾ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਪ੍ਰਤਾਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਭਾਖੜਾ ਕਲੋਨੀ ਪਟਿਆਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 100 ਗ੍ਰਾਮ ਗਾਂਜਾ ਬ੍ਰਾਮਦ ਹੋਇਆ।



ਜੇ.ਈ.ਅਮਰੀਕ ਸਿੰਘ ਸਬ ਡਵੀਜ਼ਨ ਪੂਰਬ ਤਕਨੀਕੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਗਣਤੰਤਰ ਦਿਵਸ ਮੌਕੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਸਨਮਾਨਿਤ ਕਰਦੇ ਹੋਏ। (ਫੋਟੋ ਦੇ ਵੇਰਵਾ : ਰੁਪਾਣਾ)

## ਅਧਿਆਪਕਾਂ ਨੂੰ ਸਮਾਜ 'ਚ ਬਣਦਾ ਸਤਿਕਾਰ ਦਿੱਤਾ ਜਾਵੇਗਾ : ਡਾ.ਵਰਮੀ



ਪਟਿਆਲਾ, 2 ਫਰਵਰੀ (ਚ.ਨ.ਸ.) : ਡੈਡੀਕੇਟਿਡ ਬ੍ਰਦਰ ਗਰੁੱਪ ਵਲੋਂ ਸਮਾਜ ਭਿਲਾਈ ਦੇ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ। ਫੈਕਟਰੀ ਏਰੀਆ ਵਿਚ ਹਰ ਰੋਜ ਲੋਕਾਂ ਨੂੰ 10 ਰੁਪਏ ਵਿਚ ਖਾਣਾ ਦਿੱਤਾ ਜਾ ਰਿਹਾ ਹੈ। ਉਹਨਾਂ ਵਲੋਂ ਡਾਕਟਰਾਂ, ਅਧਿਆਪਕਾਂ ਅਤੇ ਹੋਰ ਸਮਾਜ ਸੇਵਕਾਂ ਦਾ ਹਰੇਕ ਮਹੀਨੇ ਸਨਮਾਨ ਕੀਤਾ ਜਾ ਰਿਹਾ ਹੈ ਤਾਂ ਜੋ ਹੋਰ ਲੋਕ ਵੀ ਅੱਛੇ ਕਾਰਜਾਂ ਲਈ ਉਤਸ਼ਾਹਿਤ ਹੋਣ।ਭਾਸ਼ਾ ਵਿਭਾਗ ਵਿਖੇ ਡੈਡੀਕੇਟਿਡ ਬਰਦਰ ਗਰੁੱਪ ਵਲੋਂ ਈ ਟੀ ਯੂ ਅਤੇ ਜਨਰਲ ਬੀ ਸੀ ਅਧਿਆਪਕ ਮੰਚ ਪੰਜਾਬ ਦੇ ਪ੍ਰਧਾਨ ਮਨੋਜ ਘਈ ਅਤੇ ਪ੍ਰਵੀਨ ਸ਼ਰਮਾ ਦੇ ਸਾਹਿਯੋਗ ਨਾਲ ਬੀਤੀ ਸ਼ਾਮ ਨੂੰ 13 ਅਧਿਆਪਕਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਨ ਪਰਮਿੰਦਰ ਸਿੰਘ ਡੀ ਐਸ ਪੀ ਵਿਜੀਲੈਂਸ ਨੇ ਅਧਿਆਪਕਾਂ ਨੂੰ ਸਨਮਾਨ ਪੱਤਰ ਵੀ ਦਿੱਤੇ ।ਇਹਨਾਂ ਅਧਿਆਪਕਾਂ ਵਿਚ ਮੁੱਖ ਅਧਿਆਪਕਾ ਸਰਬਜੀਤ ਕੌਰ ਸਅਸ ਜੈ ਨਗਰ, ਦਿੱਕਸ਼ੀ ਅਰੋੜਾ ਸਅਸ ਤ੍ਰਿਪੁੜੀ,ਆਸ਼ੂ ਗੋਇਲ ਸਅਸ ਤ੍ਰਿਪੁੜੀ, ਨਾਹਰ ਸਿੰਘ ਸਅਸ ਅਰਾਈ ਮਾਜਰਾ, ਅਮਰਿੰਦਰ ਸਿੰਘ ਅਨੰਦ ਨਗਰ ਬੀ, ਪਵਨ ਕੁਮਾਰ ਸਅਸ ਰਾਊ ਮਾਜ਼ਰਾ, ਰੋਹਿਤ ਕੁਮਾਰ ਸਅਸ ਰਾਊ ਮਾਜ਼ਰਾ, ਮੈਥ ਮਿਸਟ੍ਰੈਸ ਜਯੋਤੀ ਭਾਰਦਵਾਜ ਸ ਸ ਸ ਸ ਸਨੌਰ, ਸੰਜੀਵ ਕੁਮਾਰ ਸਅਸ ਧਾਨਕਾ ਮਹੱਲਾ, ਮੰਗਾ ਸਿੰਘ ਸਅਸ ਆਕੜੀ, ਸੁਖਵਿੰਦਰ ਸਿੰਘ ਸਅਸ ਮਾਲਕਪੁਰ ਜੱਟਾਂ, ਹਰਪਾਲ ਸਿੰਘ ਸਅਸ ਢੀਂਡਸਾ, ਸ਼ਾਲੂ ਰਾਣੀ ਸਅਸ ਅਬਦਲ ਪੁਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

## ਦੇਵ ਮਾਨ ਨੇ ਭਗਤ ਰਵਿਦਾਸ ਜੀ ਦੇ ਜਨਮ ਦਿਵਸ ਮੌਕੇ ਵੱਖ-ਵੱਖ ਪਿੰਡਾਂ 'ਚ ਲਗਵਾਈ ਹਾਜ਼ਰੀ



ਨਾਭਾ, 2 ਫਰਵਰੀ (ਬਲਜਿੰਦਰ ਮਾਨ) : ਭਗਤ ਰਵਿਦਾਸ ਜੀ ਦੇ 649ਵੇ ਜਨਮ ਦਿਹਾੜੇ ਮੌਕੇ ਗੁਰਦੇਵ ਸਿੰਘ ਦੇਵਮਾਨ ਐਮ ਐਲ ਏ ਨਾਭਾ ਵੱਲੋਂ ਹਲਕਾ ਨਾਭਾ ਦੇ ਵੱਖ ਵੱਖ ਪਿੰਡਾਂ ਵਿੱਚ ਧਾਰਮਿਕ ਸਮਾਗਮਾਂ ਵਿੱਚ ਹਾਜ਼ਰੀ ਲਗਵਾਈ ਅਤੇ ਸਮੂਹ ਹਲਕਾ ਨਿਵਾਸੀਆਂ ਨੂੰ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ।ਵਿਧਾਇਕ ਦੇਵ ਮਾਨ ਵੱਲੋਂ ਪਿੰਡ ਚੌਧਰੀ ਮਾਜਰਾ , ਰਾਮਗੜ੍ਹ ਬੌੜਾਂ, ਬੌੜਾਂ ਖੁਰਦ ਕਕਰਾਲਾ , ਕੁਲਾਰਾਂ , ਸਾਧੋਹੜੀ , ਭਾਦਸੋਂ , ਚਾਸਵਾਲ ਆਦਿ ਪਿੰਡਾਂ ਅਤੇ ਸਹਿਰ ਨਾਭਾ ਵਿੱਚ ਵੱਖ ਵੱਖ ਸਮਾਗਮਾਂ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਤੇਜਿੰਦਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਧਾਰੋਕੀ , ਸੁਖਦੀਪ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰ ਮਾਜਰੀ, ਜਸਵੀਰ ਸਿੰਘ ਵਜੀਦਪੁਰ , ਦਵਿੰਦਰ ਸਿੰਘ ਕੁਲਾਰਾਂ, ਭੁਪਿੰਦਰ ਸਿੰਘ ਸਰਪੰਚ ਕਕਰਾਲਾ ਮੌਜੂਦ ਸਨ ।

## ਗਣਤੰਤਰ ਦਿਵਸ ਮੌਕੇ ਗੁਰਪ੍ਰੀਤ ਸਿੰਘ ਦਾ ਸਨਮਾਨ



ਪਟਿਆਲਾ, 2 ਫਰਵਰੀ (ਚ.ਨ.ਸ.) : 77ਵੇਂ ਗਣਤੰਤਰ ਦਿਵਸ ਮੌਕੇ ਪਟਿਆਲਾ ਵਿਖੇ ਕੈਬਨਿਟ ਮੰਤਰੀ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਹਰਜੋਤ ਸਿੰਘ ਬੈਂਸ ਵੱਲੋਂ ਗੁਰਪ੍ਰੀਤ ਸਿੰਘ ਨੂੰ ਸੋਸ਼ਲ ਤੇ ਸਮਾਜਿਕ ਵਰਕਰ ਨੂੰ ਐਵਾਰਡ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਨ੍ਹਾਂ ਦੇ ਚੰਗੇ ਕਾਰਜ ਅੱਖਾਂ ਦਾਨ, ਖ਼ੂਨਦਾਨ ਕੈਂਪ, ਫਰੀ ਮੈਡੀਕਲ, ਰੈਡ ਕਰਾਸ ਫਸਟ ਏਡ ਕੈਂਪ, ਅਪ੍ਰੇਸ਼ਨ ਸਿੰਦੂਰ ਬਾਰੇ ਜਾਗਰੂਕ, ਪੀੜਤਾਂ ਨੂੰ ਬਚਾਉਣਾ ਨਵਾਂ ਜੀਵਨ ਦੇਣਾ ਪਰਉਪਕਾਰੀ ਕਾਰਜ, ਹੜ੍ਹ ਪੀੜਤਾਂ ਦੀ ਸਹਾਇਤਾ, ਕੋਵਿਡ-19 ਦੇ ਅਧੀਨ ਵੈਕਸੀਨੇਸ਼ਨ ਕੈਂਪ ਲਗਾਏ ਗਏ ਅਤੇ ਸੋਸ਼ਲ ਕੰਮਾਂ ਵਿਚ ਯੋਗਦਾਨ ਪਾਇਆ। ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਜ਼ਿਲ੍ਹੇ ਦੇ ਸਾਰੇ ਅਧਿਕਾਰੀ ਮੌਜੂਦ ਸਨ।

## ਨੇਤਰਹੀਣ ਖਿਡਾਰੀਆਂ ਨੇ ਪਹਿਲੀ ਵਾਰ ਰਾਸ਼ਟਰੀ ਤੀਰਅੰਦਾਜ਼ੀ ਚੈਂਪੀਅਨਸ਼ਿਪ 'ਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ



ਪਟਿਆਲਾ, 2 ਫਰਵਰੀ (ਰੁਪਾਣਾ) :ਪਟਿਆਲਾ ਦੇ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐਨਆਈਐਸ) ਵਿਖੇ ਆਯੋਜਿਤ 7ਵੀਂ ਐਨਟੀਪੀਸੀ ਨੈਸ਼ਨਲ ਤੀਰਅੰਦਾਜ਼ੀ ਚੈਂਪੀਅਨਸ਼ਿਪ ਨੇ ਇੱਕ ਨਵਾਂ ਅਤੇ ਪ੍ਰੇਰਨਾਦਾਇਕ ਅਧਿਆਇ ਜੋੜਿਆ ਹੈ। ਪਹਿਲੀ ਵਾਰ, ਨੇਤਰਹੀਣ ਤੀਰਅੰਦਾਜ਼ਾਂ ਨੇ ਇਸ ਵੱਕਾਰੀ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਆਪਣੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ ਨੇਤਰਹੀਣ ਐਥਲੀਟਾਂ ਨੇ ਵਿਸ਼ੇਸ਼ ਤਕਨੀਕਾਂ ਅਤੇ ਸਿਖਲਾਈ ਰਾਹੀਂ ਸ਼ਾਨਦਾਰ ਨਿਸ਼ਾਨਾ ਸ਼ੁੱਧਤਾ ਦਾ ਪ੍ਰਦਰਸ਼ਨ ਕੀਤਾ। ਆਡੀਓ ਸੰਕੇਤਾਂ ਅਤੇ ਕੋਚਾਂ ਦੇ ਮਾਰਗਦਰਸ਼ਨ ਨਾਲ, ਇਹ ਐਥਲੀਟ ਆਤਮਵਿਸ਼ਵਾਸ ਨਾਲ ਸ਼ੂਟਿੰਗ ਕਰ ਰਹੇ ਹਨ, ਦਰਸ਼ਕਾਂ ਅਤੇ ਹੋਰ ਐਥਲੀਟਾਂ ਨੂੰ ਪ੍ਰੇਰਿਤ ਕਰ ਰਹੇ ਹਨ। ਮੀਡੀਆ ਨਾਲ ਗੱਲ ਕਰਦੇ ਹੋਏ, ਚੈਂਪੀਅਨਸ਼ਿਪ ਦੇ ਪ੍ਰਬੰਧਕ, ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਰਵਿੰਦਰ ਕੁਮਾਰ ਬਾਲੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਇੱਕ ਨੇਤਰਹੀਣ ਵਰਗ ਨੂੰ ਰਾਸ਼ਟਰੀ ਪੱਧਰ ਦੇ ਤੀਰਅੰਦਾਜ਼ੀ ਮੁਕਾਬਲੇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸਦਾ ਉਦੇਸ਼ ਇੱਕ ਸਮਾਵੇਸ਼ੀ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਅਪਾਹਜ ਖਿਡਾਰੀਆਂ ਲਈ ਇੱਕ ਰਾਸ਼ਟਰੀ ਪਲੇਟਫਾਰਮ ਪ੍ਰਦਾਨ ਕਰਨਾ ਹੈ। ਉਨ੍ਹਾਂ ਨੇ ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਲਈ ਇੱਕ ਰਾਸ਼ਟਰੀ ਪੱਧਰ ਦੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰਨ 'ਤੇ ਮਾਣ ਪ੍ਰਗਟ ਕੀਤਾ।ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਨਵਜੋਤ ਸਿੰਘ ਨੇ ਕਿਹਾ ਕਿ ਨੇਤਰਹੀਣ ਐਥਲੀਟਾਂ ਨੇ ਸਾਬਤ ਕਰ ਦਿੱਤਾ ਹੈ ਕਿ ਖੇਡਾਂ ਸਿਰਫ਼ ਅੱਖਾਂ ਨਾਲ ਨਹੀਂ, ਸਗੋਂ ਇਕਾਗਰਤਾ, ਆਤਮਵਿਸ਼ਵਾਸ ਅਤੇ ਸਖ਼ਤ ਮਿਹਨਤ ਨਾਲ ਜਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਐਥਲੀਟਾਂ ਨੇ ਸ਼ੁਰੂਆਤੀ ਦੌਰ ਵਿੱਚ ਪ੍ਰਭਾਵਸ਼ਾਲੀ ਸਕੋਰ ਪ੍ਰਾਪਤ ਕਰਕੇ ਭਵਿੱਖ ਲਈ ਮਜ਼ਬੂਤ ਦਾਅਵੇ ਸਥਾਪਿਤ ਕੀਤੇ ਹਨ।ਮੁਕਾਬਲੇ ਵਿੱਚ ਸ਼ਾਮਲ ਦਰਸ਼ਕਾਂ ਨੇ ਵੀ ਨੇਤਰਹੀਣ ਐਥਲੀਟਾਂ ਦੇ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀ ਹਿੰਮਤ ਨੂੰ ਸਲਾਮ ਕੀਤਾ। ਖੇਡ ਪ੍ਰੇਮੀਆਂ ਦਾ ਮੰਨਣਾ ਹੈ ਕਿ ਇਹ ਪਹਿਲ ਭਵਿੱਖ ਵਿੱਚ ਅਪਾਹਜ ਖਿਡਾਰੀਆਂ ਨੂੰ ਖੇਡਾਂ ਵਿੱਚ ਜੋੜਨ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ। ਰਾਸ਼ਟਰੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿੱਚ ਨੇਤਰਹੀਣ ਐਥਲੀਟਾਂ ਦੀ ਇਹ ਇਤਿਹਾਸਕ ਭਾਗੀਦਾਰੀ ਨਾ ਸਿਰਫ਼ ਭਾਰਤੀ ਖੇਡ ਜਗਤ ਲਈ ਮਾਣ ਵਾਲੀ ਗੱਲ ਹੈ ਬਲਕਿ ਇਹ ਸੰਦੇਸ਼ ਵੀ ਦਿੰਦੀ ਹੈ ਕਿ ਹਿੰਮਤ ਲਈ ਕੋਈ ਵੀ ਰੁਕਾਵਟ ਬਹੁਤ ਵੱਡੀ ਨਹੀਂ ਹੈ।ਇਸ ਮੌਕੇ ਓਲੰਪੀਅਨ, ਦਰੋਣਾਚਾਰੀਆ ਅਵਾਰਡੀ, ਅਰਜੁਨ ਐਵਾਰਡੀ ਮੁੱਖ ਮਹਿਮਾਨ ਸੰਜੀਵ ਸਿੰਘ ਦੇ ਨਾਲ ਵਿਸ਼ੇਸ਼ ਮਹਿਮਾਨ ਵਰਿੰਦਰ ਕਟਾਰੀਆ ਪ੍ਰਸਿੱਧ ਉਦਯੋਗਪਤੀ ਅਤੇ ਓਲੰਪੀਅਨ ਸੱਤਿਆਦੇਵ ਨੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਤਗਮੇ ਦੇਣ ਲਈ ਸ਼ਿਰਕਤ ਕੀਤੀ।

## ਪੀ.ਆਰ.ਟੀ.ਸੀ. ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ : ਚੇਅਰਮੈਨ ਹਰਪਾਲ ਜੁਨੇਜਾ



ਪਟਿਆਲਾ, 2 ਫਰਵਰੀ (ਚ.ਨ.ਸ.) : ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰ ਰਹੀਆ ਹਨ ਦੇ ਨੁਮਾਇੰਦਿਆਂ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਪੀ ਆਰ ਟੀ ਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਨਾਲ ਨਸ਼ਿਆਂ ਸਬੰਧੀ ਕੀਤੇ ਜਾ ਰਹੇ ਕੰਮਾਂ ਬਾਰੇ ਮੁਲਾਕਾਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਾਜਾ ਤੂਰ,ਅਕਰਮ ਖ਼ਾਨ, ਸ਼ਮੀਰ ਖ਼ਾਨ, ਪ੍ਰਤਾਪ ਸਿੰਘ,ਜੌਨ ਕਾਹਲੋਂ, ਰਾਜਵੀਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਹਰਮਨਜੀਤ ਸਿੰਘ ਰੰਧਾਵਾ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਪੀ ਆਰ ਟੀ ਸੀ ਹਰਪਾਲ ਜੁਨੇਜਾ ਨੇ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਾਇਆਂ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ। ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਪੀ ਆਰ ਟੀ ਸੀ ਦੇ ਡਰਾਈਵਰਾ ਅਤੇ ਕੰਡਕਟਰਾ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਪ੍ਰੇਰਿਤ ਕੀਤਾ ਜਾਵੇਗਾ।



# ਪਟਿਆਲਾ-ਆਸ/ਪਾਸ



## ਵਾਹਨਾਂ ’ਤੇ ਰਿਫਲੈਕਟਰ ਲਗਾ ਕੇ ਲੋਕਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਕੀਤਾ ਜਾਗਰੂਕ

➢ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਰਹੇਗੀ: ਮੇਅਰ ਕੁੰਦਨ ਗੋਗੀਆ



ਪਟਿਆਲਾ, 2 ਫਰਵਰੀ (ਰੁਪਾਣਾ) : ਸ਼ਹਿਰ ਵਿੱਚ ਸੜਕ ਹਾਦਸਿਆਂ ’ਚ ਕਮੀ ਲਿਆਉਣ ਅਤੇ ਲੋਕਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਲਗਾਤਾਰ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ । ਇਸ ਦੀ ਜਾਣਕਾਰੀ ਅੱਜ ਪਟਿਆਲਾ ਸ਼ਹਿਰ ਦੇ ਮੇਅਰ ਕੁੰਦਨ ਗੋਗੀਆ ਨੇ ਸਰਹੰਦੀ ਗੇਟ ਨੇੜੇ ਆਪਣੇ ਦਫ਼ਤਰ ਅੱਗੇ ਟੈਂਪੂ ਟਰਾਲੀਆਂ ਅਤੇ ਹੋਰ ਵੱਖ-ਵੱਖ ਵਾਹਨਾਂ ’ਤੇ ਰਿਫਲੈਕਟਰ ਲਗਾਉਣ ਦੀ ਮੁਹਿੰਮ ਦੌਰਾਨ ਦਿੱਤੀ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ 26 ਜਨਵਰੀ ਤੋਂ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ, ਜੋ ਕਿ ਹੁਣ ਵੀ ਉਪਕਾਰ ਸਿੰਘ ਦੀ ਅਗਵਾਈ ਹੇਠ ਲਗਾਤਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਸੜਕ ਸੁਰੱਖਿਆ ਕਲੱਬ ਬਣਾਉਣ ਦੀ ਸ਼ੁਰੂਆਤ ਹੋ ਚੁੱਕੀ ਹੈ, ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਟਰੈਫਿਕ ਨਿਯਮਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਮੇਅਰ ਨੇ ਕਿਹਾ ਕਿ ਪੋਸਟਰ ਮੁਕਾਬਲੇ, ਵਰਕਸ਼ਾਪਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਨੂੰ ਸੜਕ ਸੁਰੱਖਿਆ ਸੰਬੰਧੀ ਨਿਯਮਾਂ ਬਾਰੇ ਸਮਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਸੜਕ ਹਾਦਸੇ ਵਾਹਨਾਂ ’ਤੇ ਰਿਫਲੈਕਟਰ ਨਾ ਲੱਗੇ ਹੋਣ ਕਾਰਨ ਵਾਪਰਦੇ ਹਨ, ਖ਼ਾਸ ਕਰਕੇ ਰਾਤ ਦੇ ਸਮੇਂ ਇਹ ਵੱਡਾ ਕਾਰਨ ਬਣਦਾ ਹੈ। ਮੇਅਰ ਨੇ ਦੱਸਿਆ ਕਿ ਸੜਕ ਹਾਦਸਿਆਂ ਦਾ ਮੁੱਖ ਕਾਰਨ ਸਾਡੀ ਆਪਣੀ ਅਣਗਹਿਲੀ ਹੁੰਦੀ ਹੈ ਅਤੇ ਜੇਕਰ ਹਰ ਨਾਗਰਿਕ ਟਰੈਫਿਕ ਨਿਯਮਾਂ ਦੀ ਪਾਲਣਾ ਕਰੇ ਤਾਂ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਮੇਂ-ਸਮੇਂ ’ਤੇ ਕੀਤੇ ਜਾਂਦੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਰਜਿੰਦਰ ਮੋਹਨ ਮੈਂਬਰ ਖੱਤਰੀ ਅਰੋੜਾ ਭਲਾਈ ਬੋਰਡ, ਲੱਕੀ ਰਹਿਲ, ਮਿੱਡਾ , ਇੰਦਰਜੀਤ ਸਿੰਘ ਅਤੇ ਰਾਜ ਕੁਮਾਰ ਵੱਲੋਂ ਵੀ ਮੌਕੇ ’ਤੇ ਮੌਜੂਦ ਰਹੇ।

## ਸੀਨੀਅਰ ਸਿਟੀਜ਼ਨ ਕੌਂਸਲ (ਹੋਮ) ਵੱਲੋਂ ਚਾਰ ਬਜ਼ੁਰਗਾਂ ਦਾ ਸਨਮਾਨ



ਸਮਾਣਾ, 2 ਫਰਵਰੀ (ਵਿਜੈ ਕੁਮਾਰ): ਸੀਨੀਅਰ ਸਿਟੀਜ਼ਨ ਕੌਂਸਲ (ਹੋਮ) ਸਮਾਣਾ ਦੀ ਮਹੀਨਾਵਾਰ ਮੀਟਿੰਗ ਸੰਸਥਾ ਪ੍ਰਧਾਨ ਆਸਾ ਨੰਦ ਟੁਲਾਨੀ ਦੀ ਪ੍ਰਧਾਨਗੀ ’ਚ ਸਤੀ ਮਾਤਾ ਮੰਦਿਰ ’ਚ ਹੋਈ। ਮੀਟਿੰਗ ਦੌਰਾਨ ਜਿਨ੍ਹਾਂ ਮੈਂਬਰਾਂ ਚਰਨਦਾਸ, ਸੋਹਨ ਲਾਲ, ਸ਼ਿਵਰਾਮ ,ਭਥਰਿਤ ਰਾਮ ਦੇ ਜਨਮ ਦਿਨ ਜਨਵਰੀ ਮਹੀਨੇ ’ਚ ਆਏ ਸਨ । ਉਨਾਂ ਨੂੰ ਵਧਾਈ ਦਿੰਦਿਆ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੌਂਸਲ ਵਿਚ ਸ਼ਾਮਲ ਕੀਤੇ ਦੋ ਨਵੇਂ ਮੈਂਬਰਾਂ ਤੇਜਪਾਲ ਅਤੇ ਅਸ਼ੋਕ ਕੁਮਾਰ ਦਾ ਸੰਸਥਾ ਪ੍ਰਧਾਨ ਅਤੇ ਸਮੂਹ ਮੈਂਬਰਾਂ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਸੋਮ ਪ੍ਰਕਾਸ਼ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ 30 ਜਨਵਰੀ 2025 ’ਚ ਕੌਂਸਲ ਦੀ ਸਰਬਸੰਮਤੀ ਨਾਲ ਨਵੀਂ ਕਮੇਟੀ ਬਣਾਈ ਗਈ ਸੀ। ਉਸ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਕੀਤੀ ਜਾਵੇਗੀ, ਸਿਰਫ ਨਛੱਤਰ ਸਿੰਘ ਨੂੰ ਹੀ ਕੈਸ਼ੀਅਰ ਦੀ ਜਿੰਮੇਵਾਰੀ ਸੌਂਪੀ ਗਈ ਹੈ ਅਤੇ ਮਹੀਨਾਵਾਰ ਮੀਟਿੰਗ ਦੇ ਪ੍ਰਬੰਧ ਦੀ ਜਿੰਮੇਵਾਰੀ ਸੁਭਾਸ਼ ਕੈਟਰਿੰਗ ਵਾਲੇ ਨਿਭਾਉਣਗੇ। ਇਸ ਮੌਕੇ ਬਲਬੀਰ ਸਿੰਘ ਵੜੈਚ, ਸੈਕਟਰੀ ਸੁਰਿੰਦਰ ਮੈਨੇਜਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਾਰੇ ਬਜ਼ੁਰਗਾਂ ਦੀ ਤੰਦਰੁਸਤੀ ਲਈ ਕਾਮਨਾ ਕੀਤੀ। ਇਸ ਮੌਕੇ ਸੋਹਨ ਸਿੰਘ ਵਿਰਕ, ਜਗਦੀਸ਼ ਸ਼ਰਮਾ,ਰਾਕੇਸ਼ ਗੋਇਲ,ਰਾਮ ਗੋਪਾਲ , ਸੀਤਾ ਰਾਮ ਮਾਨ, ਜਗਰਾਜ ਸਿੰਘ, ਰਾਮ ਕਿਸ਼ਨ ਨਿੰਰਕਾਰੀ, ਰਾਜ ਕ੍ਰਿਸ਼ਨ, ਲੇਖ ਰਾਜ, ਪ੍ਰਗਟ ਸਿੰਘ, ਗਿਰਦਾਰੀ ਸਿੰਘ, ਅਸ਼ੋਕ ਕੁਮਾਰ , ਬਲਬੀਰ ਕੁਮਾਰ ਅਦਿ ਵੀ ਮੌਜੂਦ ਸਨ।

## ਮੇਅਰ ਤੇ ਕਮਿਸ਼ਨਰ ਵੱਲੋਂ ਮਹੀਨਾਵਾਰ ਸਮੀਖਿਆ ਮੀਟਿੰਗਾਂ, ਲੋਕ ਪੱਖੀ ਕੰਮਾਂ ਨੂੰ ਮਿਲੇਗੀ ਤਰਜ਼ੀਹ



ਪਟਿਆਲਾ, 2 ਫਰਵਰੀ (ਰੁਪਾਣਾ) : ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਅਤੇ ਨਗਰ ਨਿਗਮ ਪ੍ਰਤੀ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਕਿ ਹੁਣ ਹਰ ਮਹੀਨੇ ਲੋਕ ਪੱਖੀ ਕੰਮਾਂ ਨੂੰ ਸੁਚੱਜੇ ਅਤੇ ਸੁਖਾਵੇਂ ਢੰਗ ਨਾਲ ਤਰਜ਼ੀਹ ਦੇ ਆਧਾਰ ’ਤੇ ਅਮਲ ਵਿੱਚ ਲਿਆਂਦਾ ਜਾਵੇਗਾ। ਮੀਟਿੰਗ ਵਿੱਚ ਇਹ ਵੀ ਨਿਰਧਾਰਤ ਕੀਤਾ ਗਿਆ ਕਿ ਹਰ ਮਹੀਨੇ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨਾਲ ਵਿਸਥਾਰ ਨਾਲ ਗੱਲਬਾਤ ਕਰਕੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਤਿਆਰ ਕੀਤੀ ਜਾਵੇਗੀ। ਇਸ ਰਿਪੋਰਟ ਦੇ ਆਧਾਰ ’ਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਲੋਕਾਂ ਨਾਲ ਜੁੜੇ ਕੰਮ ਬਿਨਾਂ ਕਿਸੇ ਦੇਰੀ ਦੇ, ਆਸਾਨ ਅਤੇ ਪਹਿਲ ਦੇ ਅਧਾਰ ’ਤੇ ਨਿਪਟਾਏ ਜਾਣ। ਮੇਅਰ ਨੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਮਕਸਦ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਫ਼ਾਈ, ਸੜਕਾਂ, ਸਟ੍ਰੀਟ ਲਾਈਟਾਂ, ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ’ਤੇ ਖ਼ਾਸ ਧਿਆਨ ਦਿੱਤਾ ਜਾਵੇਗਾ। ਹਰ ਮਹੀਨੇ ਹੋਣ ਵਾਲੀ ਸਮੀਖਿਆ ਮੀਟਿੰਗ ਨਾਲ ਨਾ ਸਿਰਫ਼ ਕੰਮਾਂ ਦੀ ਗੁਣਵੱਤਾ ਵਿੱਚ ਸੁਧਾਰ ਆਵੇਗਾ, ਸਗੋਂ ਜ਼ਿੰਮੇਵਾਰੀਆਂ ਦੀ ਨਿਗਰਾਨੀ ਵੀ ਹੋਰ ਮਜ਼ਬੂਤ ਹੋਵੇਗੀ। ਕਮਿਸ਼ਨਰ ਨੇ ਕਿਹਾ ਕਿ ਮੁਲਾਜ਼ਮਾਂ ਤੋਂ ਲੀਤੀਆਂ ਜਾਣ ਵਾਲੀਆਂ ਮਹੀਨਾਵਾਰ ਰਿਪੋਰਟਾਂ ਨਾਲ ਕੰਮਕਾਜ ਵਿੱਚ ਪਾਰਦਰਸ਼ਤਾ ਆਵੇਗੀ ਅਤੇ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਵਿਧਾ ਨਗਰ ਨਿਗਮ ਦੀ ਪਹਿਲੀ ਤਰਜ਼ੀਹ ਹੈ ਅਤੇ ਹਰ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਮੀਟਿੰਗ ਦੌਰਾਨ ਮੇਅਰ ਅਤੇ ਕਮਿਸ਼ਨਰ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਪ੍ਰੋਪਰਟੀ ਟੈਕਸ ਵੀ ਸਮੇਂ ਸਿਰ ਅਦਾ ਕੀਤਾ ਜਾਵੇ, ਤਾਂ ਜੋ ਨਗਰ ਨਿਗਮ ਨੂੰ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਉਣ ਵਿੱਚ ਸਹੂਲਤ ਮਿਲ ਸਕੇ। ਉਨ੍ਹਾਂ ਕਿਹਾ ਕਿ ਟੈਕਸ ਰਾਹੀਂ ਮਿਲਣ ਵਾਲੀ ਰਕਮ ਸ਼ਹਿਰ ਦੀਆਂ ਬੁਨਿਆਦੀ ਸਹੂਲਤਾਂ ’ਤੇ ਹੀ ਖਰਚ ਕੀਤੀ ਜਾਂਦੀ ਹੈ, ਜਿਸ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲਦਾ ਹੈ। ਅੰਤ ਵਿੱਚ ਉਨ੍ਹਾਂ ਭਰੋਸਾ ਦਿੱਤਾ ਕਿ ਨਗਰ ਨਿਗਮ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਉਤਰੇਗਾ ਅਤੇ ਸ਼ਹਿਰ ਨੂੰ ਸਾਫ਼, ਸੁਥਰਾ ਅਤੇ ਵਿਕਸਤ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

## ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 2 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਮਨਦੀਪ ਸਿੰਘ ਵਾਸੀ ਪਿੰਡ ਬਲਬੇੜਾ ਵਿਰੁੱਧ ਧਾਰਾ 27,61,85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਮੰਗਤ ਸਿੰਘ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਬਲਬੇੜਾ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕੁੰਵਰ ਅਭੀਉਦੈਪ੍ਰਤਾਪ ਸਿੰਘ ਨਾਭਾ ਨੂੰ ਸੌਂਪੀ ਪੰਥਕ ਦਸਤਾਰ



ਨਾਭਾ, 2 ਫਰਵਰੀ (ਬਲਜਿੰਦਰ ਮਾਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਵੰਸ਼ਜ ਕੁੰਵਰ ਅਭੀਉਦੈਪ੍ਰਤਾਪ ਸਿੰਘ ਨਾਭਾ ਦੀ ਦਸਤਾਰਬੰਦੀ ਮੌਕੇ ਕਰਵਾਏ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਪੁੱਜੇ। ਗੁਰਦੁਆਰਾ ਸਿਰੋਪਾਓ ਸਾਹਿਬ ਹੀਰਾ ਮਹਿਲ ਨਾਭਾ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਰਾਜਾ ਭਾਨੂ ਪ੍ਰਤਾਪ ਸਿੰਘ ਅਤੇ ਰਾਣੀ ਪ੍ਰੀਤੀ ਸਿੰਘ ਨਾਭਾ ਨੂੰ ਮੁਬਾਰਕਬਾਦ ਦਿੱਤੀ ਅਤੇ ਪੰਥਕ ਰਵਾਇਤਾਂ ਮੁਤਾਬਕ ਕੁੰਵਰ ਅਭੀਉਦੈ ਪ੍ਰਤਾਪ ਸਿੰਘ ਨਾਭਾ ਨੂੰ ਪੰਥਕ ਰਵਾਇਤਾਂ ਅਨੁਸਾਰ ਦਸਤਾਰ ਭੇਟ ਕੀਤੀ। ਇਸ ਦੌਰਾਨ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਨਾਭਾ ਦੀ ਦਸਤਾਰਬੰਦੀ ਦੇ ਸਬੰਧ ਵਿੱਚ ਗੁਰਦੁਆਰਾ ਸਿਰਪਾਓ ਸਾਹਿਬ ਹੀਰਾ ਮਹਿਲ ਨਾਭਾ ਵਿਖੇ ਧਾਰਮਿਕ ਸਮਾਗਮ ਦੌਰਾਨ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਕੀਰਤਨੀ ਜਥੇ ਵੱਲੋਂ ਗੁਰਬਾਣੀ ਕੀਰਤਨ ਸਰਵਣ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਰਿਆਸਤ ਏ ਨਾਭਾ ਜੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਜੀ ਪੰਥਕ ਸੰਘਰਸ਼ ਵਿੱਚ ਅਹਿਮ ਭੂਮਿਕਾ ਰਹੀ ਹੈ ਜਿਨ੍ਹਾਂ ਨੇ ਹਮੇਸ਼ਾ ਪੰਥਕ ਹਿੱਤਾਂ ਲਈ ਸਮੇਂ-ਸਮੇਂ ’ਤੇ ਅਹਿਮ ਫੈਸਲੇ ਕੀਤੇ ਤੇ ਉਹਨਾਂ ਦੇ ਪੰਥਕ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅੱਜ ਉਹਨਾਂ ਦੇ ਵੰਸ਼ਜ ਰਾਜਾ ਭਾਨੂੰ ਪ੍ਰਤਾਪ ਸਿੰਘ ਅਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਸਪੁੱਤਰ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਨਾਭਾ ਦੀ ਦਸਤਾਰਬੰਦੀ ਮੌਕੇ ਸ਼ਿਰਕਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਸ ਕਾਰਜ ਦੀ ਮੁਬਾਰਕਬਾਦ ਦਿੱਤੀ ਹੈ। ਉਹਨਾਂ ਕਿਹਾ ਕਿ ਪੰਥ ਦੇ ਵਡਮੁੱਲੇ ਕਾਰਜਾਂ ਵਿੱਚ ਕੁੰਵਰ ਅਭੀ ਉਦੈਪ੍ਰਤਾਪ ਸਿੰਘ ਨਾਭਾ ਵੀ ਭਵਿੱਖ ਵਿੱਚ ਹਮੇਸ਼ਾ ਪੰਥਕ ਸੋਚ ਨੂੰ ਅੱਗੇ ਲਿਜਾਣ ਦਾ ਉਦਮ ਕਰੇਗਾ। ਇਸ ਮੌਕੇ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਦੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਆਤਮ ਪ੍ਰਕਾਸ਼ ਸਿੰਘ ਬੇਦੀ ਵੱਲੋਂ ਵੀ ਕੁੰਵਰ ਉਦੈਪ੍ਰਤਾਪ ਸਿੰਘ ਨਾਭਾ ਨੂੰ ਅਤੇ ਪਰਿਵਾਰਿਕ ਮੈਂਬਰਾਂ ਨੂੰ ਵੀ ਵਧਾਈ ਦਿੱਤੀ ਗਈ। ਇਸ ਦਸਤਾਰਬੰਦੀ ਮੌਕੇ ਸ਼ਹਿਰ ਦੀਆਂ ਹੋਰ ਵੀ ਪ੍ਰਮੁੱਖ ਸ਼ਖਸੀਅਤਾਂ ਸ਼ਾਮਿਲ ਰਹੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਅਤੇ ਸਟਾਫ ਮੈਂਬਰ ਵੀ ਮੌਜੂਦ ਸਨ ।

## 134 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 2 ਫਰਵਰੀ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਿੰਕੀ ਵਾਸੀ ਨੇੜੇ ਤਲਾਬ ਰੋਟੀ ਕੁੱਟ ਮੁਹੱਲਾ ਸਨੌਰੀ ਅੱਡਾ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਮੰਗਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਸਨੌਰ ਰੋਡ ਪਟਿਆਲਾ ਨੇੜੇ ਕੂੜੇ ਵਾਲੇ ਡੰਪ ਪਾਸ ਮੌਜੂਦ ਸੀ, ਜੋ ਦੋਸ਼ਣ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 134 ਖੁੱਲ੍ਹੀਆਂ ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਹੋਈਆਂ।

## ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ



ਭਾਦਸੋਂ, 2 ਫਰਵਰੀ (ਭਰਪੂਰ ਸਿੰਘ ਮੱਟਰਾਂ) : ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 649 ਵਾਂ ਜਨਮ ਦਿਹਾੜਾ ਪਿੰਡ ਅਕਾਲਗੜ੍ਹ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵਕ ਜਰਨੈਲ ਸਿੰਘ ਅਕਾਲਗੜ੍ਹ ਨੇ ਦੱਸਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਅਖੰਡ ਪਾਠ ਸਾਹਿਬ ਆਰੰਭ ਕਰਵਾ ਕੇ ਭੋਗ ਪਾਏ ਗਏ ਭੋਗ ਤੋਂ ਉਪਰੰਤ ਰਾਗੀ ਸਿੰਘਾ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਇਹ ਸਮਾਗਮ ਪਿੰਡ ਦੇ ਸਹਿਯੋਗ ਨਾਲ ਕਰਵਾਇਆ ਗਿਆ ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ ਸੇਵਾਦਾਰਾਂ ਵੱਲੋਂ ਤਨ ਮਨ ਧਨ ਨਾਲ ਸੇਵਾ ਕੀਤੀ ਗਈ। ਇਸ ਮੌਕੇ ਸਮੂਹ ਪਿੰਡ ਦੇ ਵਾਸੀ ਹਾਜ਼ਰ ਸਨ।

## ਪਬਲਿਕ ਕਾਲਜ ਸਮਾਣਾ ਦੇ ਪ੍ਰੋਫੈਸਰ ਬਲਕਾਰ ਸਿੰਘ ਨੇ ਤਿੰਨ ਸੋਨ ਤਮਗੇ ਜਿੱਤੇ




ਸਮਾਣਾ, 2 ਫਰਵਰੀ (ਵਿਜੇ ਕੁਮਾਰ) : ਪਬਲਿਕ ਕਾਲਜ ਸਮਾਣਾ ਦੇ ਪੰਜਾਬੀ ਵਿਭਾਗ ਵਿਖੇ ਸੇਵਾ ਨਿਭਾਅ ਰਹੇ ਪ੍ਰੋਫੈਸਰ ਬਲਕਾਰ ਸਿੰਘ ਨੇ ਨੈਸ਼ਨਲ ਪੱਧਰ ’ਤੇ ਤਿੰਨ ਵੱਖ-ਵੱਖ ਟਰੈਕ ਈਵੈਂਟਸ ਵਿੱਚ ਭਾਗ ਲੈਂਦਿਆਂ ਤਿੰਨ ਸੋਨ ਤਗਮੇ ਜਿੱਤੇ ਹਨ। ਉਨ੍ਹਾਂ ਨੇ 400 ਮੀਟਰ, 800 ਮੀਟਰ ਅਤੇ 4/100 ਮੀਟਰ ਰਿਲੇ ਦੌੜਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਨੇ ਇਹ ਤਗਮੇ ਅਜਮੇਰ (ਰਾਜਸਥਾਨ) ਵਿਖੇ ਮਿਤੀ 30 ਜਨਵਰੀ ਤੋਂ 02 ਫਰਵਰੀ, ਤੱਕ ਚੱਲ ਰਹੀ ਸੱਤਵੀ ਨੈਸ਼ਨਲ ਅਥਲੈਟਿਕ ਚੈਂਪੀਅਨਸ਼ਿਪ ਵਿੱਚੋ ਜਿੱਤੇ ਹਨ। ਪ੍ਰੋਫੈਸਰ ਬਲਕਾਰ ਸਿੰਘ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਅਤੇ ਸਮੂਹ ਸਟਾਫ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

## ਗਾਇਡੈਂਸ ਅਤੇ ਪਲੇਸਮੈਂਟ ਸੈੱਲ ਵੱਲੋਂ ਮੌਕ ਇੰਟਰਵਿਊ ਸੈਸ਼ਨ ਦਾ ਆਯੋਜਨ



ਪਟਿਆਲਾ, 2 ਫਰਵਰੀ (ਚ.ਨ.ਸ.) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ਼ ਐਜੂਕੇਸ਼ਨ ਪਟਿਆਲਾ ਦੇ ਗਾਇਡੈਂਸ ਅਤੇ ਪਲੇਸਮੈਂਟ ਸੈੱਲ ਵੱਲੋਂ ਮੌਕ ਇੰਟਰਵਿਊ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਇੰਟਰਵਿਊ ਪੈਨਲ ਵਿੱਚ ਡਾ. ਮਨਪ੍ਰੀਤ ਕੌਰ ਆਨੰਦ (ਅਸਿਸਟੈਂਟ ਪ੍ਰੋਫੈਸਰ ਗੈਸਟ ਫੈਕਲਿਟੀ, ਅੰਗਰੇਜ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਡਾ. ਗੁਰਜੰਟ ਸਿੰਘ (ਅਸਿਸਟੈਂਟ ਪ੍ਰੋਫੈਸਰ ਮਕੈਨਿਕਲ ਇੰਜੀ. ਵਿਭਾਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ,) ਅਤੇ ਡਾ. ਚਰਨਜੀਤ ਸਿੰਘ (ਅਸਿਸਟੈਂਟ ਪ੍ਰੋਫੈਸਰ ਮਕੈਨਿਕਲ ਇੰਜੀ. ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ )ਸ਼ਾਮਿਲ ਸਨ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮੀਤ ਕੌਰ ਆਨੰਦ ਨੇ ਆਏ ਹੋਏ ਮਹਿਮਾਨਾਂ ਨੂੰ ‘ਜੀ ਆਇਆਂ’ ਕਿਹਾ।ਉਹਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਮੌਕ ਇੰਟਰਵਿਊ ਵਿਦਿਆਰਥੀਆਂ ਦੀ ਪੇਸ਼ੇਵਰ ਸਮਰੱਥਾ ਨੂੰ ਨਿਖਾਰਨ ਵਿੱਚ ਵਡਮੁੱਲਾ ਯੋਗਦਾਨ ਦਿੰਦੀਆਂ ਹਨ। ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਕਿੱਤੇ ਦੀ ਟ੍ਰੇਨਿੰਗ ਨੂੰ ਹੋਰ ਨਿਖਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਕੀਤੇ ਗਏ ਇਸ ਤਰ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇੰਟਰਵਿਊ ਪੈਨਲ ਵੱਲੋਂ ਸਿਰਫ ਮੌਕ ਇੰਟਰਵਿਊ ਹੀ ਨਹੀਂ ਲਈ ਗਈ ਸਗੋਂ ਉਹਨਾਂ ਨੇ ਵਿਦਿਆਰਥੀਆਂ ਨੂੰ ਕੀਮਤੀ ਫੀਡਬੈਕ ਵੀ ਦਿੱਤੀ ਜਿਹੜੀ ਕਿ ਉਹਨਾਂ ਨੇ ਭਵਿੱਖ ਵਿੱਚ ਮਹੱਤਵਪੂਰਨ ਸਾਬਿਤ ਹੋਵੇਗੀ। ਅੰਤ ਵਿੱਚ ਡਾ. ਹਰਪ੍ਰੀਤ ਕੌਰ( ਕਾਲਜ ਪਲੇਸਮੈਂਟ ਸੈੱਲ ਅਫਸਰ) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਟਾਫ ਅਤੇ ਵਿਦਿਆਰਥੀਆਂ ਲਈ ਇਹੋ ਜਿਹੇ ਸ਼ਲਾਘਾਯੋਗ ਮੌਕੇ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ।

## ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਦਾ ਸਨਮਾਨ



ਭਾਦਸੋਂ, 2 ਫਰਵਰੀ (ਭਰਪੂਰ ਸਿੰਘ ਮੱਟਰਾਂ) : ਬੀਤੇ ਦਿਨੀਂ ਹਰਪਾਲ ਜੁਨੇਜਾ ਨੂੰ ਪੀ.ਆਰ.ਟੀ.ਸੀ ਦੇ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਦੌਰਾਨ ਕਰਤਾਰ ਐਗਰੋ ਦੇ ਡਾਇਰੈਕਟਰ ਮਨਜੀਤ ਸਿੰਘ ਲੌਟੇ,ਡਾਇਰੈਕਟਰ ਮਨਪ੍ਰੀਤ ਸਿੰਘ ਲੌਟੇ,ਨਗਰ ਪੰਚਾਇਤ ਭਾਦਸੋਂ ਦੇ ਪ੍ਰਧਾਨ ਮਧੂ ਬਾਲਾ ਦੇ ਸਪੁੱਤਰ ਸੈਂਕੀ ਸਿੰਗਲਾ,ਸੰਜੀਵ ਸੂਦ ਸਪੁੱਤਰ ਕੌਂਸਲਰ ਨਿਰਮਲਾ ਸੂਦ,ਯਾਦਵਿੰਦਰ ਸਿੰਘ ਲਾਡੀ ਖੱਟੜਾ ਦੀ ਅਗਵਾਈ ’ਚ ਚੇਅਰਮੈਨ ਹਰਪਾਲ ਜੁਨੇਜਾ ਦਾ ਸਨਮਾਨ ਕੀਤਾ ਗਿਆ।

## ਪ੍ਰਾਣ ਸੱਭਰਵਾਲ ਨੂੰ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮਿਲਿਆ ਰੰਗਮੰਚ ਦੀ ਸਰਪਰਸਤੀ ਲਈ ਭਰੋਸਾ



ਪਟਿਆਲਾ, 2 ਫਰਵਰੀ (ਚ.ਨ.ਸ.) :ਪਦਮ ਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ ਨੇ ਹਰਮਨ ਪਿਆਰੇ, ਸੁਹਿਰਦ ਸ਼੍ਰੀ ਹਰਜੋਤ ਸਿੰਘ ਬੈਂਸ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾ, ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੇ ਗਣਤੰਤਰ ਦਿਵਸ ਦੀ ਵਧਾਈ ਦਿੱਤੀ ਅਤੇ ਮੁਲਾਕਾਤ ਕੀਤੀ. ਸ਼੍ਰੀ ਸੱਭਰਵਾਲ ਨੇ ਦਸਿਆ ਕਿ ਪਟਿਆਲਾ ਡੀ.ਸੀ. ਸ਼੍ਰੀ ਵਰਜੀਤ ਵਾਲੀਆ ਆਈ.ਏ.ਐਸ. ਦੀ ਮੌਜੂਦਗੀ ’ਚ ਹੋਈ ਇਸ ਪਿਆਰ ਭਰੀ ਮਿਲਣੀ ਵਿੱਚ ਸ਼੍ਰੀ ਸੱਭਰਵਾਲ ਨੂੰ ਮੰਤਰੀ ਜੀ ਨੇ ਪੰਜਾਬੀ ਭਾਸ਼ਾ, ਰੰਗਮੰਚ ਅਤੇ ਸਭਿਆਚਾਰ ਦੇ ਵਿਕਾਸ ਲਈ ਸਰਪਰਸਤੀ ਦਾ ਭਰੋਸਾ ਦਿਵਾਇਆ। ਸ਼੍ਰੀ ਸੱਭਰਵਾਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੀ ਸਰਪਰਸਤੀ ਹੇਠ ਭਾਸ਼ਾ ਵਿਭਾਗ ਵੱਲੋਂ ਨਾਟਕਾਂ ਲਈ ਸਪਾਂਸਰਸ਼ਿਪ ਜਾਰੀ ਹੋਣਾ ਕਲਾਕਾਰਾਂ ਲਈ ਇਕ ਨਵੀਂ ਆਸ ਬੱਧੀ ਹੈ. ਸ਼੍ਰੀ ਸੱਭਰਵਾਲ ਨੇ ਲੋਕ ਸੰਪਰਕ ਵਿਭਾਗ ਪੰਜਾਬ ਨੂੰ ਅਪੀਲ ਕੀਤੀ ਕਿ ਉਹ ਯੁੱਧ ਨਸ਼ਿਆ ਵਿਰੁੱਧ ਆਦਿ ਸਰਕਾਰੀ ਸਕੀਮਾਂ ਦੇ ਪ੍ਰਚਾਰ ਲਈ ਨੁਕੜ ਨਾਟਕ ਸਪਾਂਸਰ ਕਰਨ. ਨਟਾਸ ਪ੍ਰਧਾਨ ਸ੍ਰ: ਜੀ.ਐਸ. ਕੱਕੜ ਅਤੇ ਸ਼੍ਰੀ ਸੱਭਰਵਾਲ ਨੇ ਨੈਸ਼ਨਲ ਥੀਏਟਰ ਆਰਟਸ ਸੁਸਾਇਟੀ (ਨਟਾਸ), ਜਿਸ ਦੇ ਸ਼੍ਰੀ ਸੱਭਰਵਾਲ ਬਾਨੀ ਅਤੇ ਡਾਇਰੈਕਟਰ ਹਨ, ਸਮੂੰਹ ਮੈਂਬਰਾਂ, ਕਲਾਕਾਰਾਂ ਵਲੋਂ ਮੰਤਰੀ ਸਾਹਿਬ ਅਤੇ ਡੀ.ਸੀ. ਪਟਿਆਲਾ ਦਾ ਧੰਨਵਾਦ ਕੀਤਾ ਅਤੇ ਸੁਖ ਸ਼ਾਂਤੀ ਅਤੇ ਸਮਰਿੱਧੀ ਲਈ ਸ਼ੁਭਇੱਛਾਵਾਂ ਭੇਂਟ ਕੀਤੀਆਂ. ਉਹਨਾਂ ਨੇ ਦਸਿਆ ਕਿ ਯੁੱਧ ਨਸ਼ਿਆਂ ਵਿਰੁੱਧੋ ਨਾਟਕ ਦੀਆਂ 37 ਪੇਸ਼ਕਾਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ 25 ਸਾਲਾ ਮਾਸਿਕ ਗਾਰਡਨ ਥੀਏਟਰ ਲਹਿਰ ਮੁਹਿੰਮ ਤਹਿਤ ਹੁਣ ਤੱਕ 281 ਮਾਸਿਕ ਗਾਰਡਨ ਨਾਟਕ ਮੇਲੇ ਆਯੋਜਿਤ ਕੀਤੇ ਜਾ ਚੁੱਕੇ ਹਨ।

## ਸੁਸਾਇਟੀ ਵੱਲੋਂ 80 ਵਿਦਿਆਰਥੀਆਂ ਨੂੰ ਬੂਟ ਤਕਸੀਮ

➢ਪ੍ਰਿੰਸੀਪਲ ਵਿਜੇ ਕਪੂਰ ਨੇ ਸੁਸਾਇਟੀ ਅਹੁਦੇਦਾਰਾਂ ਦਾ ਕੀਤਾ ਧੰਨਵਾਦ



ਪਟਿਆਲਾ, 2 ਫਰਵਰੀ (ਚ.ਨ.ਸ.) : ਆਸ਼ੀਆਨਾ ਸੋਸ਼ਲ ਸਰਵਿਸ ਸੁਸਾਇਟੀ ਸਟੇਟ ਬੈਂਕ ਆਫ਼ ਇੰਡੀਆ ਦੇ ਨਵੇਂ ਭਰਤੀ ਕੀਤੇ ਕਰਮਚਾਰੀਆਂ ਦੇ ਸਹਿਯੋਗ ਨਾਲ ਅਤੇ ਯਸ਼ ਕੁਮਾਰ ਗਰਗ, ਏਜੀਐਮ ਅਤੇ ਡਾਇਰੈਕਟਰ, ਐਸਬੀਆਈਐਲਡੀ, ਪਟਿਆਲਾ ਦੀ ਗਤੀਸ਼ੀਲ ਅਗਵਾਈ ਹੇਠ ਪੀਐਮ ਸ੍ਰੀ ਸਰਕਾਰੀ ਕੋ-ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ (ਜੂਨੀਅਰ ਵਿੰਗ), ਪਟਿਆਲਾ ਵਿਖੇ ਲਗਭਗ 80 ਬੱਚਿਆਂ ਨੂੰ ਬੂਟ ਵੰਡੇ ਗਏ।ਇਸ ਮੌਕੇ ਯਸ਼ ਕੁਮਾਰ ਗਰਗ, ਏਜੀਐਮ ਅਤੇ ਡਾਇਰੈਕਟਰ, ਐਸਬੀਆਈਐਲਡੀ, ਪਟਿਆਲਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੇਰਨਾਦਾਇਕ ਸਿੱਖਿਆ ਸਾਨੂੰ ਸਿਰਫ਼ ਰੋਜ਼ੀ-ਰੋਟੀ ਕਮਾਉਣਾ ਹੀ ਨਹੀਂ ਸਿਖਾਉਂਦੀ, ਸਗੋਂ ਬੁੱਧੀਮਤਾ, ਮੁੱਲਾਂ ਅਤੇ ਜ਼ਿੰਮੇਵਾਰੀ ਨਾਲ ਜੀਣਾ ਵੀ ਸਿਖਾਉਂਦੀ ਹੈ।ਸਨਮੀਤ ਸਿੰਘ, ਪ੍ਰਧਾਨ, ਅਸ਼ੀਆਨਾ ਸੋਸ਼ਲ ਸਰਵਿਸ ਸੋਸਾਇਟੀ ਨੇ ਨਵੇਂ ਭਰਤੀ ਕੀਤੇ ਐਸਬੀਆਈ ਸਹਿਯੋਗੀਆਂ ਦਾ ਸਵਾਗਤ ਕੀਤਾ । ਇਸ ਮੌਕੇ ਮਲਟੀਪਰਪਜ਼ ਸਕੂਲ ਦੇ ਪ੍ਰਿੰਸੀਪਲ ਵਿਜੇ ਕਪੂਰ ਨੇ ਯਸ਼ ਕੁਮਾਰ ਗਰਗ ਦਾ ਗੁਲਦਸਤਾ ਭੇਟ ਕਰਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਡਾ. ਪਰਦੀਪ ਅਰੋੜਾ, ਐਮਐਸ (ਆਰਥੋ) ਅਤੇ ਪੱਲਵੀ, ਚੀਫ਼ ਮੈਨੇਜਰ, ਐਸਬੀਆਈਐਲਡੀ ਨੂੰ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਨਰੇਸ਼ ਕੁਮਾਰ ਅਤੇ ਰਾਜ ਕੁਮਾਰ ਮਹਿਤਾ, ਆਸ਼ੀਆਨਾ ਸੋਸ਼ਲ ਸਰਵਿਸ ਸੋਸਾਇਟੀ ਦੇ ਅਹੁਦੇਦਾਰਾਂ ਨੇ ਅਮਰਜੋਤ ਸਿੰਘ ਅੰਤਰਰਾਸ਼ਟਰੀ ਰੈਫਰੀ ਅਤੇ ਬਾਸਕਟਬਾਲ ਕੋਚ ਨੂੰ ਪੰਜਾਬ ਵਿੱਚ ਖੇਡਾਂ ਦੇ ਪ੍ਰਚਾਰ, ਖ਼ਾਸ ਤੌਰ ’ਤੇ ਮਲਟੀਪਰਪਜ਼ ਸਕੂਲ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ।

## ਕੋਰਟ ’ਚ ਗਵਾਹੀ ਦੇਣ ਲਈ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਹੋਏ ਪੇਸ਼

ਪਟਿਆਲਾ, 2 ਫਰਵਰੀ (ਵਿਨੋਦ ਸ਼ਰਮਾ) : ਇੱਕ ਪੁਰਾਣੇ ਮਾਮਲੇ ਵਿੱਚ ਸੈਸ਼ਨ ਅਦਾਲਤ ਵਿੱਚ ਇੱਕ ਗਵਾਹੀ ਦੇਣ ਲਈ ਬਾਬਾ ਰਣਜੀਤ ਸਿੰਘ ਢੱਡਰੀਆ ਵਾਲੇ ਪਹੁੰਚੇ, ਲੇਕਿਨ ਅਦਾਲਤ ਨੇ ਉਨ੍ਹਾਂ ਨੂੰ ਪੇਸ਼ ਹੋਣ ਲਈ ਕੰਪਿਊਟਰ ਸੈਕਸ਼ਨ ਵਿਚ ਭੇਜ ਦਿੱਤਾ। ਕੋਰਟ ਵਿਚ ਉਹ ਆਪਣੇ ਪੂਰੇ ਜਥੇ ਨਾਲ ਪਹੁੰਚੇ ਸਨ, ਲੇਕਿਨ ਕੰਪਿਊਟਰ ਸੈਕਸ਼ਨ ਵਿਚ ਉਨ੍ਹਾਂ ਦੀ ਗਵਾਹੀ ਸਿਰਫ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਗਈ, ਬਾਕੀ ਜਥਾ ਬਾਹਰ ਖੜਾ ਰਹੇ। ਇੱਕ ਪੁਰਾਣਾ ਮਾਮਲਾ ਜੋ ਕਿ ਲੁਧਿਆਣਾ ਵਿਖੇ ਚਲ ਰਿਹਾ ਹੈ ਅਤੇ ਉਹ ਮਾਮਲਾ ਉਥੇ ਦੀ ਸੈਸ਼ਨ ਅਦਾਲਤ ਵਿਚ ਚਲ ਰਿਹਾ ਹੈ। ਸੈਸ਼ਨ ਅਦਾਲਤ ਨੇ ਉਨ੍ਹਾਂ ਨੂੰ ਡਾਇਰੈਕਸ਼ਨ ਦਿੱਤੀ ਸੀ ਕਿ ਉਹ ਪੁਰਾਣੇ ਮਾਮਲੇ ਸਬੰਧੀ ਪਟਿਆਲਾ ਦੀ ਸੈਸ਼ਨ ਅਦਾਲਤ ਵਿਚ ਪੇਸ਼ ਹੋਣ, ਲੇਕਿਨ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਉਨ੍ਹਾਂ ਦੀ ਹਾਜ਼ਰੀ ਪਈ ਹੈ, ਲੇਕਿਨ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ ਸਿਰਫ ਤਰੀਕ ਹੀ ਪਈ ਹੈ।

## ਨਸ਼ੇ ਦਾ ਸੇਵਨ ਕਰਨ ’ਤੇ ਮਾਮਲਾ ਦਰਜ

ਪਟਿਆਲਾ, 2 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਅਜੇ ਕੁਮਾਰ ਪੁੱਤਰ ਸੁਭਾਸ਼ ਕੁਮਾਰ ਵਾਸੀ ਮੁਹੱਲਾ ਦਾਰੂ ਕੁਟੀਆ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਸਤਨਾਮ ਸਿੰਘ ਸਮੇਤ ਪੁਲਿਸ ਪਾਰਟੀ ਡਕਾਲਾ ਚੂੰਗੀ ਸ਼ੀਸ਼ ਮਹਿਲ ਪਟਿਆਲਾ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਕਾਰ ਦੀ ਫੇਟ ਵੱਜਣ ਕਾਰਨ ਸਕੂਟਰੀ ਸਵਾਰ ਜ਼ਖਮੀ, ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 2 ਫਰਵਰੀ (ਵਿਜੇ ਕੁਮਾਰ) : ਸਕੂਟਰੀ ਸਵਾਰ ਨੂੰ ਟੱਕਰ ਮਾਰ ਕੇ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਸਿਟੀ ਪੁਲਿਸ ਨੇ ਇੱਕ ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਨੇ ਦੱਸਿਆ ਕਿ ਹਰੀਸ਼ ਕੁਮਾਰ (ਨਿਵਾਸੀ ਗੜ੍ਹੀ ਮੁਹੱਲਾ, ਨੇੜੇ ਕਾਲੇਸ਼ਵਰ ਮੰਦਰ, ਸਮਾਣਾ) ਵੱਲੋਂ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਅਨੁਸਾਰ, 24 ਜਨਵਰੀ ਦੀ ਸ਼ਾਮ ਨੂੰ ਉਹ ਆਪਣੀ ਸਕੂਟੀ ’ਤੇ ਸਵਾਰ ਹੋ ਕੇ ਸ਼ੇਖੋਂ ਕਲੋਨੀ ਵੱਲ ਜਾ ਰਿਹਾ ਸੀ। ਇਸ ਦੌਰਾਨ ਇੱਕ ਅਣਪਛਾਤੇ ਚਾਲਕ ਨੇ ਆਪਣੀ ਕਾਰ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਚਲਾਉਂਦੇ ਹੋਏ ਉਸ ਦੀ ਸਕੂਟਰੀ ਵਿੱਚ ਮਾਰ ਦਿੱਤੀ। ਹਾਦਸੇ ਵਿੱਚ ਜ਼ਖ਼ਮੀ ਹੋਣ ਕਾਰਨ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ, ਜਦਕਿ ਕਾਰ ਚਾਲਕ ਮੌਕੇ ਤੋਂ ਕਾਰ ਸਮੇਤ ਫ਼ਰਾਰ ਹੋ ਗਿਆ। ਪੁਲਿਸ ਅਧਿਕਾਰੀ ਅਨੁਸਾਰ ਪੁਲਿਸ ਨੇ ਕਾਰ ਦੀ ਪਛਾਣ ਕਰ ਲਈ ਹੈ ਅਤੇ ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਜਥੇਦਾਰ ਗੁਰਬਚਨ ਸਿੰਘ ਸੈਦਖੇੜੀ ਦੀ ਬੇਟੀ ਗੁਰਚਰਨ ਕੌਰ ਵਿਆਹ ਦੇ ਬੰਧਨ ’ਚ ਬੱਝੀ

➢ਸਿਮਰਨਜੀਤ ਸਿੰਘ ਨਾਲ ਗੁਰਮਰਿਆਦਾ ਅਨੁਸਾਰ ਹੋਇਆ ਆਨੰਦ ਕਾਰਜ



ਘਨੌਰ, 2 ਫਰਵਰੀ (ਰਾਜਿੰਦਰ ਸਿੰਘ ਕੰਬੋਜ/ਮਦਨ ਲਾਲ) : ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਜਥੇਦਾਰ ਗੁਰਬਚਨ ਸਿੰਘ ਸੈਦਖੇੜੀ ਦੀ ਬੇਟੀ ਗੁਰਚਰਨ ਕੌਰ ਦਾ ਵਿਆਹ ਐਨ ਆਰ ਆਈ ਸਿਮਰਨਜੀਤ ਸਿੰਘ ਪੁੱਤਰ ਤਰਸੇਮ ਸਿੰਘ ਨਾਲ ਪੂਰੀ ਗੁਰਮਰਿਆਦਾ ਅਨੁਸਾਰ ਬੜੀ ਧੂਮ-ਧਾਮ ਨਾਲ ਸੰਪੰਨ ਹੋਇਆ। ਵਿਆਹ ਸਮਾਗਮ ਬੇਦੀ ਪੈਲੇਸ ਵਿਖੇ ਕਰਵਾਇਆ ਗਿਆ, ਜਿੱਥੇ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸ਼੍ਰੋਮਣੀ ਅਕਾਲੀ ਦਲ (ਬ) ਘਨੌਰ ਦੇ ਇੰਚਾਰਜ ਸਰਬਜੀਤ ਸਿੰਘ ਝਿੰਜਰ ਪਰਿਵਾਰ ਸਮੇਤ ਪਹੁੰਚੇ ਅਤੇ ਨਵਵਿਆਹੇ ਜੋੜੇ ਨੂੰ ਆਸ਼ੀਰਵਾਦ ਦਿੱਤਾ। ਇਸ ਤੋਂ ਇਲਾਵਾ ਐਸ ਜੀ ਪੀ ਸੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਅਕਾਲੀ ਆਗੂ ਭੁਪਿੰਦਰ ਸਿੰਘ ਸੇਖੂਪੁਰ, ਮਿੰਨੀ ਸਕੱਤਰਾਲਾ ਬੂਥ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੀਤਮ ਸਿੰਘ, ਸਰਪ੍ਰਸਤ ਜੋਗਿੰਦਰਪਾਲ, ਸਕੱਤਰ ਵਿਕਾਸ ਅਨੇਜਾ, ਗੁਰਮੀਤ ਸਿੰਘ ਨੱਤ, ਸੀਨੀਅਰ ਅਕਾਲੀ ਆਗੂ ਦਵਿੰਦਰ ਸਿੰਘ ਟਹਿਲਪੁਰਾ, ਦਰਬਾਰਾ ਸਿੰਘ, ਸਾਬਕਾ ਸਰਪੰਚ ਪ੍ਰਕਾਸ਼ ਸਿੰਘ ਆਲਮਪੁਰ, ਪ੍ਰਗਟ ਸਿੰਘ, ਗੁਰਸ਼ਨਰ ਸਿੰਘ, ਤੇਜਿੰਦਰਪਾਲ ਸਿੰਘ,ਸਰਪੰਚ ਪਰਮਜੀਤ ਸਿੰਘ, ਸਾਬਕਾ ਸਰਪੰਚ ਗੁਰਮੀਤ ਸਿੰਘ, ਮਹਿੰਦਰ ਸਿੰਘ, ਬੂਟਾ ਸਿੰਘ, ਵਲੇਤ ਸਿੰਘ, ਨਿਸ਼ਾਨ ਸਿੰਘ, ਧਿਆਨ ਸਿੰਘ ਬੱਗਾ ਸਿੰਘ, ਦਲਜੀਤ ਸਿੰਘ ਲਾਡੀ ਸਮੇਤ ਕਈ ਹੋਰ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਹਾਜ਼ਰ ਸੰਗਤ ਨੇ ਨਵਜੋੜੇ ਨੂੰ ਸੁਖੀ, ਖੁਸ਼ਹਾਲ ਜੀਵਨ ਲਈ ਆਸ਼ੀਰਵਾਦ ਦਿੱਤਾ।

## 6 ਗ੍ਰਾਮ ਹੈਰੋਇਨ ਸਮੇਤ ਇੱਕ ਕਾਬੂ



ਸਮਾਣਾ, 2 ਫਰਵਰੀ (ਵਿਜੇ ਕੁਮਾਰ): ਸਿਟੀ ਪੁਲਿਸ ਨੇ ਇੱਕ ਨੌਜਵਾਨ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਜਸਪਾਲ ਸਿੰਘ ਪੁੱਤਰ ਵਿਜੇ ਕੁਮਾਰ,ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਸਿਟੀ ਪੁਲਿਸ ਇੰਚਾਰਜ ਬਲਜੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਜਜਪਾਲ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੜੈਚਾਂ ਮੋੜ ’ਤੇ ਮੌਜੂਦ ਸਨ। ਗੁਪਤ ਸੂਚਨਾ ਦੇ ਅਧਾਰ ’ਤੇ ਸਾਹਮਣੇ ਤੋਂ ਆ ਰਹੇ ਇੱਕ ਨੌਜਵਾਨ ਨੂੰ ਸ਼ੱਕ ਦੇ ਬਿਨਾਹ ’ਤੇ ਰੋਕਿਆ ਗਿਆ। ਤਲਾਸ਼ੀ ਲੈਣ ’ਤੇ ਉਸ ਦੀ ਜੇਬ ਵਿੱਚੋਂ ਇੱਕ ਪਲਾਸਟਿਕ ਦੇ ਲਿਫ਼ਾਫ਼ੇ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ, ਮੁਲਜ਼ਮ ਕੋਲੋਂ ਪੁੱਛਗਿੱਛ ਕਰਨ ਲਈ ਉਸ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

## ਉੱਘੇ ਪੰਜਾਬੀ ਵਿਦਵਾਨ ਡਾ. ਗੁਰਬਚਨ ਸਿੰਘ ਰਾਹੀ ਦਾ ਦੇਹਾਂਤ

➢ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਮਜ਼ਬੂਤ ਥੰਮ੍ਹ ਸਨ ਡਾ. ਰਾਹੀ : ਡਾ. ‘ਆਸ਼ਟ’



ਪਟਿਆਲਾ, 2 ਫਰਵਰੀ (ਚ.ਨ.ਸ.) : ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੇ ਸਰਪ੍ਰਸਤ ਡਾ. ਗੁਰਬਚਨ ਸਿੰਘ ਰਾਹੀ (90) ਦਾ ਰਾਤੀਂ ਪਟਿਆਲਾ ਵਿਖੇ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦਾ ਸਸਕਾਰ ਅੱਜ ਪਟਿਆਲਾ ਦੇ ਘਲੌੜੀ ਗੇਟ ਸਥਿਤ ਸਮਸ਼ਾਨ ਘਾਟ ਵਿਖੇ ਬਾਦ ਦੁਪਹਿਰ 2 ਵਜੇ ਕੀਤਾ ਗਿਆ। ਉਨ੍ਹਾਂ ਦੀ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਡਾ. ਸੁਖਦੀਪ ਸਿੰਘ ਨੇ ਵਿਖਾਈ. ਡਾ. ਰਾਹੀ ਪਟਿਆਲਾ ਦੇ ਇਕ ਹਸਪਤਾਲ ਵਿਚ ਜ਼ੇਰ-ਏ-ਇਲਾਜ ਸਨ। ਉਨ੍ਹਾਂ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ‘ਆਸ਼ਟ’ ਨੇ ਕਿਹਾ ਕਿ ਡਾ. ਰਾਹੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਮਜ਼ਬੂਤ ਥੰਮ੍ਹ ਸਨ। ਡਾ. ‘ਆਸ਼ਟ’ ਨੇ ਡਾ. ਰਾਹੀ ਦੇ ਸਿਰੜ,ਅਨੁਸ਼ਾਸਨਪਸੰਦੀ ਅਤੇ ਸਖਤ ਮਿਹਨਤ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਪੰਜਾਬੀ ਦੀ ਐਮ.ਏ. ਵਿਚੋਂ ਫਸਟ ਕਲਾਸ ਫਸਟ ਰਹੇ ਡਾ. ਰਾਹੀ ਨੇ ਲੰਮਾ ਸਮਾਂ ਪਹਿਲਾਂ ਭਾਸ਼ਾ ਵਿਭਾਗ, ਪੰਜਾਬ ਵਿਚ ਬਤੌਰ ਸਹਾਇਕ ਡਾਇਰੈਕਟਰ ਅਤੇ ਫਿਰ ਪੰਜਾਬ ਦੇ ਵੱਖ ਵੱਖ ਸਰਕਾਰੀ ਕਾਲਜਾਂ ਵਿਚ ਬਤੌਰ ਪ੍ਰੋਫੈਸਰ ਸੇਵਾਵਾਂ ਨਿਭਾਈਆਂ। ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਦੇ ਅਕਾਲ ਚਲਾਣੇ ’ਤੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ‘ਆਸ਼ਟ’ ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਤੋਂ ਇਲਾਵਾ ਸਰਪ੍ਰਸਤ ਬਾਬੂ ਸਿੰਘ ਰੈਹਲ, ਸੁਖਦੇਵ ਸਿੰਘ ਸ਼ਾਂਤ, ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ, ਡਾ. ਹਰਪ੍ਰੀਤ ਸਿੰਘ ਰਾਣਾ,ਸੁਖਦੇਵ ਸਿੰਘ ਚਹਿਲ, ਨਵਦੀਪ ਸਿੰਘ ਮੁੰਡੀ ਅਤੇ ਬਲਬੀਰ ਸਿੰਘ ਦਿਲਦਾਰ ਅਤੇ ਸ੍ਰੀ ਭਗਵਾਨ ਦਾਸ ਗੁਪਤਾ ਆਦਿ ਨੇ ਵੀ ਡੂੰਘੇ ਸ਼ੋਕ ਦਾ ਪ੍ਰਗਟਾਵਾ ਕੀਤਾ ਹੈ। ਅੱਜ ਡਾ. ਰਾਹੀ ਦੇ ਸਸਕਾਰ ਮੌਕੇ ਸਕੇ ਸੰਬੰਧੀਆਂ ਅਤੇ ਦੋਸਤਾਂ ਮਿੱਤਰਾਂ ਤੋਂ ਇਲਾਵਾ ਡਾ. ਗੁਰਨਾਮ ਸਿੰਘ ਪ੍ਰਭਾਤ, ਗਗਨਦੀਪ ਸਿੰਘ ਆਹੂਜਾ,ਨਾਟਕਕਾਰ ਸਤਿੰਦਰ ਸਿੰਘ ਨੰਦਾ, ਤ੍ਰਿਲੋਕ ਸਿੰਘ ਢਿੱਲੋਂ, ਗੁਰਦਰਸ਼ਨ ਸਿੰਘ ਗੁਸੀਲ ਆਦਿ ਵੀ ਸ਼ਾਮਿਲ ਸਨ।